@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 30 October 2024

VISIT: www.qaumipatrika.org
Email: qpatrika@gmail.com

Punjabi National Daily — Qaumi Patrika NO.1

ਨਵੀਂ ਦਿੱਲੀ: ਬੁੱਧਵਾਰ 30 ਅਕਤੂਬਰ 2024, 16 ਕੱਤਕ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 355, qpatrika@gmail.com ਫੋਨ : 9971359517 www.qaumipatrika.org

## ਪ੍ਰਧਾਨ ਮੰਤਰੀ ਮੋਦੀ ਨੇ ਵੰਡੇ 51,000 ਤੋਂ ਵੱਧ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ

ਨਵੀਂ ਦਿੱਲੀ 29 ਅਕਤੂਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਇੱਥੇ ਰੁਜਗਾਰ ਮੇਲੇ ਦੇ ਹਿੱਸੇ ਵਜੋਂ ਵੀਡੀਓ ਕਾਨਫਰੰਸ ਰਾਹੀਂ ਆਯੋਜਿਤ ਇਕ ਪ੍ਰੋਗਰਾਮ ਵਿਚ ਹਾਲ ਹੀ ਵਿਚ ਚੁਣੇ ਗਏ 51,000 ਤੋਂ ਵੱਧ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਵੰਡੇ। ਰੁਜਗਾਰ ਮੇਲੇ ਦਾ ਆਯੋਜਨ ਦੇਸ਼ ਭਰ ਦੇ 40 ਵੱਖ-ਵੱਖ ਸਥਾਨਾਂ 'ਤੇ ਕੀਤਾ ਗਿਆ। ਚੁਣੇ ਗਏ ਉਮੀਦਵਾਰਾਂ ਨੂੰ ਕੇਂਦਰ



ਸਰਕਾਰ ਦੇ ਵੱਖ-ਵੱਖ ਮੰਤਰਾਲਿਆਂ ਅਤੇ ਵਿਭਾਗਾਂ 'ਚ ਨਿਯੁਕਤ ਕੀਤਾ ਜਾਵੇਗਾ। ਇਨ੍ਹਾਂ ਸਾਰੇ ਨਵ-ਨਿਯੁਕਤ ਕਰਮਚਾਰੀਆਂ ਨੂੰ 'ਕਰਮਯੋਗੀ ਪੋਰਟਲ' 'ਤੇ ਉਪਲਬਧ ਆਨਲਾਈਨ ਮਾਡਿਊਲ 'ਕਰਮਯੋਗੀ ਪ੍ਰਰੰਭ' ਰਾਹੀਂ ਮੁੱਢਲੀ ਸਿਖਲਾਈ ਪ੍ਰਾਪਤ ਕਰਨ ਦਾ ਮੌਕਾ ਮਿਲੇਗਾ। ਕਰਮਯੋਗੀ ਪੋਰਟਲ 'ਤੇ 1,400 ਤੋਂ ਵੱਧ ਈ-ਲਰਨਿੰਗ ਕੋਰਸ ਉਪਲਬਧ ਹਨ ਜੋ ਨਵੇਂ ਭਰਤੀ ਕਰਨ ਵਾਲਿਆਂ ਨੂੰ ਉਨ੍ਹਾਂ ਦੀਆਂ ਭੂਮਿਕਾਵਾਂ ਨੂੰ ਪ੍ਰਭਾਵਸਾਲੀ ਢੰਗ ਨਾਲ ਨਿਭਾਉਣ ਅਤੇ ਇੱਕ ਵਿਕਸਤ ਭਾਰਤ ਦੇ ਨਿਰਮਾਣ ਲਈ ਕੰਮ ਕਰਨ ਲਈ ਲੋੜੀਂਦੇ ਹੁਨਰਾਂ ਨਾਲ ਲੈਸ ਕਰਨਗੇ।

## ਮੌਸਮ 'ਚ ਬਦਲਾਅ ਦੇ ਸੰਕੇਤ, ਇਸ ਦਿਨ ਬਰਫਬਾਰੀ ਹੋਣ ਦੀ ਸੰਭਾਵਨਾ

ਹਿਮਾਚਲ ਡੈਸਕ 29 ਅਕਤੂਬਰ। ਮੌਸਮ ਵਿਭਾਗ ਨੇ ਸੰਕੇਤ ਦਿੱਤੇ ਹਨ ਕਿ ਆਉਣ ਵਾਲੇ ਦਿਨਾਂ 'ਚ ਹਿਮਾਚਲ ਦੇ ਮੌਸਮ 'ਚ ਬਦਲਾਅ ਹੁੰਦਾ ਦਿਖਾਈ ਦੇ ਸਕਦਾ ਹੈ। ਲਾਹੌਲ-ਸਪੀਤੀ, ਕਿਨੌਰ, ਕੁੱਲੂ ਅਤੇ ਚੰਬਾ ਦੇ ਉਪਰਲੇ ਹਿੱਸਿਆਂ 'ਚ ਹਲਕੀ ਬਰਫਬਾਰੀ ਹੋਣ ਦੀ ਸੰਭਾਵਨਾ ਹੈ। ਹਾਲਾਂਕਿ ਰਾਜ ਦੇ ਹੋਰ ਹਿੱਸਿਆਂ ਵਿੱਚ ਮੌਸਮ ਖੁਸਕ ਰਹਿਣ ਦੀ ਸੰਭਾਵਨਾ ਹੈ। ਇਸ ਸਮੇਂ ਹਿਮਾਚਲ ਪ੍ਰਦੇਸ ਵਿੱਚ ਅਕਤੂਬਰ ਮਹੀਨੇ ਵਿੱਚ ਆਮ ਨਾਲੋਂ 97 ਫੀਸਦੀ ਘੱਟ ਮੀਂਹ ਪਿਆ ਹੈ। ਇਸ ਨਾਲ ਖੇਤੀਬਾੜੀ ਦਾ ਕੰਮ ਪ੍ਰਭਾਵਿਤ ਹੋ ਰਿਹਾ ਹੈ, ਖਾਸ ਕਰਕੇ ਕਣਕ ਵਰਗੀਆਂ ਫਸਲਾਂ ਦੀ ਬਿਜਾਈ ਦੇਰੀ ਨਾਲ ਹੋ ਰਹੀ ਹੈ। ਇਸ ਸਬੰਧ ਵਿਚ ਸ਼ਿਮਲਾ ਦੇ ਮੌਸਮ ਵਿਗਿਆਨ ਕੇਂਦਰ ਦੇ ਨਿਰਦੇਸਕ ਕੁਲਦੀਪ ਸ੍ਰੀਵਾਸਤਵ ਨੇ ਦੱਸਿਆ ਕਿ ਆਉਣ ਵਾਲੇ ਹਫਤੇ 'ਚ ਜ਼ਿਆਦਾਤਰ ਇਲਾਕਿਆਂ 'ਚ ਮੌਸਮ ਖੁਸਕ ਰਹੇਗਾ। ਸੂਬੇ ਵਿੱਚ ਖੁਸਕ ਮੌਸਮ ਕਾਰਨ ਦਿਨ ਵੇਲੇ ਮੌਸਮ ਸੁਹਾਵਣਾ ਬਣਿਆ ਰਹਿੰਦਾ ਹੈ। ਮੈਦਾਨੀ ਅਤੇ ਹੇਠਲੇ ਜ਼ਿਲ੍ਹਿਆਂ ਵਿੱਚ ਦਿਨ ਦਾ ਤਾਪਮਾਨ 34 ਡਿਗਰੀ ਸੈਲਸੀਅਸ ਦੇ ਆਸ-ਪਾਸ ਦਰਜ ਕੀਤਾ ਜਾ ਰਿਹਾ ਹੈ। ਹਾਲਾਂਕਿ ਘੱਟੋ-ਘੱਟ ਤਾਪਮਾਨ 'ਚ ਗਿਰਾਵਟ ਕਾਰਨ ਰਾਤ ਨੂੰ ਠੰਡ ਵਧ ਰਹੀ ਹੈ। ਕਬਾਇਲੀ ਖੇਤਰਾਂ ਵਿੱਚ ਪਾਰਾ ਜੀਰੋ ਤੋਂ ਹੇਠਾਂ ਬਣਿਆ ਹੋਇਆ ਹੈ।

# ਪੰਜਾਬ ਸਰਕਾਰ ਨੇ ਮੁਲਾਜਮਾਂ ਦੇ ਸਾਲਾਨਾ ਵਾਧੇ ਦੇ ਬਕਾਏ ਦੀ ਵੰਡ ਨੂੰ ਦਿੱਤੀ ਮਨਜ਼ੂਰੀ

**ਸਿੰਮੀ ਕੌਰ ਬੱਬਰ**

ਚੰਡੀਗੜ੍ਹ 29 ਅਕਤੂਬਰ। ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਅੱਜ ਇਥੇ ਦੱਸਿਆ ਕਿ ਸੂਬਾ ਸਰਕਾਰ ਨੇ ਪਨਬੱਸ ਕਰਮਚਾਰੀਆਂ ਨੂੰ ਉਨ੍ਹਾਂ ਦੇ ਬਕਾਏ ਅਤੇ ਤਿਉਹਾਰ ਦੇ ਐਡਵਾਂਸ ਦੀ ਸਮੇਂ ਸਿਰ ਵੰਡ ਨੂੰ ਯਕੀਨੀ ਬਣਾਇਆ ਹੈ ਅਤੇ 3,189 ਕਰਮਚਾਰੀਆਂ ਨੂੰ ਸਾਲਾਨਾ ਵਾਧੇ ਦੇ ਬਕਾਏ ਦੀ ਪਹਿਲੀ ਕਿਸਤ ਵਜੋਂ 1.15 ਕਰੋੜ ਰੁਪਏ ਜਾਰੀ ਕਰ ਦਿੱਤੇ ਗਏ ਹਨ। ਟਰਾਂਸਪੋਰਟ ਮੰਤਰੀ ਨੇ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਮੁਲਾਜਮਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਅਤੇ ਕਰਮਚਾਰੀਆਂ ਦੀਆਂ ਵਿੱਤੀ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਸਰਕਾਰ ਵੱਲੋਂ ਠੋਸ ਕਦਮ ਚੁੱਕੇ ਜਾ ਰਹੇ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪਨਬੱਸ ਨੇ ਠੇਕਾ ਆਧਾਰਤ ਅਤੇ ਆਊਟਸੋਰਸ ਕਰਮਚਾਰੀਆਂ ਲਈ ਅਕਤੂਬਰ 2022 ਤੋਂ ਅਗਸਤ 2023 ਤੱਕ ਦੇ 5 ਫੀਸਦੀ ਸਾਲਾਨਾ ਵਾਧੇ ਦੇ ਬਕਾਏ ਦੀ ਵੰਡ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਕਰਮਚਾਰੀਆਂ ਦੇ ਬਕਾਏ ਦੀ ਇਹ ਵੰਡ ਤਿੰਨ ਪੜਾਵਾਂ ਵਿਚ ਕੀਤੀ ਜਾਵੇਗੀ, ਜਿਸ ਤਹਿਤ ਲਗਭਗ 1.15 ਕਰੋੜ ਰੁਪਏ ਦੀ



ਕਿਸਤ 3,189 ਕਰਮਚਾਰੀਆਂ ਨੂੰ ਜਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਬਾਕੀ ਦੀਆਂ ਕਿਸਤਾਂ ਲਈ ਜਨਵਰੀ ਅਤੇ ਮਾਰਚ 2025 ਦੀ ਸਮਾਂ-ਸੀਮਾ ਨਿਰਧਾਰਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਤੰਬਰ 2023 ਤੋਂ ਬਾਅਦ ਕਰਮਚਾਰੀਆਂ ਦੀਆਂ ਵਧੀਆਂ ਹੋਈਆਂ ਤਨਖਾਹਾਂ ਨਿਰਧਾਰਤ ਸਮਾਂ-ਸੀਮਾ ਅੰਦਰ ਜਾਰੀ ਕੀਤੀਆਂ ਜਾ ਰਹੀਆਂ ਹਨ। ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਕਰਮਚਾਰੀਆਂ ਦੀ ਭਲਾਈ ਹਿੱਤ ਇਕ ਹੋਰ ਪਹਿਲਕਦਮੀ ਤਹਿਤ ਸਰਕਾਰ ਦੇ ਨਿਰਦੇਸਾਂ ਦੀ ਪਾਲਣਾ ਕਰਦਿਆਂ ਪਨਬੱਸ ਨੇ ਆਪਣੇ ਲਗਭਗ 4,052 ਆਊਟਸੋਰਸ ਅਤੇ ਠੇਕਾ ਆਧਾਰਤ ਕਰਮਚਾਰੀਆਂ ਨੂੰ ਤਿਉਹਾਰ ਦੇ ਐਡਵਾਂਸ ਵਜੋਂ 10,000 ਰੁਪਏ ਪ੍ਰਤੀ ਮੁਲਾਜਮ ਦੇਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਹ ਐਡਵਾਂਸ ਉਨ੍ਹਾਂ ਦੀ ਅਕਤੂਬਰ 2024 ਦੀ ਤਨਖਾਹ ਵਿਚੋਂ ਦਿੱਤਾ ਜਾਵੇਗਾ ਅਤੇ ਬਾਅਦ ਵਿਚ ਉਸੇ ਮਹੀਨੇ ਦੀ ਤਨਖਾਹ ਵਿਚੋਂ ਇਸ ਨੂੰ ਐਡਜਸਟ ਕਰ ਲਿਆ ਜਾਵੇਗਾ। ਟਰਾਂਸਪੋਰਟ ਮੰਤਰੀ ਨੇ ਕਰਮਚਾਰੀਆਂ ਦੀ ਭਲਾਈ ਲਈ ਮਾਨ ਸਰਕਾਰ ਵੱਲੋਂ ਕੀਤੇ ਜਾ ਰਹੇ ਠੋਸ ਯਤਨਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਇਹ ਪਹਿਲਕਦਮੀਆਂ ਕਰਮਚਾਰੀਆਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਕੀਤੀਆਂ ਗਈਆਂ ਹਨ।

## ਬਾਰਾਮੂਲਾ 'ਚ 20 ਕਰੋੜ ਦੀ ਹੈਰੋਇਨ ਬਰਾਮਦ, ਤਿੰਨ ਗ੍ਰਿਫਤਾਰ

ਸ੍ਰੀਨਗਰ 29 ਅਕਤੂਬਰ। ਜੰਮੂ-ਕਸਮੀਰ ਦੇ ਬਾਰਾਮੂਲਾ ਜ਼ਿਲ੍ਹੇ 'ਚ ਪੁਲਸ ਨੇ 20 ਕਰੋੜ ਰੁਪਏ ਦੀ ਕੀਮਤ ਦੀ 2.7 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ ਅਤੇ ਇਕ ਨਸਾ ਤਸਕਰੀ ਗਿਰੋਹ ਦੇ ਤਿੰਨ ਪ੍ਰਮੁੱਖ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਕ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਬੁਲਾਰੇ ਨੇ ਦੱਸਿਆ ਕਿ ਉੜੀ ਤਹਿਸੀਲ ਦੇ ਜਾਮਬੂਰ ਪੱਤਣ ਇਲਾਕੇ ਦੇ ਰਹਿਣ ਵਾਲੇ ਨਾਜ਼ਿਮ ਦੀਨ ਨਾਂ ਦੇ ਵਿਅਕਤੀ ਕੋਲੋਂ ਪਾਬੰਦੀਸੁਦਾ ਸਮੱਗਰੀ ਬਰਾਮਦ ਕੀਤੀ ਗਈ ਹੈ। ਉਸ ਨੂੰ 21 ਅਕਤੂਬਰ ਨੂੰ ਖਾਨਪੋਰਾ ਸਥਿਤ ਚੈਕ ਪੋਸਟ 'ਤੇ ਰੋਕ ਕੇ ਤਲਾਸੀ ਲਈ ਗਈ, ਜਿੱਥੋਂ ਪੋਲੀਥੀਨ ਬੈਗ 'ਚ ਲੁਕੋਈ ਗਈ 519 ਗ੍ਰਾਮ ਹੈਰੋਇਨ ਬਰਾਮਦ ਹੋਈ। ਬੁਲਾਰੇ ਨੇ ਕਿਹਾ, "ਪੁੱਛਗਿੱਛ ਦੌਰਾਨ, ਨਾਜ਼ਿਮ ਨੇ ਕਥਿਤ ਤੌਰ 'ਤੇ ਸ੍ਰੀਨਗਰ ਦੇ ਇੱਕ ਅਣਪਛਾਤੇ ਵਿਅਕਤੀ ਦੇ ਇਸਾਰੇ 'ਤੇ ਨਸੀਲੇ ਪਦਾਰਥਾਂ ਦੀ ਤਸਕਰੀ ਵਿੱਚ ਆਪਣੀ ਸਮੂਲੀਅਤ ਦਾ ਖੁਲਾਸਾ ਕੀਤਾ ਹੈ।" ਬੁਲਾਰੇ ਅਨੁਸਾਰ ਨਾਜ਼ਿਮ ਦਾ ਹਵਾਲਾ ਮੀਰ ਸਾਹਬ ਵੱਲ ਸੀ। ਨਾਜ਼ਿਮ ਮੁਤਾਬਕ ਉਸ ਨੇ ਅਤੇ ਉਸ ਦੇ ਇਕ ਸਾਥੀ ਵਕਾਰ ਅਹਿਮਦ ਖਵਾਜਾ ਨੇ 17 ਅਕਤੂਬਰ ਨੂੰ ਤੰਗਧਾਰ ਅਤੇ ਕੁਪਵਾੜਾ ਤੋਂ ਸ੍ਰੀਨਗਰ ਦੇ ਨੂਰਾ ਹਸਪਤਾਲ ਨੇੜੇ ਇਕ ਔਰਤ ਤੋਂ ਹੈਰੋਇਨ ਦੀ ਖੇਪ ਪ੍ਰਾਪਤ ਕੀਤੀ ਸੀ। ਦੋਵਾਂ ਨੇ ਆਪਣੇ ਸਥਾਨਕ ਸਾਥੀਆਂ ਵਿੱਚ ਵੰਡਣ ਲਈ ਤਸਕਰੀ ਦੇ ਸਮਾਨ ਨੂੰ ਸ੍ਰੀਨਗਰ ਤੋਂ ਹੰਦਵਾੜਾ ਲਿਜਾਣ ਲਈ ਖਵਾਜਾ ਦੀ ਕਾਰ ਦੀ ਵਰਤੋਂ ਕੀਤੀ। ਬੁਲਾਰੇ ਨੇ ਦੱਸਿਆ, "ਇਸ ਸੂਚਨਾ ਦੇ ਆਧਾਰ 'ਤੇ, ਪੁਲਸ ਨੇ ਮੈਜਿਸਟ੍ਰੇਟ ਦੀ ਸਹਾਇਤਾ ਨਾਲ, ਹੰਦਵਾੜਾ ਬਾਈਪਾਸ ਨੇੜੇ ਵਕਾਰ ਅਹਿਮਦ ਨੂੰ ਗ੍ਰਿਫਤਾਰ ਕੀਤਾ ਅਤੇ ਕਾਰ ਦੇ ਟਰੰਕ ਵਿੱਚੋਂ 475 ਗ੍ਰਾਮ ਹੈਰੋਇਨ ਵਾਲਾ ਇੱਕ ਹੋਰ ਬੈਗ ਬਰਾਮਦ ਕੀਤਾ।"

# ਮੁਡਾ ਮਨੀ ਲਾਂਡਰਿੰਗ ਮਾਮਲੇ 'ਚ ਈਡੀ ਨੇ ਫਿਰ ਤੋਂ ਮਾਰੇ ਛਾਪੇ

**ਨਵਦੀਪ ਸਿੰਘ ਸਾਹਨੀ**

ਬੈਂਗਲੂਰੂ 29 ਅਕਤੂਬਰ। ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ




ਮੈਸੂਰ ਅਰਬਨ ਡਿਵੈਲਪਮੈਂਟ ਅਥਾਰਟੀ (ਮੁਡਾ) ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਦੇ ਸਬੰਧ ਵਿੱਚ ਫਿਰ ਤੋਂ ਤਾਜਾ ਛਾਪੇਮਾਰੀ ਕੀਤੀ ਹੈ। ਇਸ ਛਾਪੇਮਾਰੀ ਦੀ ਸੂਚਨਾ ਅਧਿਕਾਰਤ ਸੂਤਰਾਂ ਵਲੋਂ ਦਿੱਤੀ ਗਈ ਹੈ। ਈਡੀ ਨੇ ਇਸ ਮਾਮਲੇ ਵਿੱਚ ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ ਖ਼ਿਲਾਫ ਐੱਫਆਈਆਰ ਦਰਜ ਕੀਤੀ ਹੈ। ਸੂਤਰਾਂ ਨੇ ਦੱਸਿਆ ਕਿ ਬੈਂਗਲੂਰੂ ਅਤੇ ਮੈਸੂਰ 'ਚ ਕਰੀਬ ਸੱਤ-ਅੱਠ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਸੰਘੀ ਏਜੰਸੀ ਨੇ 18 ਅਕਤੂਬਰ ਨੂੰ ਮੈਸੂਰ ਅਤੇ ਬੈਂਗਲੂਰੂ ਦੇ ਕੁਝ ਹੋਰ ਸਥਾਨਾਂ 'ਤੇ ਦਫਤਰ 'ਤੇ ਵੀ ਛਾਪੇਮਾਰੀ ਕੀਤੀ ਸੀ। ਉਹਨਾਂ ਨੇ ਪਿਛਲੇ ਹਫਤੇ ਬੈਂਗਲੂਰੂ ਖੇਤਰੀ ਦਫਤਰ ਵਿੱਚ ਦੇ ਕੁਝ ਹੇਠਲੇ ਪੱਧਰ ਦੇ ਅਧਿਕਾਰੀਆਂ ਤੋਂ ਵੀ ਪੁੱਛਗਿੱਛ ਕੀਤੀ ਸੀ। ਫੈਡਰਲ ਏਜੰਸੀ ਨੇ ਲੋਕਾਯੁਕਤ ਵੱਲੋਂ ਹਾਲ ਹੀ ਵਿੱਚ ਦਰਜ ਕਰਵਾਈ ਗਈ ਐੱਫਆਈਆਰ ਦਾ ਨੋਟਿਸ ਲੈਂਦਿਆਂ ਮੁੱਖ ਮੰਤਰੀ ਅਤੇ ਹੋਰਾਂ ਖ਼ਿਲਾਫ ਕੇਸ ਦਰਜ ਕਰਨ ਲਈ 30 ਸਤੰਬਰ ਨੂੰ ਐਨਫੋਰਸਮੈਂਟ ਕੇਸ ਇਨਫਰਮੇਸਨ ਰਿਪੋਰਟ (ਈਸੀਆਈਆਰ) ਦਾਇਰ ਕੀਤੀ ਸੀ। ਮੁੱਖ ਮੰਤਰੀ ਆਪਣੀ ਪਤਨੀ ਨੂੰ ਵੱਲੋਂ 14 ਪਲਾਟਾਂ ਦੀ ਅਲਾਟਮੈਂਟ ਵਿੱਚ ਬੇਨਿਯਮੀਆਂ ਦੇ ਦੋਸਾਂ ਦਾ ਸਾਹਮਣਾ ਕਰ ਰਹੇ ਹਨ। ਸਿੱਧਰਮਈਆ, ਉਨ੍ਹਾਂ ਦੀ ਪਤਨੀ ਬੀ. ਐੱਮ. ਪਾਰਵਤੀ, ਉਸ ਦੇ ਜੀਜਾ ਮੱਲਿਕਾਰਜੁਨ ਸਵਾਮੀ ਅਤੇ ਦੇਵਰਾਜੂ (ਜਿਸ ਤੋਂ ਸਵਾਮੀ ਨੇ ਜਮੀਨ ਖਰੀਦੀ ਸੀ ਅਤੇ ਪਾਰਵਤੀ ਨੂੰ ਤੋਹਫੇ ਵਜੋਂ ਦਿੱਤੀ ਸੀ) ਅਤੇ ਹੋਰਾਂ ਦੇ ਨਾਂ 27 ਸਤੰਬਰ ਨੂੰ ਮੈਸੂਰ-ਅਧਾਰਤ ਲੋਕਾਯੁਕਤ ਪੁਲਸ ਦੁਆਰਾ ਦਰਜ ਕੀਤੀ ਗਈ ਵਿੱਚ ਸਾਮਲ ਹਨ। ਲੋਕਾਯੁਕਤ ਨੇ ਹਾਲ ਹੀ ਵਿੱਚ ਪਾਰਵਤੀ ਤੋਂ ਪੁੱਛਗਿੱਛ ਕੀਤੀ ਸੀ।

## ਤੇਜਸ ਦੇ ਇੰਜਣਾਂ ਦੀ ਸਪਲਾਈ 'ਚ ਦੇਰੀ

ਨਵੀਂ ਦਿੱਲੀ 29 ਅਕਤੂਬਰ। ਸਵਦੇਸੀ ਲੜਾਕੂ ਹਵਾਈ ਜਹਾਜ ਤੇਜਸ ਦੇ ਅਪਗ੍ਰੇਡ ਕੀਤੇ ਮਾਡਲ ਤੇਜਸ ਮਾਰਕ-1 ਏ ਲਈ ਇੰਜਣਾਂ ਦੀ ਸਪਲਾਈ 'ਚ ਦੋ ਸਾਲ ਦੀ ਦੇਰੀ ਨੂੰ ਲੈ ਕੇ ਅਮਰੀਕੀ ਕੰਪਨੀ ਜੀ. ਈ. ਨੂੰ ਇਕਰਾਰਨਾਮੇ ਦੀਆਂ ਸਰਤਾਂ ਅਨੁਸਾਰ ਜੁਰਮਾਨਾ ਅਦਾ ਕਰਨਾ ਹੋਵੇਗਾ। ਤੇਜਸ ਮਾਰਕ-1 ਭਾਰਤੀ ਹਵਾਈ ਫੌਜ ਦੇ ਲੜਾਕੂ ਜਹਾਜਾਂ ਲਈ ਬਹੁਤ ਅਹਿਮ ਮੰਨਿਆ ਜਾਂਦਾ ਹੈ। ਇੰਜਣ ਮਾਰਚ 2023 'ਚ ਸਪਲਾਈ ਕੀਤੇ ਜਾਣੇ ਸਨ ਪਰ ਇਹ ਅਜੇ ਤੱਕ ਨਹੀਂ ਕੀਤੇ ਗਏ। ਜੀ. ਈ. ਨੇ ਹੁਣ ਕਿਹਾ ਹੈ ਕਿ ਅਗਲੇ ਸਾਲ ਅਪ੍ਰੈਲ ਤੋਂ ਇਨ੍ਹਾਂ ਇੰਜਣਾਂ ਦੀ ਸਪਲਾਈ ਸ਼ੁਰੂ ਕਰ ਦਿੱਤੀ ਜਾਏਗੀ। ਇਸ ਪੂਰੇ ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਉੱਚ ਪੱਧਰੀ ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਸਮੇਂ 'ਤੇ ਇੰਜਣਾਂ ਦੀ ਡਲਿਵਰੀ ਨਾ ਹੋਣ ਕਾਰਨ ਭਾਰਤ ਨੇ ਇਕਰਾਰਨਾਮੇ ਦੀਆਂ ਸਰਤਾਂ ਅਨੁਸਾਰ ਜੀ. ਈ. ਨੂੰ ਜੁਰਮਾਨਾ ਲਾਇਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਇੰਜਣਾਂ ਦੀ ਸਪਲਾਈ ਨਾ ਹੋਣ ਦਾ ਕਾਰਨ ਕੋਈ ਸਿਆਸੀ ਦਬਾਅ ਨਹੀਂ ਹੈ। ਤਕਨੀਕੀ ਕਾਰਨਾਂ ਕਰ ਕੇ ਹੀ ਸਪਲਾਈ ਨਹੀਂ ਹੋ ਸਕੀ।




## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ 'ਚ ਜਿੱਤ ਦਰਜ ਕਰ ਕੇ ਮੁੜ ਪ੍ਰਧਾਨ ਬਣਨ 'ਤੇ ਹਰਜਿੰਦਰ ਸਿੰਘ ਧਾਮੀ ਨੂੰ ਪਰਮਜੀਤ ਸਰਨਾ ਨੇ ਦਿੱਤੀ ਵਧਾਈ

ਨਵੀਂ ਦਿੱਲੀ 29 ਅਕਤੂਬਰ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦੀਆਂ ਚੋਣਾਂ 'ਚ ਬੀਬੀ ਜਗੀਰ ਕੌਰ ਨੂੰ ਹਰਾ ਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਇਕ ਵਾਰ ਫ਼ਿਰ ਤੋਂ ਸ਼੍ਰੋਮਣੀ



ਕਮੇਟੀ ਦੇ ਪ੍ਰਧਾਨ ਬਣ ਗਏ ਹਨ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਧਾਮੀ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਵੀਂ ਅੰਤ੍ਰਿੰਗ ਕਮੇਟੀ ਦੀ ਚੋਣ ਵਿੱਚ ਜੋ ਹਰਜਿੰਦਰ ਸਿੰਘ ਧਾਮੀ ਨੂੰ ਗੁਰੂ ਸਾਹਿਬ ਨੇ ਫਤਹਿ ਬਖਸੀ ਹੈ, ਇਹ ਉਨ੍ਹਾਂ ਪੰਥ ਵਿਰੋਧੀ ਤਾਕਤਾਂ ਲਈ ਸਬਕ ਹੈ, ਜਿਨ੍ਹਾਂ ਦਾ ਸਾਰਾ ਜੋਰ ਪੰਥਕ ਸਕਤੀ ਨੂੰ ਕਮਜੋਰ ਕਰ ਕੇ ਸਿੱਖ ਸੰਸਥਾਵਾਂ 'ਤੇ ਕਬਜਾ ਕਰਨ 'ਚ ਲੱਗਿਆ ਹੋਇਆ ਸੀ। ਉਨ੍ਹਾਂ ਅੱਗੇ ਕਿਹਾ ਕਿ ਜਿਸ ਤਰ੍ਹਾਂ ਦਾ ਭਾਰੀ ਸਮਰਥਨ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਹਰਜਿੰਦਰ ਸਿੰਘ ਧਾਮੀ ਦੇ ਹੱਕ ਵਿੱਚ ਦਿੱਤਾ ਹੈ, ਉਸ ਨੇ ਇੱਕ ਗੱਲ ਸਪੱਸਟ ਕਰ ਦਿੱਤੀ ਹੈ ਕਿ ਸਿੱਖ ਸਕਤੀ ਨੂੰ ਕੋਈ ਤਾਕਤ ਖੋਰਾ ਨਹੀਂ ਲੱਗਾ ਸਕਦੀ। ਉਨ੍ਹਾਂ ਕਿਹਾ, 'ਇਸ ਮੌਕੇ ਮੈਂ ਹਰਜਿੰਦਰ ਸਿੰਘ ਧਾਮੀ ਅਤੇ ਉਨ੍ਹਾਂ ਨਾਲ ਚੁਣੀ ਗਈ ਸਮੁੱਚੀ ਅੰਤ੍ਰਿੰਗ ਕਮੇਟੀ ਨੂੰ ਵਧਾਈ ਦਿੰਦਾ ਹਾਂ ਤੇ ਅਰਦਾਸ ਕਰਦਾ ਹਾਂ ਕਿ ਉਹ ਹੋਰ ਤਕੜੇ ਹੋ ਕੇ ਪੰਥ ਦੀ ਚੜ੍ਹਦੀ ਕਲਾ ਲਈ ਕਾਰਜ ਕਰਨ। ਉਨ੍ਹਾਂ ਅੱਗੇ ਕਿਹਾ, 'ਇਸ ਦੇ ਨਾਲ ਹੀ ਮੈਂ ਆਪਣੀ ਪਾਰਟੀ ਸ੍ਰੋਮਣੀ ਅਕਾਲੀ ਦਲ ਤੋਂ ਨਾਰਾਜ ਚੱਲ ਰਹੇ ਸਮੁੱਚੇ ਆਗੂਆਂ ਤੇ ਵਰਕਰਾਂ ਨੂੰ ਵੀ ਅਪੀਲ ਕਰਦਾ ਹਾਂ ਕਿ ਆਓ ਸਾਰੇ ਆਪਸੀ ਗਿਲੇ ਸ਼ਿਕਵੇ ਦੂਰ ਕਰਦੇ ਹੋਏ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਇਕਜੁਟ ਹੋਈਏ।'

## ਮਨੀ ਲਾਂਡਰਿੰਗ ਨਾਲ ਆਰਥਿਕ ਪੱਖ ਹੁੰਦੇ ਹਨ ਪ੍ਰਭਾਵਿਤ

ਚੇਨਈ 29 ਅਕਤੂਬਰ। ਮਦਰਾਸ ਹਾਈ ਕੋਰਟ ਨੇ ਕਿਹਾ ਹੈ ਕਿ ਮਨੀ ਲਾਂਡਰਿੰਗ ਆਰਥਿਕ ਪੱਖਾਂ ਨੂੰ ਪ੍ਰਭਾਵਤ ਕਰਦੀ ਹੈ। ਇਸ ਨਾਲ ਇਕ ਮਾੜਾ ਚੱਕਰ ਪੈਦਾ ਹੁੰਦਾ ਹੈ ਜੋ ਆਮ ਆਦਮੀ 'ਤੇ ਉਲਟ ਪ੍ਰਭਾਵ ਪਾਉਂਦਾ ਹੈ, ਇਸ ਲਈ ਅਪਰਾਧਾਂ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਦਾਇਰ ਪਟੀਸਨ ਨੂੰ ਮਨਜ਼ੂਰੀ ਦਿੰਦਿਆਂ ਜਸਟਿਸ ਐੱਸ. ਐੱਮ. ਸੁਬਰਾਮਨੀਅਮ ਤੇ ਵੀ. ਸ਼ਿਵਗਨਨਮ ਦੇ ਡਵੀਜਨ ਬੈਂਚ ਨੇ ਲਾਟਰੀ ਕਾਰੋਬਾਰੀ ਐੱਸ. ਮਾਰਟਿਨ ਤੇ ਤਿੰਨ ਹੋਰਨਾਂ ਵਿਰੁੱਧ ਕੇਂਦਰੀ ਅਪਰਾਧ ਸਾਖਾ (ਸੀ. ਸੀ. ਬੀ.) ਵੱਲੋਂ ਦਾਇਰ 'ਕਲੋਜਰ ਰਿਪੋਰਟ' ਨੂੰ ਪ੍ਰਵਾਨ ਕਰਦੇ ਹੋਏ ਇਕ ਸਥਾਨਕ ਅਦਾਲਤ ਦੇ ਹੁਕਮ ਨੂੰ ਰੱਦ ਕਰ ਦਿੱਤਾ। 7 ਕਰੋੜ ਰੁਪਏ ਜਬਤ ਕਰਨ ਤੋਂ ਬਾਅਦ ਸੀ. ਸੀ. ਬੀ. ਨੇ ਮਾਰਟਿਨ ਤੇ ਹੋਰਨਾਂ ਵਿਰੁੱਧ ਮਾਮਲਾ ਦਰਜ ਕੀਤਾ ਸੀ। ਇਸ ਪਿੱਛੋਂ ਈ. ਡੀ. ਨੇ ਮਨੀ ਲਾਂਡਰਿੰਗ ਰੋਕੂ ਐਕਟ ਅਧੀਨ ਕੇਸ ਦਰਜ ਕੀਤਾ। ਬੈਂਚ ਨੇ ਕਿਹਾ ਕਿ ਸਥਾਪਿਤ ਤੱਥ ਤੇ ਕਾਨੂੰਨੀ ਸਥਿਤੀ ਸਾਨੂੰ ਇਸ ਸਿੱਟੇ 'ਤੇ ਲਿਜਾਂਦੇ ਹਨ ਕਿ ਸੀ. ਸੀ. ਬੀ. ਵੱਲੋਂ 14 ਨਵੰਬਰ, 2022 ਨੂੰ ਦਾਇਰ ਕੀਤੀ ਗਈ ਕਲੋਜਰ ਰਿਪੋਰਟ ਨੂੰ ਰੱਦ ਕਰ ਦਿੱਤਾ ਜਾਵੇ। ਬੈਂਚ ਨੇ ਕਿਹਾ ਕਿ ਇਹ ਅਹਿਮ ਹੈ ਕਿ ਰਾਜ ਅਤੇ ਕੇਂਦਰੀ ਜਾਂਚ ਏਜੰਸੀਆਂ ਇਹ ਯਕੀਨੀ ਬਣਾਉਣ ਲਈ ਨਿਰਪੱਖ ਤੇ ਸਾਵਧਾਨੀ ਨਾਲ ਕੰਮ ਕਰਨ ਕਿ ਪੀ. ਐੱਮ. ਐੱਲ. ਏ. ਦੇ ਮੰਤਵਾਂ ਨੂੰ ਸੁਰੱਖਿਅਤ ਰੱਖਿਆ ਜਾਵੇ।

# ਕਾਂਗਰਸ ਦੀ ਝਾਰਖੰਡ ਇਕਾਈ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਭਾਜਪਾ 'ਚ ਸ਼ਾਮਲ

**ਤੇਜਿੰਦਰ ਕੌਰ ਬੱਬਰ**

ਰਾਂਚੀ 29 ਅਕਤੂਬਰ। ਕਾਂਗਰਸ ਦੀ ਝਾਰਖੰਡ ਇਕਾਈ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਮਾਨਸ ਸਿਨਹਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੋਮਵਾਰ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਚ ਸਾਮਲ ਹੋ ਗਏ। ਭਾਜਪਾ ਦੀ ਝਾਰਖੰਡ ਇਕਾਈ ਦੇ ਕਾਰਜਕਾਰੀ ਪ੍ਰਧਾਨ ਰਵਿੰਦਰ ਰਾਏ ਅਤੇ ਆਸਾਮ ਦੇ ਮੁੱਖ ਮੰਤਰੀ ਹਿਮੰਤ ਵਿਸਵ ਸਰਮਾ ਨੇ ਪਾਰਟੀ ਹੈੱਡ ਕੁਆਰਟਰ 'ਚ ਇਕ ਸਮਾਰੋਹ ਦੌਰਾਨ ਉਨ੍ਹਾਂ ਦਾ ਪਾਰਟੀ 'ਚ ਸਵਾਗਤ ਕੀਤਾ। ਪਾਰਟੀ 'ਚ ਸ਼ਾਮਲ ਹੋਣ ਤੋਂ ਬਾਅਦ ਸਿਨਹਾ ਨੇ ਕਿਹਾ,"ਮੈਂ ਪਿਛਲੇ 27 ਸਾਲਾਂ ਤੋਂ ਕਾਂਗਰਸ ਪਾਰਟੀ ਦੀ ਸੇਵਾ ਕੀਤੀ ਹੈ ਅਤੇ ਵੱਖ-ਵੱਖ ਅਹੁਦਿਆਂ 'ਤੇ ਕੰਮ ਕੀਤਾ ਹੈ ਪਰ ਪਾਰਟੀ 'ਚ ਸਮਰਪਿਤ ਵਰਕਰਾਂ ਦਾ ਕੋਈ ਸਨਮਾਨ ਨਹੀਂ ਰਹਿ ਗਿਆ ਹੈ। ਇਸ ਲਈ ਮੈਂ ਭਾਜਪਾ ਵਿਚ ਸਾਮਲ ਹੋਣ ਦਾ ਫੈਸਲਾ ਕੀਤਾ।" ਸਿਨਹਾ ਨੇ



ਕਿਹਾ ਕਿ ਉਨ੍ਹਾਂ ਨੇ ਕਾਂਗਰਸ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ। ਆਸਾਮ ਦੇ ਮੁੱਖ ਮੰਤਰੀ ਨੇ ਦੋਸ ਲਾਇਆ ਕਿ ਕਾਂਗਰਸ 'ਚ ਉਨ੍ਹਾਂ ਵਰਕਰਾਂ ਦੀ ਕੋਈ ਮਹੱਤਤਾ ਨਹੀਂ ਹੈ, ਜਿਨ੍ਹਾਂ ਨੇ ਪਾਰਟੀ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਿਨਹਾ ਦੇ ਤਜਰਬੇ ਨੂੰ ਸੂਬਾ ਪੱਧਰ 'ਤੇ ਪਾਰਟੀ ਨੂੰ ਮਜਬੂਤ ਕਰਨ ਅਤੇ ਚੋਣਾਂ ਜਿੱਤਣ ਲਈ ਵਰਤਿਆ ਜਾਵੇਗਾ। ਸਰਮਾ ਨੇ ਦੋਸ ਲਾਇਆ ਕਿ ਕਾਂਗਰਸ ਪਾਰਟੀ 'ਚ ਚੋਣਾਂ ਲਈ ਟਿਕਟਾਂ ਤਿੰਨ ਮਾਪਦੰਡਾਂ ਦੇ ਆਧਾਰ 'ਤੇ ਦਿੱਤੀਆਂ ਜਾਂਦੀਆਂ ਹਨ। ਪਹਿਲਾ- ਪਾਰਟੀ ਨੂੰ ਪੈਸੇ ਦੀ ਪੇਸਕਸ, ਦੂਜਾ- ਵਿਧਾਇਕ, ਸੰਸਦ ਮੈਂਬਰ ਜਾਂ ਮੰਤਰੀ ਦੇ ਵੱਕਾਰੀ ਪਰਿਵਾਰਾਂ ਨਾਲ ਜੁੜਿਆ ਹੋਣਾ ਅਤੇ ਤੀਜਾ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ ਅਪਸ਼ਬਦ ਕਹਿਣਾ। ਝਾਰਖੰਡ ਮੁਕਤੀ ਮੋਰਚਾ (ਜੇਐੱਮਐੱਮ) ਵੱਲੋਂ ਝਾਰਖੰਡ ਦੇ ਮੁੱਖ ਚੋਣ ਅਧਿਕਾਰੀ (ਸੀਈਓ) ਨੂੰ ਹਟਾਉਣ ਦੀ ਮੰਗ ਦੇ ਸਵਾਲ 'ਤੇ ਸਰਮਾ ਨੇ ਕਿਹਾ ਕਿ ਇਹ ਸਾਇਦ ਪਹਿਲੀ ਵਾਰ ਹੈ ਜਦੋਂ ਸੱਤਾਧਾਰੀ ਪਾਰਟੀ ਕਿਸੇ ਅਧਿਕਾਰੀ ਨੂੰ ਹਟਾਉਣ ਦੀ ਮੰਗ ਕਰ ਰਹੀ ਹੈ। ਸਰਮਾ ਨੇ ਕਿਹਾ,"ਇਹ ਅਧਿਕਾਰੀ ਸੱਤਾਧਾਰੀ ਸਰਕਾਰ ਦੁਆਰਾ ਨਿਯੁਕਤ ਕੀਤਾ ਗਿਆ ਹੈ।

## ਵੀਜ਼ਾ ਇਮੀਗ੍ਰੇਸ਼ਨ ਕੰਪਨੀ ਨੇ 70 ਲੱਖ ਦੀ ਠੱਗੀ ਮਾਰੀ

ਚੰਡੀਗੜ੍ਹ 29 ਅਕਤੂਬਰ। ਸਟੱਡੀ ਵੀਜ਼ਾ ਲਗਵਾਉਣ ਦੇ ਨਾਂ 'ਤੇ ਸੈਕਟਰ-17 ਸਥਿਤ ਵਰਲਡ ਵੀਜ਼ਾ ਇਮੀਗ੍ਰੇਸ਼ਨ ਕੰਪਨੀ ਦੇ ਮਾਲਕ ਨੇ ਫ਼ਤਿਹਗੜ੍ਹ ਸਾਹਿਬ ਦੇ ਵਸਨੀਕ ਨਾਲ 69 ਲੱਖ 31 ਹਜ਼ਾਰ ਰੁਪਏ ਦੀ ਠੱਗੀ ਮਾਰੀ। ਲੱਖਾਂ ਰੁਪਏ ਲੈਣ ਤੋਂ ਬਾਅਦ ਨਾ ਤਾਂ ਸ਼ਿਕਾਇਤਕਰਤਾ ਦੀ




ਕੁੜੀ ਦਾ ਵੀਜ਼ਾ ਲਗਵਾਇਆ ਗਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ ਗਏ। ਸੈਕਟਰ-17 ਥਾਣੇ ਦੀ ਪੁਲਸ ਨੇ ਹਰਦੀਪ ਸਿੰਘ ਦੀ ਸ਼ਿਕਾਇਤ 'ਤੇ ਇਮੀਗ੍ਰੇਸ਼ਨ ਕੰਪਨੀ ਦੇ ਮਾਲਕ ਖ਼ੁਸ਼ਪਾਲ ਸਿੰਘ, ਗੁਰਮੇਲ ਸਿੰਘ, ਵਿਨੈ ਤੇ ਹੋਰਨਾਂ ਖ਼ਿਲਾਫ਼ ਧੋਖਾਧੜੀ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਸੈਕਟਰ-46 ਦੇ ਵਸਨੀਕ ਹਰਦੀਪ ਸਿੰਘ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਨੇ ਕੁੜੀ ਦਾ ਵਰਕ ਵੀਜ਼ਾ ਲਗਵਾਉਣਾ ਸੀ। ਇਸ ਲਈ ਉਹ ਸੈਕਟਰ-17 ਸਥਿਤ ਵਰਲਡ ਵੀਜ਼ਾ ਇਮੀਗ੍ਰੇਸ਼ਨ ਕੰਪਨੀ ਦੇ ਮਾਲਕ ਖ਼ੁਸ਼ਪਾਲ ਸਿੰਘ, ਗੁਰਮੇਲ ਸਿੰਘ, ਵਿਨੈ ਤੇ ਹੋਰ ਕਰਮਚਾਰੀਆਂ ਨੂੰ ਮਿਲਿਆ। ਉਨ੍ਹਾਂ ਨੇ ਵੀਜ਼ਾ ਲਗਵਾਉਣ ਦੇ ਵੱਖ-ਵੱਖ ਖਰਚਿਆਂ ਦੇ ਨਾਂ 'ਤੇ 69 ਲੱਖ 31 ਹਜ਼ਾਰ ਰੁਪਏ ਲਏ ਅਤੇ 2 ਮਹੀਨਿਆਂ 'ਚ ਵੀਜ਼ਾ ਲਗਵਾਉਣ ਦਾ ਵਾਅਦਾ ਕੀਤਾ, ਪਰ ਵੀਜ਼ਾ ਨਹੀਂ ਮਿਲਿਆ। ਉਨ੍ਹਾਂ ਨੇ ਮਾਮਲੇ ਦੀ ਸੂਚਨਾ ਪੁਲਸ ਨੂੰ ਦਿੱਤੀ।

# ਜੂਏ 'ਚ ਹਾਰ ਬਰਦਾਸ਼ਤ ਨਹੀਂ ਕਰ ਸਕਿਆ ਗੈਂਗਸਟਰ, ਜਿੱਤਣ ਵਾਲੇ ਤੋਂ ਲੁੱਟੇ 7 ਲੱਖ ਤੇ ਰਿਵਾਲਵਰ

ਲੁਧਿਆਣਾ 29 ਅਕਤੂਬਰ। ਦੀਵਾਲੀ ਨੇੜੇ ਆਉਂਦੇ ਹੀ ਜੂਏ ਦਾ ਦੌਰ ਪੂਰੇ ਮਹਾਨਗਰ 'ਚ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ। ਆਏ ਦਿਨ ਹੋਟਲਾਂ, ਕੰਪਲੈਕਸਾਂ ਅਤੇ ਹੋਰ ਟਿਕਾਣਿਆਂ 'ਤੇ ਹਾਰ ਜਿੱਤ ਤੋਂ ਬਾਅਦ ਕੁੱਟਮਾਰ ਦੇ ਮਾਮਲੇ ਹੋ ਰਹੇ ਹਨ, ਜਿਨ੍ਹਾਂ 'ਚੋਂ ਇੱਕਾ-ਦੁੱਕਾ ਕੇਸ ਹੀ ਪੁਲਸ ਤੱਕ ਪੁੱਜ ਪਾਉਂਦੇ ਹਨ। ਅਜਿਹਾ ਹੀ ਇਕ ਮਾਮਲਾ ਥਾਣਾ ਦਰੇਸੀ ਨੇੜੇ ਸ਼ਿਵਪੁਰੀ ਦਾ ਹੈ, ਜਦੋਂ ਜਲੰਧਰ ਦਾ ਇਕ ਵਿਅਕਤੀ ਜੂਏ 'ਚ ਪੈਸੇ ਜਿੱਤ ਕੇ ਦੋਸਤਾਂ ਦੇ ਨਾਲ ਘਰ ਪਰਤ ਰਿਹਾ ਸੀ ਤਾਂ ਜੂਏ 'ਚ ਹਾਰਨ ਵਾਲੇ ਗੈਂਗਸਟਰ ਨੇ ਜਿੱਤਣ ਵਾਲੀ ਧਿਰ ਨੂੰ ਸ਼ਿਵਪੁਰੀ ਦੇ ਕੋਲ ਘੇਰ ਲਿਆ ਅਤੇ 7 ਲੱਖ ਰੁਪਏ ਅਤੇ ਇਕ ਲਾਇਸੈਂਸੀ ਰਿਵਾਲਵਰ ਲੁੱਟ ਲਈ। ਘਟਨਾ ਵੀਰਵਾਰ ਰਾਤ ਦੀ ਹੈ। ਰੁਪਏ ਦੇਣ ਤੋਂ ਬਾਅਦ ਅਤੇ ਇਕ ਦਿਨ ਦੇ ਚਿੰਤਨ ਮੰਥਨ ਤੋਂ ਬਾਅਦ ਜਲੰਧਰ ਨਿਵਾਸੀ ਅਜੇ ਕੁਮਾਰ ਨੇ ਲੁਧਿਆਣਾ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਘਟਨਾ ਦੀ ਜਾਣਕਾਰੀ ਦਿੱਤੀ, ਜਿਸ ਤੋਂ ਬਾਅਦ ਪੁਲਸ ਨੇ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਇਕ ਵਿਅਕਤੀ ਮਯੰਕ ਖੰਨਾ ਨਿਵਾਸੀ ਹਰਗੋਬਿੰਦ ਨਗਰ ਨੂੰ ਕਾਬੂ ਕੀਤਾ ਹੈ, ਜਦੋਂਕਿ ਰਿਸ਼ਭ ਬੈਨੀਪਾਲ ਉਰਫ ਨਾਨੂ ਨਿਵਾਸੀ ਧਰਮਪੁਰਾ, ਇਸ਼ਾਂਤ ਛੱਤਵਾਲ ਨਿਵਾਸੀ ਸੁਭਾਨੀ ਬਿਲਡਿੰਗ ਅਤੇ ਦਮਨ ਖੁਰਾਣਾ ਨਿਵਾਸੀ ਨੇੜੇ ਸਿਵਲ ਹਸਪਤਾਲ ਸਮੇਤ 4 ਅਣਪਛਾਤੇ ਵਿਅਕਤੀਆਂ



ਖਿਲਾਫ ਵੱਖ-ਵੱਖ ਅਪਰਾਧਿਕ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਜਾਣਕਾਰੀ ਮੁਤਾਬਕ ਥਾਣਾ ਡਵੀਜ਼ਨ ਨੰ. 3 ਦੇ ਇਲਾਕੇ 'ਚ ਸਥਿਤ ਇਕ ਕੰਪਲੈਕਸ 'ਚ ਗੈਂਗਸਟਰ ਨਾਨੂ ਅਤੇ ਜਲੰਧਰ ਦੇ ਅਜੇ ਕੁਮਾਰ 'ਚ ਜੂਏ ਦੇ ਦਾਅ ਲੱਗ ਰਹੇ ਸਨ। ਨਾਨੂ ਭਾਰੀ ਮਾਤਰਾ 'ਚ ਪੈਸੇ ਹਾਰ ਗਿਆ। ਜਿੱਤ ਦਰਜ ਕਰਨ ਤੋਂ ਬਾਅਦ ਅਜੇ ਆਪਣੇ ਦੋਸਤਾਂ ਨਾ ਫਾਰਚਿਊਨਰ ਕਾਰ 'ਚ ਜਲੰਧਰ ਵੱਲ ਰਵਾਨਾ ਹੋਇਆ। ਨਾਨੂ ਨੂੰ ਹਾਰ ਬਰਦਾਸ਼ਤ ਨਹੀਂ ਹੋਈ ਤਾਂ ਉਹ ਆਪਣੇ ਸਾਥੀਆਂ ਨੂੰ ਲੈ ਕੇ ਅਜੇ ਦਾ ਪਿੱਛਾ ਕਰਨ ਲੱਗਾ। ਨਾਨੂ ਅਤੇ ਉਸ ਦੇ ਦੋਸਤਾਂ ਨੇ ਕਰੇਟਾ ਕਾਰ ਨੂੰ ਅਜੇ ਦੀ ਫਾਰਚਿਊਨਰ ਕਾਰ ਦੇ ਅੱਗੇ ਲਗਾ ਦਿੱਤਾ ਅਤੇ ਗੱਡੀ 'ਚ ਬੈਠ ਗਏ। ਨਾਨੂ ਨੇ ਅਜੇ ਦੇ ਬੈਗ 'ਚ ਪਏ 3 ਲੱਖ ਰੁਪਏ ਲੁੱਟ ਲਏ ਅਤੇ ਉਸ ਦੇ ਦੋਸਤ ਕਨਿਸ਼ਕ ਗੁਪਤਾ ਦਾ ਲਾਇਸੈਂਸੀ ਰਿਵਾਲਵਰ ਖੋਹ ਲਿਆ। ਮੁਲਜ਼ਮ ਜਾਨ ਬਖ਼ਸ਼ਣ ਬਦਲੇ 15 ਲੱਖ ਰੁਪਏ ਦੀ ਮੰਗ ਕਰਨ ਲੱਗੇ, ਜਿਸ ਤੋਂ ਬਾਅਦ ਜਾਨ ਬਚਾਉਣ ਲਈ ਉਸ ਨੇ ਆਪਣੇ ਦੋਸਤ ਹਰਪ੍ਰੀਤ ਨੂੰ ਕਾਲ ਕਰ ਕੇ 5 ਲੱਖ ਰੁਪਏ ਮੰਗਵਾਏ ਅਤੇ ਨਾਨੂ ਅਤੇ ਉਸ ਦੇ ਦੋਸਤਾਂ ਨੂੰ ਦਿੱਤੇ। ਘਟਨਾ ਤੋਂ ਬਾਅਦ ਮੁਲਜ਼ਮ ਉਸ ਨੂੰ ਧਮਕਾਉਂਦੇ ਹੋਏ ਫਰਾਰ ਹੋ ਗਏ। ਇਸ ਸਬੰਧੀ ਥਾਣਾ ਦਰੇਸੀ ਦੇ ਮੁਖੀ ਅਵਤਾਰ ਸਿੰਘ ਨੇ ਦੱਸਿਆ ਕਿ ਦੋਵੇਂ ਧਿਰਾਂ ਦਰਮਿਆਨ ਜੂਏ 'ਚ ਹਾਰ-ਜਿੱਤ ਕਾਰਨ ਵਿਵਾਦ ਹੋਇਆ ਹੈ।

## ਚੋਟੀ ਦੇ ਸਮੱਗਲਰ ਅਵਤਾਰ ਸਿੰਘ ਉਰਫ ਤਾਰੀ ਨੂੰ ਕੀਤਾ ਗ੍ਰਿਫਤਾਰ

ਗੁਰਦਾਸਪੁਰ 29 ਅਕਤੂਬਰ। ਪੰਜਾਬ ਪੁਲਸ ਨੂੰ ਇਕ ਵਾਰ ਫਿਰ ਸਫਲਤਾ ਹਾਸਲ ਹੋਈ ਹੈ, ਜਿਸ ਦੀ ਜਾਣਕਾਰੀ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਐਕਸ ਅਕਾਊਂਟ 'ਤੇ ਸਾਂਝੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਐਂਟੀ ਨਾਰਕੋਟਿਕਸ ਟਾਸਕ ਫੋਰਸ ਅਤੇ ਗੁਰਦਾਸਪੁਰ ਪੁਲਸ ਨੇ ਚੋਟੀ ਦੇ ਸਮੱਗਲਰ ਅਵਤਾਰ ਸਿੰਘ ਉਰਫ ਤਾਰੀ ਨੂੰ ਸਰਹੱਦੀ ਜ਼ਿ?ਲ੍ਹਾ ਗੁਰਦਾਸਪੁਰ ਤੋਂ ਪੀ. ਆਈ. ਟੀ. ਐੱਸ-ਐੱਨ. ਡੀ. ਪੀ. ਐਕਟ ਦੇ ਤਹਿਤ ਨਿਵਾਰਕ ਹਿਰਾਸਤ ਤਹਿਤ ਗ੍ਰਿਫਤਾਰ ਕਰਕੇ ਇੱਕ ਅਹਿਮ ਪ੍ਰਾਪਤੀ ਹਾਸਲ ਕੀਤੀ ਹੈ। ਡੀ. ਜੀ. ਪੀ. ਨੇ ਅੱਗੇ ਦੱਸਿਆ ਕਿ ਪੀ. ਆਈ. ਟੀ. ਐੱਸ-ਐੱਨ. ਡੀ. ਪੀ. ਐੱਸ. ਐਕਟ ਦੇ ਸਖਤ ਉਪਬੰਧਾਂ ਦੀ ਪੰਜਾਬ ਦੁਆਰਾ ਇਹ ਪਹਿਲੀ ਸਫਲ ਵਰਤੋਂ ਹੈ, ਜੋ ਨਸੀਲੇ ਪਦਾਰਥਾਂ ਨਾਲ ਸਬੰਧਤ ਮਾਮਲਿਆਂ ਵਿੱਚ ਨਿਵਾਰਕ ਨਜਰਬੰਦੀ ਦੀ ਆਗਿਆ ਦਿੰਦਾ ਹੈ। ਉਨ੍ਹਾਂ ਦੱਸਿਆ ਤਾਰੀ ਨੂੰ ਪੀ. ਆਈ. ਟੀ. ਐੱਸ-ਐੱਨ. ਡੀ. ਪੀ. ਐਕਟ ਤਹਿਤ 2 ਸਾਲ ਲਈ ਹਿਰਾਸਤ ਵਿੱਚ ਲੈ ਕੇ ਕੇਂਦਰੀ ਜੇਲ੍ਹ ਬਠਿੰਡਾ 'ਚ ਭੇਜ ਦਿੱਤਾ ਗਿਆ ਹੈ, ਜੋ ਪੰਜਾਬ ਵਿੱਚ ਨਸਾ ਤਸਕਰੀ ਨੂੰ ਠੱਲ੍ਹ ਪਾਉਣ ਅਤੇ ਸੂਬੇ ਨੂੰ ਨਸਾ ਮੁਕਤ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਵਿੱਚ ਇੱਕ ਮਜਬੂਤ ਕਦਮ ਹੈ।

# ਪੰਜਾਬ 'ਚ ਇਨਸਾਨੀਅਤ ਸ਼ਰਮਸਾਰ, ਨੇਤਰਹੀਣ ਨੌਜਵਾਨ ਦੀ ਦਾਸਤਾਨ 'ਤੇ ਨਹੀਂ ਹੋਵੇਗਾ ਯਕੀਨ

ਫਿਰੋਜਪੁਰ 29 ਅਕਤੂਬਰ। ਜ਼ਿ?ਲ੍ਹਾ ਫਿਰੋਜਪੁਰ 'ਚ ਇਨਸਾਨੀਅਤ ਨੂੰ



ਸ਼ਰਮਸਾਰ ਕਰ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ। ਇੱਥੇ ਲੁਟੇਰਿਆਂ ਨੇ ਬੈਂਕ ਦੀ ਨੌਕਰੀ ਲਈ ਚੰਡੀਗੜ੍ਹ ਤੋਂ ਪੇਪਰ ਦੇ ਕੇ ਆ ਰਹੇ ਨੇਤਰਹੀਣ ਨੌਜਵਾਨ ਨੂੰ ਆਪਣੀ ਲੁੱਟ ਦਾ ਸ਼ਿਕਾਰ ਬਣਾਇਆ ਹੈ। ਪੀੜਤ ਨੇਤਰਹੀਣ ਨੌਜਵਾਨ ਕਰਨਵੀਰ ਨੇ ਦੱਸਿਆ ਕਿ ਉਹ ਚੰਡੀਗੜ੍ਹ ਤੋਂ ਬੈਂਕ ਦੀ ਨੌਕਰੀ ਦਾ ਪੇਪਰ ਦੇ ਕੇ ਵਾਪਸ ਫਿਰੋਜਪੁਰ ਪਰਤ ਰਿਹਾ ਸੀ। ਜਦੋਂ ਉਸ ਨੇ ਫਿਰੋਜਪੁਰ ਕੈਂਟ ਤੋਂ ਘਰ ਜਾਣ ਲਈ ਆਟੋ ਲਿਆ ਤਾਂ ਆਟੋ ਚਾਲਕ ਅਤੇ ਉਸ ਦੇ ਸਾਥੀ ਉਸ ਨੂੰ ਸੁੰਨਸਾਨ ਥਾਂ 'ਤੇ ਲੈ ਗਏ ਅਤੇ ਉਸ ਨਾਲ ਕੁੱਟਮਾਰ ਕਰਨ ਲੱਗੇ। ਇਸ ਦੌਰਾਨ ਲੁਟੇਰਿਆਂ ਨੇ ਉਸ ਨੂੰ ਲੁੱਟ ਦਾ ਸ਼ਿਕਾਰ ਬਣਾਇਆ। ਪੀੜਤ ਨੇ ਕਾਫੀ ਦੇਰ ਤੱਕ ਲੁਟੇਰਿਆਂ ਨਾਲ ਮੁਕਾਬਲਾ ਕੀਤਾ ਪਰ ਲੁਟੇਰੇ ਉਸ ਦਾ ਮੋਬਾਇਲ ਅਤੇ ਸਮਾਨ ਖੋਹ ਕੇ ਅਤੇ ਬੈਗ ਖੇਤਾਂ 'ਚ ਸੁੱਟ ਕੇ ਫਰਾਰ ਹੋ ਗਏ। ਇਸ ਤੋਂ ਬਾਅਦ ਨਿਸ਼ਾਨ ਸਿੰਘ ਨਾਂ ਦੇ ਵਿਅਕਤੀ ਨੇ ਜਦੋਂ ਖੇਤਾਂ 'ਚ ਇਕ ਬੈਗ ਪਿਆ ਦੇਖਿਆ ਤਾਂ ਉਸ 'ਚ ਇਕ ਡਾਇਰੀ ਮਿਲੀ, ਜਿਸ 'ਤੇ ਲਿਖੇ ਫੋਨ ਨੰਬਰਾਂ 'ਤੇ ਫੋਨ ਕਰਕੇ ਉਸ ਨੇ ਪੀੜਤ ਨੂੰ ਉਸ ਦਾ ਬੈਗ ਵਾਪਸ ਕੀਤਾ। ਪੁਲਸ ਨੂੰ ਸ਼ਿਕਾਇਤ ਮਿਲਣ 'ਤੇ ਵੱਖ-ਵੱਖ ਟੀਮਾਂ ਬਣਾ ਕੇ ਪੁਲਸ ਨੇ ਤਿੰਨਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ। ਫਿਲਹਾਲ ਐੱਸ. ਐੱਸ. ਪੀ. ਫਿਰੋਜ਼ਪੁਰ ਸੌਮਿਆ ਮਿਸ਼ਰਾ ਨੇ ਪ੍ਰੈੱਸ ਕਾਨਫਰੰਸ ਕੀਤੀ ਅਤੇ ਖੇਤਾਂ 'ਚ ਡਿੱਗੇ ਹੋਏ ਬੈਗ ਅਤੇ ਕਾਗਜ ਵਾਪਸ ਕਰਨ ਵਾਲੇ ਨਿਸ਼ਾਨ ਸਿੰਘ ਨੂੰ ਵੀ ਸਨਮਾਨਿਤ ਕੀਤਾ। ਪੀੜਤ ਨੌਜਵਾਨ ਨੇ ਕਿਹਾ ਕਿ ਕਾਫੀ ਦੇਰ ਤੱਕ ਉਹ ਲੁਟੇਰਿਆਂ ਨਾਲ ਲੜਦਾ ਰਿਹਾ ਪਰ ਉਹ ਜ਼ਿ?ਆਦਾ ਗਿਣਤੀ 'ਚ ਸਨ ਅਤੇ ਲੁੱਟ ਕਰਕੇ ਭੱਜ ਗਏ। ਉਸ ਨੇ ਕਿਹਾ ਕਿ ਪੁਲਸ ਨੇ ਉਸ ਦਾ ਬਹੁਤ ਸਾਥ ਦਿੱਤਾ ਅਤੇ ਉਨ੍ਹਾਂ ਨੂੰ ਫੜ੍ਹ ਲਿਆ ਅਤੇ ਉਸ ਦਾ ਸਾਮਾਨ ਵੀ ਵਾਪਸ ਕਰ ਦਿੱਤਾ।

## ਪੰਜਾਬ ਦੇ ਨੈਸ਼ਨਲ ਹਾਈਵੇਅ 'ਤੇ ਲੱਗਾ ਭਾਰੀ ਜਾਮ, ਵਾਹਨਾਂ ਦੀਆਂ ਲੱਗੀਆਂ ਲੰਬੀਆਂ ਲਾਈਨਾਂ

ਲੁਧਿਆਣਾ 29 ਅਕਤੂਬਰ। ਸਥਾਨਕ ਕਸਬਾ ਲਾਡੋਵਾਲ ਦੇ ਮੁੱਖ ਚੌਂਕ 'ਚ ਬੱਜਰੀ-ਸੀਮੈਂਟ ਨਾਲ ਭਰੇ ਟਰੱਕ ਦੇ ਖਰਾਬ ਹੋਣ ਕਾਰਨ ਨੈਸ਼ਨਲ ਹਾਈਵੇਅ 'ਤੇ ਭਾਰੀ ਟ੍ਰੈਫਿਕ ਜਾਮ ਲੱਗ ਗਿਆ। ਇਸ ਕਾਰਨ ਸੜਕ 'ਤੇ ਵਾਹਨਾਂ ਦੀਆਂ ਲੰਬੀਆਂ ਲਾਈਨਾਂ ਲੱਗ ਗਈਆਂ। ਨੈਸ਼ਨਲ ਹਾਈਵੇਅ 'ਤੇ 2 ਘੰਟਿਆਂ ਤੱਕ ਵਾਹਨ ਰੇਂਗ-ਰੇਂਗ ਕੇ ਚੱਲਣ ਲਈ ਮਜਬੂਰ ਹੋ ਗਏ। ਟ੍ਰੈਫਿਕ ਜਾਮ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਪਹੁੰਚੇ ਟ੍ਰੈਫਿਕ ਵਿਭਾਗ ਦੇ ਸਬ ਇੰਸਪੈਕਟਰ ਰਵੀ ਕੁਮਾਰ, ਥਾਣਾ ਲਾਡੋਵਾਲ ਦੇ ਥਾਣੇਦਾਰ ਕੇਵਲ ਕ੍ਰਿਸ਼ਨ ਦੀ ਟੀਮ ਮੌਕੇ 'ਤੇ ਪਹੁੰਚੀ। ਉਨ੍ਹਾਂ ਨੇ ਕਰੀਬ 2 ਘੰਟੇ ਦੀ ਮੁਸ਼ੱਕਤ ਤੋਂ ਬਾਅਦ ਖਰਾਬ ਹੋਏ ਟਰੱਕ ਨੂੰ ਦੂਜੇ ਟਰੱਕ ਨਾਲ ਟੋਚਨ ਕਰਕੇ ਉੱਥੋਂ ਦੂਜੀ ਥਾਂ 'ਤੇ ਭੇਜਿਆ ਅਤੇ ਇਸ ਤੋਂ ਬਾਅਦ ਟ੍ਰੈਫਿਕ ਜਾਮ ਖੁੱਲ੍ਹਿਆ ਅਤੇ ਲੋਕਾਂ ਨੇ ਕੁੱਝ ਰਾਹਤ ਮਹਿਸੂਸ ਕੀਤੀ।

## ਪਿਓ ਹੈ ਜਾਂ ਰਾਖਸ਼ਸ, 5 ਸਾਲ ਦੇ ਪੁੱਤ ਨੂੰ ਵੀ ਨਾ ਬਖਸ਼ਿਆ

ਬਾਂਦਾ 29 ਅਕਤੂਬਰ। ਰਾਤ ਨੂੰ ਸੌਂਦੇ ਸਮੇਂ ਬੇਟੇ ਦੇ ਰੋਣ ਤੋਂ ਨਾਰਾਜ ਪਿਓ ਨੇ ਉਸ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਪੁਲਸ ਨੇ ਦੱਸਿਆ ਕਿ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਸ ਸੁਪਰਡੈਂਟ ਰਾਜਕਰਨ ਨੇ ਸੋਮਵਾਰ ਨੂੰ ਦੱਸਿਆ ਕਿ ਐਤਵਾਰ ਰਾਤ ਮਊ ਥਾਣਾ ਖੇਤਰ ਦੇ ਦੁਵਾਰੀ ਪਿੰਡ 'ਚ ਰਾਜਕੁਮਾਰ ਨਿਸ਼ਾਦ (35) ਨੇ 5 ਸਾਲਾ ਬੇਟੇ ਸਤਿਅਮ ਦਾ ਕੁਹਾੜੀ ਨਾਲ ਗਲ ਵੱਢ ਕੇ ਕਤਲ ਕਰ ਦਿੱਤਾ।

# 32 ਸਾਲ ਦਾ ਮੁੰਡਾ ਤੇ 18 ਸਾਲ ਦੀ ਕੁੜੀ ! ਇਸ਼ਕ 'ਚ ਅੰਨ੍ਹੇ ਹੋਏ 5 ਭੈਣਾਂ ਦੇ ਇਕਲੌਤੇ ਭਰਾ ਨੇ ਨਹਿਰ 'ਚ ਮਾਰ'ਤੀ ਛਾਲ

ਪਟਿਆਲਾ 29 ਅਕਤੂਬਰ। ਪਟਿਆਲਾ ਸ਼ਹਿਰ ਤੋਂ ਇਕ ਬੇਹੱਦ ਹੈਰਾਨ ਕਰਨ ਵਾਲੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਇਕ 18 ਸਾਲਾ ਕੁੜੀ ਦੇ ਇਸ਼ਕ 'ਚ ਅੰਨ੍ਹੇ ਹੋਏ 32 ਸਾਲਾ ਵਿਅਕਤੀ ਨੇ ਭਾਖੜਾ ਨਹਿਰ 'ਚ ਛਾਲ ਮਾਰ ਦਿੱਤੀ। ਜਾਣਕਾਰੀ ਮੁਤਾਬਕ ਇਸ ਨਹਿਰ 'ਚੋਂ ਇਕ ਲਾਸ਼ ਬਰਾਮਦ ਹੋਈ ਸੀ, ਜਿਸ ਦੀ ਸ਼ਨਾਖਤ ਲਈ ਪੁਲਸ ਤੇ ਗੋਤਾਖੋਰਾਂ ਦੀ ਟੀਮ ਇੱਥੇ ਹੀ ਮੌਜੂਦ ਸੀ। ਇਸ ਦੌਰਾਨ ਇਕ ਵਿਅਕਤੀ ਨੇ ਆ ਕੇ ਇਕ ਕਾਗਜ 'ਤੇ ਕੁਝ ਲਿਖਿਆ ਤੇ ਫ਼ਿ?ਰ ਕੁਝ ਦੇਰ ਲਈ ਨਹਿਰ ਦੇ ਕੰਢੇ ਬੈਠ ਗਿਆ। ਇਸ ਮਗਰੋਂ ਉਸ ਨੇ ਅਚਾਨਕ ਨਹਿਰ 'ਚ ਛਾਲ ਮਾਰ ਦਿੱਤੀ, ਜਿਸ ਨੂੰ ਦੇਖ ਕੇ ਉੱਥੇ ਮੌਜੂਦ ਗੋਤਾਖੋਰਾਂ ਨੇ ਤੁਰੰਤ ਪਾਣੀ 'ਚ ਉਤਰ ਕੇ ਉਸ ਨੂੰ ਸਹੀ-ਸਲਾਮਤ ਬਾਹਰ ਕੱਢ ਲਿਆ। ਬਾਹਰ ਕੱਢੇ ਜਾਣ ਮਗਰੋਂ ਜਦੋਂ ਉਸ ਨੂੰ ਪੁੱਛਿਆ ਗਿਆ ਕਿ ਉਸ ਨੇ ਅਜਿਹਾ ਕਿਉਂ ਕੀਤਾ ਤਾਂ ਉਸ ਨੇ ਦੱਸਿਆ ਇਸ ਰਿਸ਼ਤੇ ਲਈ ਰਾਜੀ ਨਹੀਂ ਹਨ, ਜਿਸ ਕਾਰਨ ਉਸ ਨੇ ਅੰਤ ਆਪਣੀ ਜੀਵਨਲੀਲਾ ਸਮਾਪਤ ਕਰਨ ਦਾ ਮਨ ਬਣਾ



ਕਿ ਉਸ ਦਾ ਨਾਂ ਸਤਨਾਮ ਸਿੰਘ ਹੈ ਤੇ ਉਸ ਦੀ ਉਮਰ 32 ਸਾਲ ਹੈ। ਉਸ ਨੇ ਦੱਸਿਆ ਕਿ ਉਸ ਦਾ ਵਿਆਹ ਨਹੀਂ ਹੋਇਆ, ਪਰ ਉਹ ਇਕ 18 ਸਾਲਾ ਕੁੜੀ ਨੂੰ ਪਿਆਰ ਕਰਦਾ ਹੈ ਤੇ ਉਸੇ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ, ਪਰ ਉਸ ਕੁੜੀ ਦੇ ਘਰ ਦੇ ਲਿਆ ਤੇ ਉਸ ਨੇ ਇਹ ਕਦਮ ਚੁੱਕਿਆ। ਉਸ ਵੱਲੋਂ ਲਿਖਿਆ ਗਿਆ ਸੁਸਾਈਡ ਨੋਟ ਵੀ ਬਰਾਮਦ ਹੋ ਗਿਆ ਹੈ, ਜਿਸ 'ਚ ਉਸ ਨੇ ਕੁੜੀ ਦਾ ਨਾਂ ਅੰਜਲੀ ਦੱਸਿਆ ਹੈ। ਉਸ ਨੇ ਅੱਗੇ ਦੱਸਿਆ ਕਿ ਉਹ 5 ਭੈਣਾਂ ਦਾ ਇਕਲੌਤਾ ਭਰਾ ਹੈ।

## ਅੱਤਵਾਦੀ ਹਮਲੇ 'ਚ ਮਾਰੇ ਗਏ ਵਿਅਕਤੀ ਦੀ ਮ੍ਰਿਤਕ ਦੇਹ ਪਹੁੰਚੀ ਪਿੰਡ

ਗੁਰਦਾਸਪੁਰ 29 ਅਕਤੂਬਰ। ਬੀਤੇ ਦਿਨ ਕਸਮੀਰ ਘਾਟੀ ਦੇ ਜ਼ਿ?ਲ੍ਹਾ ਗੰਦਰਬਲ ਵਿਚ ਲੰਘੀ ਸਾਮ ਅੱਤਵਾਦੀਆਂ ਦੇ ਹਮਲੇ 'ਚ ਗੁਰਦਾਸਪੁਰ ਦੇ ਗੁਰਮੀਤ ਸਿੰਘ ਦੀ ਮੌਤ ਹੋ ਗਈ ਸੀ। ਅੱਜ ਗੁਰਮੀਤ ਸਿੰਘ ਦਾ ਸਰੀਰ ਪਿੰਡ ਸੱਖੋਵਾਲ ਪਹੁੰਚਿਆ ਜਿਥੇ ਪਿੰਡ ਦੇ ਸਮਸ਼ਾਨ ਘਾਟ ਵਿਖੇ ਸੰਸਾਰਿਕ ਰੀਤੀ ਰਿਵਾਜਾਂ ਨਾਲ ਅੰਤਿਮ ਸੰਸਕਾਰ ਕੀਤਾ ਗਿਆ। ਇਸ ਮੌਕੇ ਨਾਇਬ ਤਹਿਸੀਲਦਾਰ ਸਮੇਤ ਪੂਰੇ ਪਿੰਡ ਦੇ ਲੋਕ ਸ਼ਾਮਲ ਰਹੇ। ਇਸ ਮੌਕੇ ਗੁਰਮੀਤ ਸਿੰਘ ਦੇ ਦੋਸਤ ਨੇ ਸਾਰੀ ਘਟਨਾ ਬਾਰੇ ਦੱਸਦਿਆਂ ਕਿਹਾ ਕਿ ਉਹ ਸਾਰੇ



ਮੇਸ ਵਿੱਚ ਰੋਟੀ ਖਾ ਰਹੇ ਸੀ ਅਤੇ ਗੁਰਮੀਤ ਸਿੰਘ ਬਾਹਰ ਖੜ੍ਹਾ ਆਪਣੀ ਪਤਨੀ ਨਾਲ ਫੋਨ 'ਤੇ ਗੱਲ ਕਰ ਰਿਹਾ ਸੀ ਕਿ ਅਚਾਨਕ ਆਵਾਜ ਆਉਣੀ ਸ਼ੁਰੂ ਹੋ ਗਈ, ਜਿਸ ਦੇ ਉਸ ਨੇ ਸਮਝਿਆ ਕਿ ਪਟਾਕੇ ਚੱਲ ਰਹੇ ਹਨ ਪਰ ਉਹ ਅਤਵਾਦੀ ਹਮਲਾ ਸੀ ਜੋ ਸਾਡੇ 'ਤੇ ਹੋਇਆ ਸੀ। ਇਸੇ ਹਮਲੇ 'ਚ ਗੁਰਮੀਤ ਸਿੰਘ ਨੂੰ ਗੋਲੀਆਂ ਲੱਗ ਗਈਆਂ ਅਤੇ ਮੌਕੇ 'ਤੇ ਉਸ ਦੀ ਮੌਤ ਹੋ ਗਈ। ਗੁਰਮੀਤ ਸਿੰਘ ਪਿੰਡ ਸੱਖੋਵਾਲ ਦਾ ਰਹਿਣ ਵਾਲਾ ਸੀ। ਉਨ੍ਹਾਂ ਦੇ ਪਿਤਾ ਧਰਮ ਸਿੰਘ ਫੌਜ ਵਿੱਚ ਸੇਵਾਵਾਂ ਨਿਭਾਅ ਚੁੱਕੇ ਹਨ। ਮ੍ਰਿਤਕ ਗੁਰਮੀਤ ਸਿੰਘ (38) ਆਪਣੇ ਪਿੱਛੇ ਮਾਂ-ਬਾਪ ਤੋਂ ਇਲਾਵਾ ਪਤਨੀ ਅਤੇ ਦੋ ਧੀਆਂ ਸਮੇਤ ਇਕ ਪੁੱਤ ਨੂੰ ਛੱਡ ਗਏ ਹਨ। ਮੌਤ ਦੀ ਖਬਰ ਸੁਣਦੇ ਹੀ ਪਿੰਡ ਵਿਚ ਸੋਗ ਦੀ ਲਹਿਰ ਦੌੜ ਗਈ। ਪਰਿਵਾਰ ਵਾਲਿਆਂ ਦਾ ਰੋ-ਰੋ ਬੁਰਾ ਹਾਲ ਹੈ ਅਤੇ ਗੁਰਮੀਤ ਦੀ ਪਤਨੀ ਡੂੰਘੇ ਸਦਮੇ 'ਚ ਹੈ।

# ਜਲੰਧਰ ਪਹੁੰਚੇ ਸਿਹਤ ਮੰਤਰੀ ਬਲਬੀਰ ਸਿੰਘ, ਇਸ ਬੀਮਾਰੀ ਸਬੰਧੀ ਹਦਾਇਤਾਂ ਕੀਤੀਆਂ ਜਾਰੀ

ਜਲੰਧਰ 29 ਅਕਤੂਬਰ। ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਅੱਜ ਜਲੰਧਰ ਦਾ ਦੌਰਾ ਕੀਤਾ ਗਿਆ। ਉਨ੍ਹਾਂ ਵੱਲੋਂ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਕਈ ਥਾਵਾਂ 'ਤੇ ਘਰਾਂ, ਸਕੂਲਾਂ ਅਤੇ ਸਰਕਾਰੀ ਇਮਾਰਤਾਂ ਦਾ ਨਿਰੀਖਣ ਕੀਤਾ। ਇਸ ਦੌਰਾਨ ਉਨ੍ਹਾਂ ਨੇ ਸਾਰੀਆਂ ਥਾਵਾਂ 'ਤੇ ਪਾਣੀ ਦੀ ਵਿਵਸਥਾ ਨੂੰ ਸਮਝਿਆ ਅਤੇ ਜਾਂਚ ਕੀਤੀ ਕਿ ਕੀ ਡੇਂਗੂ ਵਰਗੀ ਸਥਿਤੀ ਪੈਦਾ ਹੋ ਗਈ ਹੈ। ਇਸ ਮੌਕੇ ਮੰਤਰੀ ਇਕ ਘਰ ਦੇ ਅੰਦਰ ਪਹੁੰਚੇ ਤਾਂ ਉਨ੍ਹਾਂ ਨੇ ਘਰ ਦੀ ਛੱਤ 'ਤੇ ਜਾ ਕੇ ਵੇਖਿਆ ਕਿ ਉਥੇ ਗੰਦਾ ਪਾਣੀ ਨਾਲ ਭਰਿਆ ਹੋਇਆ ਸੀ। ਜਿਸ ਤੋਂ ਬਾਅਦ ਉਨ੍ਹਾਂ ਨੇ ਪਰਿਵਾਰ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੂੰ ਉਕਤ ਜਗ੍ਹਾ ਦੀ ਸਫਾਈ ਕਰਨ ਦੇ ਆਦੇਸ ਦਿੱਤੇ। ਇਸ ਦੌਰਾਨ ਉਨ੍ਹਾਂ ਨਾਲ ਜਲੰਧਰ ਦੇ ਡੀ. ਸੀ. ਡਾ. ਹਿਮਾਂਸ਼ੂ ਅਗਰਵਾਲ ਅਤੇ ਸਿਹਤ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ



ਸਿੰਘ ਮਾਨ ਵੱਲੋਂ ਇਕ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਨੂੰ 'ਡੇਂਗੂ 'ਤੇ ਵਾਰ'ਮੁਹਿੰਮ ਦਾ ਨਾਂ ਦਿੱਤਾ ਗਿਆ ਹੈ। ਇਸ ਤਹਿਤ ਹਰ ਸ਼ੁੱਕਰਵਾਰ ਨੂੰ ਕਿਸੇ ਨਾ ਕਿਸੇ ਜ਼ਿ?ਲ੍ਹੇ ਵਿਚ ਚੈਕਿੰਗ ਕੀਤੀ ਜਾਂਦੀ ਹੈ। ਇਸੇ ਲੜੀ ਤਹਿਤ ਉਨ੍ਹਾਂ ਵੱਲੋਂ ਅੱਜ ਜਲੰਧਰ ਪਹੁੰਚ ਕੇ ਚੈਕਿੰਗ ਦੀ ਚੈਕਿੰਗ ਕੀਤੀ ਗਈ। ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਕਈ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਫੁਲ ਸਲੀਵ ਕੱਪੜੇ ਪਾਉਣੇ, ਘਰਾਂ ਵਿਚ ਪਾਣੀ ਇਕੱਠਾ ਨਾ ਹੋਣ ਕੀਤੀ ਗਈ। ਉਨ੍ਹਾਂ ਕਿਹਾ ਕਿ ਅੱਜ ਜਲੰਧਰ ਵਿਚ ਘਰਾਂ, ਸਕੂਲਾਂ ਅਤੇ ਕਈ ਸਰਕਾਰੀ ਅਦਾਰਿਆਂ ਦੇਣਾ, ਘਰਾਂ ਦੇ ਆਲੇ-ਦੁਆਲੇ ਦੀ ਸਫਾਈ ਰੱਖਣ ਸਮੇਤ ਹੋਰ ਕਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਜਿਸ ਨਾਲ ਡੇਂਗੂ ਦੇ ਕੇਸ ਘੱਟ ਹੋਣਗੇ। ਮੰਤਰੀ ਬਲਬੀਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਇਸ ਵਾਰ ਪੰਜਾਬ ਵਿਚ ਡੇਂਗੂ ਦੇ ਮਾਮਲਿਆਂ ਵਿਚ 70 ਫੀਸਦੀ ਕਮੀ ਆਈ ਹੈ।

# ਅੰਮ੍ਰਿਤਸਰ ਤੋਂ ਹੈਰਾਨ ਕਰ ਦੇਣ ਵਾਲਾ ਮਾਮਲਾ, ਔਰਤ ਦੀ ਸੜੀ ਹੋਈ ਲਾਸ਼ ਬਰਾਮਦ

ਅੰਮ੍ਰਿਤਸਰ 29 ਅਕਤੂਬਰ। ਅੰਮ੍ਰਿਤਸਰ ਥਾਣਾ ਗੇਟ ਹਕੀਮਾਂ ਅਧੀਨ ਆਉਂਦੇ ਇਲਾਕਾ ਨਾਈਆਂ ਵਾਲਾ ਮੋੜ ਦੇ ਸਾਹਮਣੇ ਬੀ ਬਲਾਕ ਦੇ ਖਾਲੀ ਪਲਾਟ 'ਚ ਅੱਜ ਦਿਨ ਦਿਹਾੜੇ ਇੱਕ ਔਰਤ ਦੀ ਸੜੀ ਹੋਈ ਲਾਸ ਮਿਲਣ 'ਤੇ ਇਲਾਕੇ 'ਚ ਸਨਸਨੀ ਫੈਲ ਗਈ। ਇਸ ਮੌਕੇ ਪੁਲਸ ਅਧਿਕਾਰੀ ਮੌਕੇ 'ਤੇ ਪੁੱਜੇ ਅਤੇ ਉਨ੍ਹਾਂ ਵੱਲੋਂ ਜਾਂਚ ਸ਼ੁਰੂ ਕੀਤੀ ਗਈ। ਉੱਥੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਏ. ਸੀ. ਪੀ. ਜਸਪਾਲ ਸਿੰਘ ਨੇ ਕਿਹਾ ਕਿ ਸਾਨੂੰ ਸੂਚਨਾ ਮਿਲੀ ਕਿ ਨਾਈਆਂ ਵਾਲੇ ਮੋੜ ਦੇ ਸਾਹਮਣੇ ਬੀ ਬਲਾਕ ਮੋੜ 'ਤੇ ਇਕ ਔਰਤ ਨੂੰ ਅੱਗ ਲੱਗੀ ਹੋਈ ਹੈ। ਇਸ ਦੌਰਾਨ ਪੁਲਸ ਪਾਰਟੀ ਮੌਕੇ 'ਤੇ ਪਹੁੰਚੀ ਤੇ ਅੱਗ ਬੁਝਾਉਣ ਦੀ ਕੋਸ਼ਿ?ਸ ਕੀਤੀ ਗਈ ਪਰ ਉਸ ਸਮੇਂ ਤੱਕ ਔਰਤ ਦੀ ਮੌਤ ਹੋ ਚੁੱਕੀ ਸੀ ਤੇ ਕੁੜੀ ਪੂਰੀ ਤਰ੍ਹਾਂ ਸੜ ਕੇ ਸੁਆਹ ਚੁੱਕੀ ਸੀ। ਪੁਲਸ ਨੇ ਕਿਹਾ ਅਸੀਂ ਲਾਸ ਨੂੰ ਕਬਜੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਫਿਲਹਾਲ ਇਹ ਨਹੀਂ ਪਤਾ ਚੱਲ ਸਕਿਆ ਇਹ ਔਰਤ ਕੌਣ ਸੀ ਤੇ ਕਿੱਥੋਂ ਦੀ ਰਹਿਣ ਵਾਲੀ ਹੈ। ਇਸ ਦੀ ਜਾਂਚ ਵੀ ਕੀਤੀ ਜਾ ਰਹੀ ਹੈ ਕਿ ਔਰਤ ਨੇ ਆਤਮ ਹੱਤਿਆ ਕੀਤੀ ਗਈ ਹੈ ਜਾਂ ਇਸ ਨੂੰ ਕਿਸੇ ਨੇ ਅੱਗ ਲਗਾਈ ਹੈ।

## ਨਸ਼ੇ ਨੇ ਬੁਝਾਇਆ ਇਕ ਹੋਰ ਘਰ ਦਾ ਚਿਰਾਗ, ਓਵਰਡੋਜ ਕਾਰਨ 25 ਸਾਲਾ ਨੌਜਵਾਨ ਨੇ ਗੁਆਈ ਜਾਨ

ਫਿਰੋਜ਼ਪੁਰ/ਫਰੀਦਕੋਟ 29 ਅਕਤੂਬਰ। ਫਰੀਦਕੋਟ ਤੋਂ ਇਕ ਬੇਹੱਦ ਮੰਦਭਾਗੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਇਕ 25 ਸਾਲਾ ਨੌਜਵਾਨ ਰਣਜੀਤ ਸਿੰਘ ਵਾਸੀ ਪਿੰਡ ਸਾਧਾਂਵਾਲਾ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਗਈ ਹੈ। ਉਸ ਦੀ ਲਾਸ਼ ਦਿੱਲੀ ਪਬਲਿਕ ਸਕੂਲ ਨੇੜੇ ਨਹਿਰ ਦੀ ਪੱਟੜੀ 'ਤੇ ਮਿਲੀ ਹੈ। ਇਸ ਮਾਮਲੇ ਸਬੰਧੀ ਥਾਣਾ ਕੁਲਗੜ੍ਹੀ ਦੀ ਪੁਲਸ ਨੇ ਮ੍ਰਿਤਕ ਰਣਜੀਤ ਸਿੰਘ ਦੀ ਪਤਨੀ ਰਾਜਵੀਰ ਕੌਰ ਦੇ ਬਿਆਨਾਂ ਦੇ ਆਧਾਰ 'ਤੇ ਨਸ਼ਾ ਸਮੱਗਲਰ ਸੁੱਖਾ ਸਿੰਘ, ਉਸ ਦੀ ਮਾਤਾ ਪਿਆਰੋ ਅਤੇ ਪਤਨੀ ਵਾਸੀ ਪਿੰਡ ਸਾਧਾਂਵਾਲਾ (ਫਰੀਦਕੋਟ) ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ-ਇੰਸਪੈਕਟਰ ਨਿਰਮਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਤਨੀ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਸ ਦਾ ਪਤੀ ਨਸ਼ੇ ਦਾ ਆਦੀ ਸੀ ਅਤੇ ਉਨ੍ਹਾਂ ਦੇ ਘਰ ਦੇ ਸਾਹਮਣੇ ਰਹਿੰਦਾ ਸੁੱਖਾ ਸਿੰਘ ਆਦਿ ਉਸ ਨੂੰ ਨਸ਼ਾ ਵੇਚਦਾ ਸੀ। ਸ਼ਿਕਾਇਤਕਰਤਾ ਅਨੁਸਾਰ ਉਸ ਨੇ ਕਈ ਵਾਰ ਸੁੱਖਾ ਸਿੰਘ, ਉਸ ਦੀ ਪਤਨੀ ਅਤੇ ਉਸ ਦੀ ਮਾਂ ਨੂੰ, ਉਸ ਦੇ ਪਤੀ ਨੂੰ ਨਸ਼ਾ ਨਾ ਦੇਣ ਲਈ ਕਿਹਾ ਸੀ। 23 ਅਕਤੂਬਰ 2024 ਨੂੰ ਸਵੇਰੇ ਕਰੀਬ 8 ਵਜੇ ਉਸ ਨੇ ਆਪਣੇ ਪਤੀ ਨੂੰ 500 ਰੁਪਏ ਦੇ ਦਿੱਤੇ ਸਨ

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POON-AM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**ਕੌਮੀ ਪਤ੍ਰਿਕਾ**
ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।
Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad
Ph. : 011-41509689, 011-23315814
Mob. : 9971359517, 9312262300
E-mail address: qpatrika@gmail.com
R.N.I. No. 39272/81
Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਪੁਰਾਣੇ ਝਗੜੇ ਦੇ ਚੱਲਦਿਆਂ ਵਿਅਕਤੀ ਦੀ ਕੀਤੀ ਕੁੱਟਮਾਰ, 8 ਖਿਲਾਫ ਮਾਮਲਾ ਦਰਜ

ਫਿਰੋਜ਼ਪੁਰ 29 ਅਕਤੂਬਰ। ਨਜ਼ਦੀਕੀ ਪਿੰਡ ਝੋਕ ਹਰੀਹਰ ਵਿਖੇ ਪੁਰਾਣੇ ਝਗੜੇ ਦੇ ਚੱਲਦਿਆਂ ਇਕ ਵਿਅਕਤੀ ਦੀ ਕੁੱਟਮਾਰ ਕਰਕੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਵਿਚ ਥਾਣਾ ਕੁੱਲਗੜ੍ਹੀ ਪੁਲਸ ਨੇ 8 ਵਿਅਕਤੀਆਂ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਪੁਸ਼ਪਿੰਦਰ ਸਿੰਘ ਪੁੱਤਰ ਬੋਹੜਾ ਸਿੰਘ ਵਾਸੀ ਪਿੰਡ ਝੋਕ




ਹਰੀਹਰ ਨੇ ਦੱਸਿਆ ਕਿ ਉਸ ਦਾ ਕੁੱਝ ਵਿਅਕਤੀਆਂ ਨਾਲ ਪੁਰਾਣਾ ਝਗੜਾ ਚੱਲ ਰਿਹਾ ਹੈ। ਪੁਸ਼ਪਿੰਦਰ ਸਿੰਘ ਨੇ ਦੱਸਿਆ ਕਿ ਇਸੇ ਝਗੜੇ ਦੇ ਚੱਲਦਿਆਂ ਦੋਸ਼ੀਅਨ ਸੁਖਚੈਨ ਸਿੰਘ ਪੁੱਤਰ ਸੁਲੱਖਣ ਸਿੰਘ, ਰੋਹਿਤ ਪੁੱਤਰ ਸੁਲੱਖਣ ਸਿੰਘ, ਸੁਖਪਾਲ ਸਿੰਘ ਪੁੱਤਰ ਸੁਲੱਖਣ ਸਿੰਘ, ਸੁਲੱਖਣ ਸਿੰਘ ਪੁੱਤਰ ਖੁਸ਼ੀ ਰਾਮ, ਅਰਸ਼ਦੀਪ ਸਿੰਘ ਪੁੱਤਰ ਰਘਬੀਰ ਸਿੰਘ, ਰਣਬੀਰ ਸਿੰਘ ਪੁੱਤਰ ਤਰਸੇਮ ਸਿੰਘ, ਅਸ਼ੋਕ ਕੁਮਾਰ ਪੁੱਤਰ ਖੁਸ਼ੀ ਰਾਮ ਅਤੇ ਮਨਜੀਤ ਸਿੰਘ ਪੁੱਤਰ ਪ੍ਰੇਮ ਵਾਸੀਅਨ ਝੋਕ ਹਰੀਹਰ ਨੇ ਹਮਮਸ਼ਵਰਾ ਹੋ ਕੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਦਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖ਼ਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਉੱਤਰ-ਪੂਰਬੀ ਰੇਲਵੇ ਨੇ ਹਾਲਸ ਕੀਤਾ 64 ਫੀਸਦੀ ਬਿਜਲੀਕਰਨ ਦਾ ਟੀਚਾ ਕੀਤਾ ਹਾਸਲ

ਨਵੀਂ ਦਿੱਲੀ 29 ਅਕਤੂਬਰ। ਭਾਰਤੀ ਰੇਲਵੇ ਦੇ ਨਾਲ-ਨਾਲ ਉੱਤਰ-ਪੂਰਬੀ ਸਰਹੱਦੀ ਰੇਲ ਆਪਣੇ ਮਿਸ਼ਨ ਮੋਡ 'ਚ ਦੁਨੀਆ ਦੀ ਸਭ ਤੋਂ ਵੱਡੀ ਗ੍ਰੀਨ ਰੇਲਵੇ ਬਣਨ ਵੱਲ ਵਧ ਰਹੀ ਹੈ। ਨੈੱਟ ਜ਼ੀਰੋ ਕਾਰਬਨ ਨਿਕਾਸ ਪ੍ਰਾਪਤ ਕਰਨ ਅਤੇ 100 ਪ੍ਰਤੀਸਤ ਬਿਜਲੀ ਪ੍ਰਾਪਤ ਕਰਨ ਦੇ ਟੀਚੇ ਵਜੋਂ ਉੱਤਰ-ਪੂਰਬੀ ਰੇਲਵੇ ਆਪਣੇ ਅਧਿਕਾਰ ਖੇਤਰ 'ਚ ਅਣਇਲੈਕਟ੍ਰੀਫਾਈਡ ਬ੍ਰੌਡ-ਗੇਜ ਰੂਟਾਂ ਦੇ ਬਿਜਲੀਕਰਨ ਦੇ ਕੰਮਾਂ ਨੂੰ ਤੇਜ ਕਰ ਰਿਹਾ ਹੈ। ਸੀ. ਪੀ. ਆਰ. ਓ. ਕਪਿੰਜਲ ਕਿਸ਼ੋਰ ਸਰਮਾ ਨੇ ਕਿਹਾ ਕਿ ਹੁਣ ਤੱਕ ਉੱਤਰ-ਪੂਰਬੀ ਫਰੰਟੀਅਰ ਰੇਲਵੇ ਨੇ 2708.52 ਰੂਟ ਕਿਲੋਮੀਟਰ ਦਾ ਬਿਜਲੀਕਰਨ ਕੀਤਾ ਹੈ। ਇਹ ਪ੍ਰਾਪਤੀ ਜੋਨਲ ਖੇਤਰ 'ਚ 4260.52 ਦੇ ਕੁੱਲ ਰੇਲ ਨੈੱਟਵਰਕ ਦਾ 64 ਪ੍ਰਤੀਸਤ ਹੈ। 36 ਫੀਸਦੀ ਰੇਲ ਕਿਲੋਮੀਟਰ ਦੇ ਬਿਜਲੀਕਰਨ ਦਾ ਕੰਮ ਬਾਕੀ ਹੈ, ਜਿਸ ਦਿਸ਼ਾ 'ਚ ਕੰਮ ਚੱਲ ਰਿਹਾ ਹੈ। ਬਿਹਾਰ 'ਚ 318.8 ਅਤੇ ਪੱਛਮੀ ਬੰਗਾਲ 'ਚ 864.8 ਦਾ ਬਿਜਲੀਕਰਨ ਕੀਤਾ ਗਿਆ ਹੈ। ਸੀ. ਪੀ. ਆਰ. ਓ. ਨੇ ਦੱਸਿਆ ਕਿ 8 ਉੱਤਰ-ਪੂਰਬੀ ਰਾਜਾਂ 'ਚ ਹੁਣ ਤੱਕ 1524.71 ਆਰ. ਕੇ. ਐੱਮ. ਦਾ ਬਿਜਲੀਕਰਨ ਕੀਤਾ ਗਿਆ ਹੈ। ਉੱਤਰ ਪੂਰਬੀ ਖੇਤਰ 'ਚ ਕੁੱਲ ਇਲੈਕਟ੍ਰੀਫਾਈਡ ਰੂਟਾਂ 'ਚੋਂ, ਅਸਾਮ 'ਚ 1353.231 , ਮਨੀਪੁਰ 'ਚ 2.81 ,



ਮੇਘਾਲਿਆ 'ਚ 9.58 , ਨਾਗਾਲੈਂਡ 'ਚ 6 ਅਤੇ ਤ੍ਰਿਪੁਰਾ 'ਚ 151.59 ਦਾ ਬਿਜਲੀਕਰਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪ੍ਰਿੰ. ਬਿਹਾਰ 'ਚ . 318.869 ਅਤੇ ਪੱਛਮੀ ਬੰਗਾਲ 'ਚ 864.94 ਦਾ ਬਿਜਲੀਕਰਨ ਰੇਲਵੇ ਦੇ ਅਧਿਕਾਰ ਖੇਤਰ 'ਚ ਹੁਣ ਤੱਕ ਪੂਰਾ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਇੰਡੀਅਨ ਰੇਲਵੇ ਕੰਸਟ੍ਰਕਸਨ ਇੰਟਰਨੈਸ਼ਨਲ ਲਿਮਟਿਡ, ਰੇਲ ਇੰਡੀਆ ਟੈਕਨੀਕਲ ਐਂਡ ਇਕਨਾਮਿਕ ਸਰਵਿਸ ਅਤੇ ਪੌਸੀ ਰੇਲਵੇ ਕੰਸਟ੍ਰਕਸਨ ਦੁਆਰਾ ਜੋਨ ਦੇ ਵੱਖ-ਵੱਖ ਭਾਗਾਂ 'ਚ ਬਿਜਲੀਕਰਨ ਦਾ ਕੰਮ ਪੜਾਅਵਾਰ ਢੰਗ ਨਾਲ ਕੀਤਾ ਜਾ ਰਿਹਾ ਹੈ। ਸੀ. ਪੀ. ਆਰ. ਓ. ਨੇ ਕਿਹਾ ਕਿ ਬਿਜਲੀਕਰਨ ਪ੍ਰਸੀ ਰੇਲਵੇ 'ਤੇ ਰੇਲ ਗੱਡੀਆਂ ਦੀ ਗਤੀਸੀਲਤਾ 'ਚ ਮਹੱਤਵਪੂਰਨ ਸੁਧਾਰ ਕਰੇਗਾ। ਉੱਤਰ-ਪੂਰਬੀ ਰਾਜਾਂ 'ਚ ਰੇਲ ਨੈੱਟਵਰਕ ਨੂੰ ਮਜਬੂਤ ਕੀਤਾ ਜਾਵੇਗਾ ਅਤੇ ਆਵਾਜਾਈ ਦਾ ਇੱਕ ਵਾਤਾਵਰਣ-ਅਨੁਕੂਲ, ਤੇਜ ਅਤੇ ਊਰਜਾ-ਕੁਸਲ ਮੋਡ ਪ੍ਰਦਾਨ ਕਰੇਗਾ। ਪ੍ਰਦੂਸਣ 'ਚ ਕਮੀ ਆਵੇਗੀ। ਇਸ ਤੋਂ ਇਲਾਵਾ, ਆਯਾਤ ਕੀਤੇ ਕੱਚੇ ਤੇਲ 'ਤੇ ਨਿਰਭਰਤਾ ਘਟਾਉਣ ਨਾਲ ਕੀਮਤੀ ਵਿਦੇਸੀ ਮੁਦਰਾ ਦੀ ਬਚਤ ਵੀ ਹੋਵੇਗੀ। ਇਸ ਨਾਲ ਨਿਰਵਿਘਨ ਆਵਾਜਾਈ ਦੀ ਸਹੂਲਤ ਮਿਲੇਗੀ ਅਤੇ ਰੇਲਗੱਡੀਆਂ ਦੀ ਔਸਤ ਰਫਤਾਰ ਵੀ ਵਧੇਗੀ, ਜਿਸ ਨਾਲ ਟਰੇਨਾਂ ਦੀ ਸਮੇਂ ਸਿਰ ਆਵਾਜਾਈ ਹੋਵੇਗੀ ਅਤੇ ਟਰੇਕਸਨ ਬਦਲਣ ਕਾਰਨ ਸਮੇਂ ਦੀ ਵੀ ਬੱਚਤ ਹੋਵੇਗੀ।

## ਕੱਪੜੇ ਸੁੱਕਦੇ ਸਮੇਂ ਕਰੰਟ ਲੱਗਣ ਨਾਲ ਪਤੀ-ਪਤਨੀ ਦੀ ਮੌਤ

ਕੋਰਬਾ 29 ਅਕਤੂਬਰ। ਛੱਤੀਸਗੜ੍ਹ ਦੇ ਕੋਰਬਾ ਜ਼ਿਲ੍ਹੇ ਵਿਚ ਕੱਪੜੇ ਸੁਕਾਉਂਦੇ ਸਮੇਂ ਕਰੰਟ ਲੱਗਣ ਨਾਲ ਪਤੀ-ਪਤਨੀ ਦੀ ਮੌਤ ਹੋ ਗਈ। ਪੁਲਸ ਅਧਿਕਾਰੀਆਂ ਨੇ ਸਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਕੁਸਮੁੰਡਾ ਥਾਣਾ ਖੇਤਰ ਦੇ ਅਧੀਨ ਆਉਂਦੇ ਮਾਨਗਾਂਵ ਰੋਡ ਆਦਰਸ ਨਗਰ 'ਤੇ ਵਾਪਰੀ। ਉਨ੍ਹਾਂ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਦੁਰਯੋਧਨ ਮਹੰਤਾ ਅਤੇ ਉਸ ਦੀ ਪਤਨੀ ਭਾਰਤੀ ਮਹੰਤਾ ਵਜੋਂ ਹੋਈ ਹੈ। ਕੁਸਮੁੰਡਾ ਥਾਣਾ ਇੰਚਾਰਜ ਰੂਪਕ ਸਰਮਾ ਨੇ ਦੱਸਿਆ ਕਿ ਸਨੀਵਾਰ ਦੁਪਹਿਰ ਕਰੀਬ 12 ਵਜੇ ਭਾਰਤੀ ਮਹੰਤਾ ਘਰ 'ਚ ਲੱਗੀ ਤਾਰ 'ਤੇ ਕੱਪੜੇ ਸੁੱਕਾ ਰਹੀ ਸੀ ਤਾਂ ਅਚਾਨਕ ਉਸ ਨੂੰ ਕਰੰਟ ਲੱਗ ਗਿਆ। ਸਰਮਾ ਨੇ ਦੱਸਿਆ ਕਿ ਦੁਰਯੋਧਨ ਆਪਣੀ ਪਤਨੀ ਨੂੰ ਬਚਾਉਣ ਲਈ ਉੱਥੇ ਪਹੁੰਚਿਆ ਪਰ ਉਸਨੂੰ ਵੀ ਕਰੰਟ ਲੱਗ ਗਿਆ। ਉਨ੍ਹਾਂ ਦੱਸਿਆ ਕਿ ਘਟਨਾ ਵਿੱਚ ਝੁਲਸੇ ਪਤੀ-ਪਤਨੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਅਧਿਕਾਰੀਆਂ ਨੇ ਦੱਸਿਆ ਕਿ ਪੁਲਸ ਨੇ ਮਾਮਲਾ ਦਰਜ ਕਰਕੇ ਪਰਿਵਾਰ ਵਾਲਿਆਂ ਨੂੰ ਘਟਨਾ ਦੀ ਜਾਣਕਾਰੀ ਦੇ ਦਿੱਤੀ ਹੈ।

# ਇੱਕ ਵਾਰ ਫਿਰ ਸਜੇਗਾ ਮਾਨਵਤਾ ਦਾ ਸਮਾਗਮ . 77ਵੇਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ ਤੇ

ਦਿੱਲੀ, 29 ਅਕਤੂਬਰ: ਸਤਿਗੁਰੂ ਮਾਤਾ ਸੁਦੀਕਸਾ ਜੀ ਮਹਾਰਾਜ ਦੀ ਅਪਾਰ ਕਿਰਪਾ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨਿਰੰਕਾਰੀ ਪਰਿਵਾਰ ਦਾ 77ਵਾਂ ਸਾਲਾਨਾ ਸੰਤ ਸਮਾਗਮ 16, 17 ਅਤੇ 18 ਨਵੰਬਰ 2024 ਨੂੰ ਸੰਤ ਨਿਰੰਕਾਰੀ ਅਧਿਆਤਮਕ ਸਥਲ ਸਮਾਲਖਾਂ ਵਿਖੇ ਕਰਵਾਇਆ ਜਾ ਰਿਹਾ ਹੈ। ਅਧਿਆਤਮਿਕਤਾ ਦਾ ਆਧਾਰ ਸੰਜੋਏ ਇਸ ਸਮਾਗਮ ਵਿੱਚ ਪਿਆਰ, ਸਾਂਤੀ ਅਤੇ ਏਕਤਾ ਦਾ ਸੰਦੇਸ ਦਿੱਤਾ ਜਾਂਦਾ ਹੈ, ਜੋ ਕਿ ਨਿਰਸੰਦੇਹ ਸਮੁੱਚੀ ਮਨੁੱਖਤਾ ਦੀ ਭਲਾਈ ਲਈ ਹੈ। ਇਹ ਸਭ ਜਾਣਿਆ ਜਾਂਦਾ ਹੈ ਕਿ ਇਸ ਸੰਤ ਸਮਾਗਮ ਦੀ ਸਾਨ ਨਾ ਸਿਰਫ ਇਸ ਦੇ ਦਾਇਰੇ ਨੂੰ ਦਰਸਾਉਂਦੀ ਹੈ, ਸਗੋਂ ਦੇਸ-ਵਿਦੇਸ ਤੋਂ ਇੱਥੇ ਆਉਣ ਵਾਲੇ ਲੱਖਾਂ ਸਰਧਾਲੂਆਂ ਦੀਆਂ ਭਾਵਨਾਵਾਂ ਨੂੰ ਵੀ ਦਰਸਾਉਂਦੀ ਹੈ । ਨਿਰੰਕਾਰੀ ਸੰਤ ਸਮਾਗਮ ਮਨੁੱਖਤਾ ਦਾ ਅਜਿਹਾ ਦੈਵੀ ਸੰਗਮ ਹੈ ਜਿੱਥੇ ਹਰ ਕੋਈ ਧਰਮ, ਜਾਤ, ਭਾਸਾ, ਖੇਤਰ, ਅਮੀਰੀ ਅਤੇ ਗਰੀਬੀ ਆਦਿ ਦੇ ਬੰਧਨਾਂ ਤੋਂ ਉੱਪਰ ਉੱਠ ਕੇ ਪ੍ਰੇਮ ਅਤੇ ਸਦਭਾਵਨਾ ਨਾਲ ਸੇਵਾ, ਸਿਮਰਨ ਅਤੇ ਸਤਿਸੰਗ ਕਰਦਾ ਹੈ। ਇਹ ਉਸੇ ਸੰਦੇਸ ਦੀ ਨਿਰੰਤਰਤਾ ਹੈ ਜੋ ਸਾਰੇ ਸੰਤਾਂ, ਪੀਰਾਂ ਅਤੇ ਗੁਰੂਆਂ ਨੇ ਸਮੇਂ-ਸਮੇਂ 'ਤੇ ਦਿੱਤਾ ਹੈ। ਇਸ ਤਿੰਨ ਰੋਜਾ ਨਿਰੰਕਾਰੀ ਸੰਤ ਸਮਾਗਮ ਵਿੱਚ ਸੰਗਤਾਂ ਗੀਤਾਂ, ਵਿਚਾਰਾਂ ਅਤੇ ਕਵਿਤਾਵਾਂ ਆਦਿ ਰਾਹੀਂ ਭਗਤੀ ਦੇ ਵੱਖ-ਵੱਖ ਪਹਿਲੂਆਂ 'ਤੇ ਆਪਣੀਆਂ ਸੁਭ ਭਾਵਨਾਵਾਂ ਦਾ ਪ੍ਰਗਟਾਵਾ ਕਰਨਗੇ। ਸਾਰਿਆਂ ਨੂੰ ਸਤਿਗੁਰੂ ਮਾਤਾ ਜੀ ਅਤੇ ਨਿਰੰਕਾਰੀ ਰਾਜਪਿਤਾ ਜੀ ਦੇ ਉਪਦੇਸਾਂ ਦੀ ਅਨਮੋਲ ਦਾਤ ਵੀ ਪ੍ਰਾਪਤ ਹੋਵੇਗੀ। ਇਸ ਸਾਲ, ਸਤਿਗੁਰੂ ਮਾਤਾ ਜੀ ਨੇ ਸਮਾਗਮ ਦਾ ਵਿਸਾ ਰੱਖਿਆ ਹੈ - 'ਵਿਸਥਾਰ, ਅਸੀਮ ਵੱਲ ਵਿਸ਼ਾਲ ਨਿਰੰਕਾਰੀ ਸੰਤ ਸਮਾਗਮ ਨੂੰ ਪ੍ਰਭਾਵਸਾਲੀ ਅਤੇ ਸੁਚਾਰੂ ਢੰਗ ਨਾਲ ਆਯੋਜਿਤ ਕਰਨ ਲਈ, ਨਿਰੰਕਾਰੀ ਮਿਸਨ ਦੇ ਸਰਧਾਲੂ ਅਤੇ ਸੇਵਾਦਾਰ ਦੇਸ ਦੇ ਕੋਨੇ-ਕੋਨੇ ਤੋਂ ਕਈ ਮਹੀਨੇ ਪਹਿਲਾਂ ਆਉਂਦੇ ਹਨ ਅਤੇ ਆਪਣੀਆਂ ਨਿਰਸਵਾਰਥ ਸੇਵਾਵਾਂ ਨੂੰ ਸਮਰਪਿਤ ਕਰਕੇ ਤਿਆਰੀਆਂ ਸੁਰੂ ਕਰਦੇ ਹਨ। ਸਮੂਹਿਕ ਸੇਵਾਵਾਂ ਦਾ ਇਹ ਦ੍ਰਿਸ ਆਪਣੇ ਆਪ ਵਿੱਚ ਬਹੁਤ ਪ੍ਰੇਰਨਾਦਾਇਕ ਅਤੇ ਮਨਮੋਹਕ ਹੈ। ਇਸ ਸਾਲ ਇਹ ਵੀ ਦੇਖਿਆ ਗਿਆ ਕਿ ਇਹ ਸੇਵਾਵਾਂ ਸਵੇਰ ਤੋਂ ਹੀ ਸੁਰੂ ਹੋ ਜਾਂਦੀਆਂ ਹਨ ਜਿੱਥੇ ਹਰ ਉਮਰ ਵਰਗ ਦੇ ਮਰਦ ਅਤੇ ਔਰਤਾਂ ਵੱਖ-ਵੱਖ ਤਰ੍ਹਾਂ ਦੀਆਂ ਸੇਵਾਵਾਂ ਦੇ ਰਹੇ ਹਨ। ਸੇਵਕਾਂ ਦੇ ਹੱਥਾਂ ਵਿੱਚ ਮਿੱਟੀ ਦੇ ਭਾਂਡੇ ਹਨ ਅਤੇ ਉਨ੍ਹਾਂ ਦੀਆਂ ਜੁਬਾਨਾਂ ਉੱਤੇ ਸਰਧਾ ਨਾਲ ਭਰੇ ਮਿੱਠੇ ਗੀਤ ਹਨ। ਕਈ ਥਾਵਾਂ 'ਤੇ ਜਮੀਨਾਂ ਨੂੰ ਪੱਧਰਾ ਕੀਤਾ ਜਾ ਰਿਹਾ ਹੈ ਅਤੇ ਕਈ ਥਾਵਾਂ 'ਤੇ ਟੈਂਟ ਲਾਏ ਜਾ ਰਹੇ ਹਨ। ਇੱਥੋਂ ਤੱਕ ਕਿ ਸੇਵਾ ਦਲ ਦੀ ਵਰਦੀ ਵਿੱਚ ਵੀ ਨੌਜਵਾਨ ਵੀਰ-ਭੈਣਾਂ ਆਪਣੇ ਅਧਿਕਾਰੀਆਂ ਦੀਆਂ ਹਦਾਇਤਾਂ ਅਨੁਸਾਰ ਗਰਾਊਂਡ 'ਤੇ ਕਈ ਤਰ੍ਹਾਂ ਦੀਆਂ ਸੇਵਾਵਾਂ ਵਿੱਚ ਰੁੱਝੇ ਹੋਏ ਹਨ। ਲੰਗਰ, ਕੰਟੀਨ, ਪ੍ਰਕਾਸਨਾਵਾਂ ਅਤੇ ਅਜਿਹੀਆਂ ਕਈ ਸਹੂਲਤਾਂ ਸੁਚਾਰੂ ਢੰਗ ਨਾਲ ਚੱਲ ਰਹੀਆਂ ਹਨ, ਜੋ ਆਉਣ ਵਾਲੇ ਦਿਨਾਂ ਵਿੱਚ ਹੋਰ ਵੱਡੀਆਂ ਹੋ ਜਾਣਗੀਆਂ। ਜੋ ਸਮਾਜਿਕ ਗਤੀਵਿਧੀ ਪ੍ਰਤੀਤ ਹੁੰਦੀ ਹੈ, ਉਸ ਦਾ ਆਧਾਰ ਪੂਰੀ ਤਰ੍ਹਾਂ ਅਧਿਆਤਮਿਕ ਹੈ। ਇੱਕ ਦੂਜੇ ਵਿੱਚ ਪ੍ਰਮਾਤਮਾ ਦਾ ਰੂਪ ਦੇਖ ਕੇ ਹਰ ਕੋਈ 'ਧੰਨ ਨਿਰੰਕਾਰ ਜੀ' ਕਹਿ ਕੇ ਇੱਕ ਦੂਜੇ ਦੇ ਚਰਨਾਂ ਤੇ ਮੱਥਾ ਟੇਕ ਰਿਹਾ ਹੈ। ਇਹ ਨਿਮਰਤਾ ਦੀ ਜਿਉਂਦੀ ਜਾਗਦੀ ਮਿਸਾਲ ਜਾਪਦੀ ਹੈ। ਸਾਰਿਆਂ ਦੇ ਚਿਹਰਿਆਂ 'ਤੇ ਇਕ ਆਤਮਿਕ ਰੌਣਕ ਹੈ, ਜੋ ਉਨ੍ਹਾਂ ਦੇ ਦਿਲਾਂ ਵਿਚ ਵਿਸਵਾਸ ਅਤੇ ਸੰਤੁਸਟੀ ਨੂੰ ਪ੍ਰਗਟ ਕਰ ਰਹੀ ਹੈ। ਸੇਵਾ ਕਰ ਰਹੇ ਇਨ੍ਹਾਂ ਸਰਧਾਲੂਆਂ ਦੀ ਖੁਸੀ ਅਤੇ ਖੁਸੀ ਦੀ ਸਿਖਰ ਉਦੋਂ ਦਿਖਾਈ ਦਿੰਦੀ ਹੈ ਜਦੋਂ ਇਹ ਸੇਵਾ ਕਰਦੇ ਹੋਏ ਆਪਣੇ ਸਤਿਗੁਰੂ ਦੇ ਦਰਸਨ ਕਰਦੇ ਹਨ। ਉਸੇ ਪਲ ਗੁਰਸਿੱਖਾਂ ਦੇ ਹਿਰਦੇ ਨੱਚਣ, ਗਾਉਣ ਅਤੇ ਟੱਪਣ ਲੱਗ ਪੈਂਦੇ ਹਨ।

## ਯਾਤਰੀਆਂ ਲਈ ਖੁਸ਼ਖਬਰੀ: ਦਿੱਲੀ ਤੋਂ ਰੋਹਤਕ ਤੱਕ ਦਾ ਸਫਰ ਹੋਵੇਗਾ ਸੌਖਾਲਾ

ਰੋਹਤਕ 29 ਅਕਤੂਬਰ। ਟਰੇਨ 'ਚ ਸਫਰ ਕਰਨ ਵਾਲੇ ਯਾਤਰੀਆਂ ਲਈ ਵੱਡੀ ਖਬਰ ਹੈ। ਆਉਣ ਵਾਲੇ ਕੁਝ ਸਾਲਾਂ 'ਚ ਦਿੱਲੀ ਤੋਂ ਰੋਹਤਕ ਤੱਕ ਸਫਰ ਸੌਖਾਲਾ ਹੋਣ ਵਾਲਾ ਹੈ। ਅਜਿਹਾ ਇਸ ਲਈ ਕਿਉਂਕਿ ਸੂਬੇ 'ਚ ਮੈਟਰੋ ਅਤੇ ਖੇਤਰੀ ਰੈਪਿਡ ਟਰਾਂਜ਼ਿਟ ਸਿਸਟਮ () ਵਰਗੀਆਂ ਸਹੂਲਤਾਂ ਦਾ ਵਿਸਥਾਰ ਕੀਤਾ ਜਾਵੇਗਾ। ਇਸ ਸਬੰਧੀ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕੇਂਦਰੀ ਰਿਹਾਇਸ ਅਤੇ ਸਹਿਰੀ ਮੰਤਰੀ ਮਨੋਹਰ ਲਾਲ ਨਾਲ ਮੀਟਿੰਗ ਕੀਤੀ ਹੈ। ਜਾਣਕਾਰੀ ਮੁਤਾਬਕ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਮਨੋਹਰ ਲਾਲ ਵਿਚਾਲੇ ਇਹ ਮੁਲਾਕਾਤ ਦਿੱਲੀ ਵਿਚ ਹੋਈ, ਜੋ ਕਈ ਘੰਟੇ ਚੱਲੀ। ਇਸ ਮੀਟਿੰਗ ਵਿਚ ਹਰਿਆਣਾ ਅਤੇ ਕੇਂਦਰ ਨਾਲ ਸਬੰਧਤ ਕਈ ਅਧਿਕਾਰੀ ਵੀ ਮੌਜੂਦ ਸਨ। ਮੀਟਿੰਗ ਵਿਚ ਮੁੱਖ ਮੰਤਰੀ ਸੈਣੀ ਨੇ ਹਰਿਆਣਾ ਵਿਚ ਮੈਟਰੋ ਅਤੇ ਦੇ ਵਿਸਥਾਰ ਦੀ ਮੰਗ ਕੀਤੀ ਹੈ। ਜਿਸ 'ਤੇ ਕੇਂਦਰੀ ਮੰਤਰੀ ਮਨੋਹਰ ਲਾਲ ਨੇ ਭਰੋਸਾ ਦਿੱਤਾ ਹੈ ਕਿ ਗੁਰੂਗ੍ਰਾਮ ਦੇ ਪਾਲਮ ਸਾਲਾਂ 'ਚ ਦਿੱਲੀ ਤੋਂ ਰੋਹਤਕ ਤੱਕ ਸਫਰ ਸੌਖਾਲਾ ਹੋਣ ਵਾਲਾ ਹੈ। ਅਜਿਹਾ ਇਸ ਲਈ ਕਿਉਂਕਿ ਸੂਬੇ 'ਚ ਮੈਟਰੋ ਅਤੇ ਖੇਤਰੀ ਰੈਪਿਡ ਟਰਾਂਜ਼ਿਟ ਸਿਸਟਮ () ਵਰਗੀਆਂ ਸਹੂਲਤਾਂ ਦਾ ਵਿਸਥਾਰ ਕੀਤਾ ਜਾਵੇਗਾ। ਇਸ ਸਬੰਧੀ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕੇਂਦਰੀ ਰਿਹਾਇਸ ਅਤੇ ਸਹਿਰੀ ਮੰਤਰੀ ਮਨੋਹਰ ਲਾਲ ਨਾਲ ਮੀਟਿੰਗ ਕੀਤੀ ਹੈ। ਜਾਣਕਾਰੀ ਮੁਤਾਬਕ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਮਨੋਹਰ ਲਾਲ ਵਿਚਾਲੇ ਇਹ ਵਿਹਾਰ ਤੋਂ ਹਵਾਈ ਅੱਡੇ ਤੱਕ ਮੈਟਰੋ ਨੂੰ ਜੋੜਨ ਲਈ ਅਧਿਐਨ ਕੀਤਾ ਜਾਵੇਗਾ। ਇਸ ਤੋਂ ਬਾਅਦ ਦੋ ਵੱਖ-ਵੱਖ ਲਾਈਨਾਂ ਵਿਛਾਉਣ ਲਈ ਵੀ ਅਧਿਐਨ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਕਈ ਰੂਟਾਂ 'ਤੇ ਮੈਟਰੋ ਲਾਈਨਾਂ ਅਤੇ ਖੇਤਰੀ ਰੈਪਿਡ ਟਰਾਂਜ਼ਿਟ ਸਿਸਟਮ ਲਾਈਨਾਂ ਵਿਛਾਉਣ ਲਈ ਅਧਿਐਨ ਵੀ ਕੀਤਾ ਜਾ ਰਿਹਾ ਹੈ। ਦੱਸ ਦੇਈਏ ਕਿ ਹਾਲ ਹੀ 'ਚ ਭਾਜਪਾ ਨੇ ਸੂਬੇ 'ਚ ਤੀਜੀ ਵਾਰ ਆਪਣੀ ਸਰਕਾਰ ਬਣਾਈ ਹੈ। ਜਿਸ ਤੋਂ ਬਾਅਦ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਕਾਫੀ ਸਰਗਰਮ ਨਜਰ ਆ ਰਹੇ ਹਨ ਅਤੇ ਮੁੱਖ ਮੰਤਰੀ ਸੂਬੇ ਦੇ ਆਉਣ ਵਾਲੇ ਵਿਕਾਸ ਕਾਰਜਾਂ ਨੂੰ ਲੈ ਕੇ ਚਰਚਾ ਕਰ ਰਹੇ ਹਨ।






# ਰਿਸ਼ਤਿਆਂ ਦੀ ਭਾਲ ਅਤੇ ਪਰਦੇਸੀ



ਕੋਈ ਸਮਾਂ ਸੀ ਜਦੋਂ ਮੁੰਡੇ-ਕੁੜੀ ਦਾ ਰਿਸ਼ਤਾ ਘਰ, ਘਰਾਣਾ ਜਾਂ ਖ਼ਾਨਦਾਨ ਦੇਖ ਕੇ ਕੀਤਾ ਜਾਂਦਾ ਸੀ। ਲਾਗੀ ਲੋਕ ਮੁੰਡੇ ਵਾਲਿਆਂ ਦੇ ਘਰ ਜਾ ਕੇ ਗੁੜ ਦੀ ਰੋੜੀ ਅਤੇ ਇੱਕ ਰੁਪਿਆ ਸ਼ਗਨ ਦਾ ਦੇ ਆਉਂਦੇ ਸਨ ਅਤੇ ਰਿਸ਼ਤਾ ਪੱਕਾ ਸਮਝਿਆ ਜਾਂਦਾ ਸੀ। ਕੋਈ ਦੇਖ-ਦਿਖਾਵਾ ਨਹੀਂ ਸੀ ਹੁੰਦਾ। ਜ਼ਬਾਨ 'ਤੇ ਵਿਸ਼ਵਾਸ ਕੀਤਾ ਜਾਂਦਾ ਸੀ। ਸਾਹੇ ਚਿੱਠੀ ਵੀ ਲਾਗੀ ਹੀ ਲੈ ਕੇ ਜਾਂਦੇ ਸਨ। ਫੋਨ ਤਾਂ ਹੁੰਦੇ ਹੀ ਨਹੀਂ ਸਨ। ਆਪਸੀ ਪੱਤਰ-ਵਿਹਾਰ, ਮੁੰਦਰੀਆਂ ਦੀ ਵਟਾਂਦਰਾ ਰਸਮ, ਚੂੜੀਆਂ ਜਾਂ ਚੁੰਨੀ ਚੜ੍ਹਾਉਣ ਆਦਿ ਵਰਗੇ ਖ਼ਰਚੀਲੇ ਅਤੇ ਫਾਲਤੂ ਰਿਵਾਜ ਵੀ ਨਹੀਂ ਸਨ ਹੁੰਦੇ। ਮੁੰਡਾ-ਕੁੜੀ ਵਿਆਹ ਤੋਂ ਬਾਅਦ ਹੀ ਇੱਕ-ਦੂਜੇ ਨੂੰ ਦੇਖਦੇ ਸਨ। ਦੋਵਾਂ ਦਿਲਾਂ ਵਿੱਚ ਇੱਕ-ਦੂਜੇ ਲਈ ਕਿੰਨਾ ਚਾਅ, ਪਿਆਰ ਅਤੇ ਤਾਂਘ ਹੁੰਦੀ ਸੀ। ਜਵਾਨ ਦਿਲ ਇੱਕ-ਦੂਜੇ ਨੂੰ ਦੇਖਣ ਤੋਂ ਪਹਿਲਾਂ ਕਿੰਨੇ ਹੁਸੀਨ ਸੁਫ਼ਨੇ ਸਜਾ ਕੇ ਰੱਖਦੇ ਹੋਣਗੇ। ਉਤਾਵਲੇਪਣ ਦੇ ਬਾਵਜੂਦ ਕਿੰਨਾ ਸਬਰ ਹੁੰਦਾ ਸੀ ਪਰ ਸਭ ਕੁਝ ਕੁਦਰਤੀ ਹੁੰਦਾ ਸੀ। ਮਾਪਿਆਂ ਵੱਲੋਂ ਕੀਤਾ ਗਿਆ ਰਿਸ਼ਤਾ ਸਿਰ-ਮੱਥੇ ਕਬੂਲ ਕੀਤਾ ਜਾਂਦਾ ਸੀ ਅਤੇ ਅਜਿਹੇ ਰਿਸ਼ਤੇ ਉਮਰ ਭਰ ਨਿਭਾਏ ਜਾਂਦੇ ਸਨ।

ਸਮੇਂ ਦੇ ਨਾਲ ਸਭ ਕੁਝ ਬਦਲ ਗਿਆ ਹੈ, ਖ਼ਾਸ ਤੌਰ 'ਤੇ ਕੁੜੀਆਂ ਲਈ ਢੁਕਵਾਂ ਵਰ ਲੱਭਣਾ ਬਹੁਤ ਵੱਡੀ ਸਮੱਸਿਆ ਬਣ ਗਈ ਹੈ। ਮੁੰਡਿਆਂ ਦੇ ਮੁਕਾਬਲੇ ਕੁੜੀਆਂ ਜ਼ਿਆਦਾ ਪੜ੍ਹ ਗਈਆਂ ਹਨ। ਉੱਚ ਡਿਗਰੀਆਂ ਪ੍ਰਾਪਤ ਕਰਨ ਦੇ ਨਾਲ-ਨਾਲ ਉਹ ਉਮਰ ਵਿੱਚ ਵੀ ਵੱਡੀਆਂ ਹੋ ਰਹੀਆਂ ਹਨ। ਪੜ੍ਹਾਈ ਮੁੱਕਣ 'ਚ ਹੀ ਨਹੀਂ ਆਉਂਦੀ। ਗਰੈਜੂਏਸ਼ਨ ਦੇ ਨਾਲ ਮਾਸਟਰ ਡਿਗਰੀ ਪ੍ਰਾਪਤ ਕਰਨ ਵਿੱਚ ਹੀ ਬਿਹਤਰੀ ਸਮਝੀ ਜਾਂਦੀ ਹੈ ਤਾਂ ਜੋ ਨੌਕਰੀ ਮਿਲਣ ਵਿੱਚ ਕੋਈ ਰੁਕਾਵਟ ਨਾ ਆਵੇ। ਹਰ ਮਾਂ-ਬਾਪ ਸੋਚਦੇ ਹਨ ਜੇ ਧੀ ਚੰਗੀ ਪੜ੍ਹੀ-ਲਿਖੀ ਹੋਵੇਗੀ ਤਾਂ ਵਰ-ਘਰ ਵੀ ਚੰਗਾ ਮਿਲ ਜਾਵੇਗਾ ਪਰ ਅਫ਼ਸੋਸ ਕਿ ਰਿਸ਼ਤਿਆਂ ਦੀ ਮੰਡੀ ਵਿੱਚ ਪਾਰਖੂ ਅੱਖਾਂ ਦੀ ਘਾਟ ਹੈ। ਕਦਰਾਂ ਕੀਮਤਾਂ ਦਾ ਕੋਈ ਮੁੱਲ ਨਹੀਂ। ਅੱਜ-ਕੱਲ੍ਹ ਬਾਹਰੀ ਖ਼ੂਬਸੂਰਤੀ ਵੇਖੀ ਜਾਂਦੀ ਹੈ। ਅੰਦਰਲੇ ਗੁਣਾਂ ਦੀ ਕੋਈ ਕਦਰ ਨਹੀਂ। ਫੈਸ਼ਨ ਦੇ ਯੁੱਗ ਵਿੱਚ ਸਭ ਕੁਝ ਫ਼ਿਲਮੀ ਹੁੰਦਾ ਜਾ ਰਿਹਾ ਹੈ। ਬਾਹਰਲਾ ਸੁਹੱਪਣ ਦੇਖਣ-ਪਰਖਣ ਦਾ ਜ਼ਮਾਨਾ ਹੈ। ਜਿਵੇਂ ਕੁੜੀ ਨਹੀਂ, ਕੋਈ ਸ਼ੋਅ ਪੀਸ ਖਰੀਦ ਕੇ ਘਰ ਸਜਾਵਟ ਲਈ ਰੱਖਣਾ ਹੋਵੇ। ਗੁਣਾਂ ਨੂੰ ਅਣਗੌਲਿਆ ਕਰਕੇ ਸ਼ਕਲ ਦੇਖੀ ਜਾਂਦੀ ਹੈ। ਅਨੇਕਾਂ ਵਾਰ ਕੁੜੀ ਨੂੰ ਇਹ ਕਹਿ ਕੇ ਅਪ੍ਰਵਾਨ ਕਰ ਦਿੱਤਾ ਜਾਂਦਾ ਹੈ: "ਸਭ ਕੁਝ ਠੀਕ ਠਾਕ ਹੈ ਪਰ ਕੁੜੀ ਹਾਈ ਫਾਈ ਨਹੀਂ ਲੱਗਦੀ।" ਭਲੇ ਹੀ ਲੜਕੀ ਗੁਣਵਾਨ ਅਤੇ ਵਧੀਆ ਸੰਸਕਾਰਾਂ ਦੀ ਧਾਰਨੀ ਹੋਵੇ। ਦੂਜੇ ਦੀ ਧੀ-ਭੈਣ ਨੂੰ ਨੁਮਾਇਸ਼ ਲਈ ਪਈ ਚੀਜ਼ ਵਾਂਗ ਦੇਖਿਆ ਤੇ ਪਰਖਿਆ ਜਾਂਦਾ ਹੈ।

ਅੱਜ ਬਹੁਤੀ ਸਿਆਣਪ ਸਮਾਜਿਕ ਸਮੱਸਿਆਵਾਂ ਪੈਦਾ ਕਰ ਰਹੀ ਹੈ। ਗੜਬੜ ਉਦੋਂ ਜ਼ਿਆਦਾ ਹੁੰਦੀ ਹੈ ਜਦੋਂ ਕਿਸੇ ਦਾ ਮੁੰਡਾ ਬਾਹਰਲੇ ਮੁਲਕ ਤੋਂ ਆਇਆ ਹੋਵੇ। ਕਿਸੇ ਤੋਂ ਇਹ ਗੱਲ ਗੁੱਝੀ ਨਹੀਂ ਕਿ ਬਾਹਰ, ਬਹੁਤੀ ਵਾਰ ਮਜ਼ਦੂਰੀ ਹੀ ਕਰਨੀ ਪੈਂਦੀ ਹੈ ਜਿਸ ਨੂੰ ਸਾਡੇ ਦੇਸ਼ ਵਿੱਚ ਘਟੀਆ ਸਮਝਿਆ ਜਾਂਦਾ ਹੈ। ਵਿਦੇਸ਼ਾਂ ਵਿੱਚ ਕਈ ਤਰ੍ਹਾਂ ਦੇ ਪਾਪੜ ਵੇਲਣੇ ਪੈਂਦੇ ਹਨ। ਡਾਲਰ ਇਕੱਠੇ ਕਰਨ ਲਈ ਖੇਤਾਂ ਵਿੱਚ ਬੇਰੀਆਂ ਤੇ ਕਿੰਨੂ ਤੋੜਨੇ ਪੈਂਦੇ ਹਨ ਅਤੇ ਬਹੁਤੀ ਵਾਰ ਟੈਕਸੀ ਚਲਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੁੰਦਾ। ਖ਼ੈਰ! ਕੰਮ ਕੋਈ ਵੀ ਮਾੜਾ ਨਹੀਂ। ਇਸ ਸੋਚ ਤੋਂ ਉੱਪਰ ਉੱਠਣ ਦੀ ਲੋੜ ਹੈ। ਅਜਿਹੇ ਲੜਕੇ ਡਾਲਰ ਕਮਾ ਕੇ ਜਦੋਂ ਰਿਸ਼ਤਾ ਲੱਭਣ ਆਪਣੇ ਦੇਸ਼ ਪਰਤਦੇ ਹਨ ਤਾਂ ਉਨ੍ਹਾਂ ਦੀ ਖ਼ਾਸ ਤੌਰ 'ਤੇ ਉਨ੍ਹਾਂ ਦੇ ਮਾਪੇ ਅਤੇ ਭੈਣਾਂ-ਭਰਾਵਾਂ ਦੀ ਆਕੜ ਸੱਤ ਅਸਮਾਨੀ ਚੜ੍ਹ ਜਾਂਦੀ ਹੈ। ਉਹ ਆਪਣੇ ਪੁੱਤ ਨੂੰ ਕਿਸੇ ਰਾਜੇ-ਮਹਾਰਾਜੇ ਤੋਂ ਘੱਟ ਨਹੀਂ ਸਮਝਦੇ। ਕੁਝ ਦਿਨਾਂ ਵਿੱਚ ਹੀ ਕਿਰਾਏ ਦੀਆਂ ਕਾਰਾਂ ਲੈ ਕੇ ਕੁੜੀ ਦੇਖਣ ਲਈ ਰਵਾਨਾ ਹੋ ਜਾਂਦੇ ਹਨ। ਉਹ ਕੁੜੀ ਨਹੀਂ, ਕੁੜੀਆਂ ਦੇਖਦੇ ਹਨ ਜਿਨ੍ਹਾਂ ਨੂੰ ਪਹਿਲਾਂ ਹੀ ਲਾਰੇ ਲਾਏ ਹੋਏ ਹੁੰਦੇ ਹਨ। ਪੂਰਾ ਟੱਬਰ ਅੱਜ ਕਿਤੇ ਤੇ ਕੱਲ੍ਹ ਕਿਤੇ, ਕੁੜੀ ਦੇਖਣ ਤੁਰੇ ਰਹਿੰਦੇ ਹਨ। ਅਜਿਹੀਆਂ ਧਾੜਾਂ, ਆਮ ਦੇਖਣ ਨੂੰ ਮਿਲਦੀਆਂ ਹਨ ਪਰ ਉਨ੍ਹਾਂ ਨੂੰ ਕੋਈ ਕੁੜੀ ਪਸੰਦ ਆਉਂਦੀ ਨਹੀਂ। ਉਹ ਵੱਖ-ਵੱਖ ਕੁੜੀਆਂ ਦਾ ਤੁਲਨਾਤਮਕ ਅਧਿਐਨ ਕਰਦੇ ਹਨ। ਘਰ ਵਾਲੇ ਮੁੰਡੇ ਨੂੰ ਲੈ ਕੇ ਇਵੇਂ ਤੁਰੇ ਫਿਰਦੇ ਹਨ ਜਿਵੇਂ ਮਾਲ ਮੰਡੀ ਵਿੱਚੋਂ ਕਿਸੇ ਡੰਗਰ ਨੂੰ ਪਸੰਦ ਕਰਨਾ ਹੋਵੇ। ਕੁੜੀ ਵਾਲੇ ਵਿਚਾਰੇ ਵਿੱਤੋਂ ਬਾਹਰਾ ਖ਼ਰਚ ਕਰ ਕੇ ਬਾਹਰੋਂ ਆਏ ਸ਼ਹਿਜ਼ਾਦੇ ਦੀ ਆਓ-ਭਗਤ ਵਿੱਚ ਜੁਟ ਜਾਂਦੇ ਹਨ। ਕੁੜੀ ਨਿਮਾਣੀ ਜਿਹੀ ਹੋ ਕੇ ਬੈਠ ਜਾਂਦੀ ਹੈ। ਕੁੜੀ ਦੀ ਇੰਟਰਵਿਊ ਲਈ ਜਾਂਦੀ ਹੈ। ਸਾਰੇ ਜੀਅ ਵਾਰੋ-ਵਾਰੀ ਉਸ 'ਤੇ ਵੰਨ-ਸੁਵੰਨੇ ਸੁਆਲਾਂ ਦੀ ਬੁਛਾੜ ਕਰਦੇ ਹਨ। ਸੁਆਲ ਵੀ ਅਜਿਹੇ ਕੀਤੇ ਜਾਂਦੇ ਹਨ ਜਿਵੇਂ ਉਹ ਰਿਸ਼ਤਾ ਲੈਣ ਨਹੀਂ ਬਲਕਿ ਨੌਕਰੀ ਦੇਣ ਲਈ ਆਏ ਹੋਣ। ਉਹ ਇਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਦੀ ਧੀ-ਭੈਣ ਨੂੰ ਵੀ ਕਿਸੇ ਨੇ ਪਸੰਦ ਕਰਨਾ ਹੈ। ਮੁੰਡੇ ਵਾਲਿਆਂ ਦੇ ਜਾਣ ਮਗਰੋਂ ਕੁੜੀ ਵੀ ਸੋਚਦੀ ਹੈ ਕਿ ਸੁਆਲਾਂ ਦੇ ਜੁਆਬ ਠੀਕ ਹੀ ਦਿੱਤੇ ਗਏ ਹਨ, ਗੱਲ ਬਣ ਹੀ ਜਾਵੇਗੀ। ਮਾਪੇ ਵੀ ਖ਼ੁਸ਼ੀ ਵਿੱਚ ਆਸਵੰਦ ਹੋ ਜਾਂਦੇ ਹਨ ਪਰ ਕਈ ਦਿਨਾਂ ਦੀ ਉਡੀਕ ਪਿੱਛੋਂ ਜਦੋਂ ਇਨਕਾਰ ਦਾ ਪੈਗ਼ਾਮ ਆਉਂਦਾ ਹੈ ਤਾਂ ਰੱਬ ਹੀ ਜਾਣਦਾ ਹੈ, ਉਨ੍ਹਾਂ ਦੇ ਦਿਲ 'ਤੇ ਕੀ ਬੀਤਦੀ ਹੋਵੇਗੀ। ਕੁੜੀ ਅੰਦਰ ਕਿੰਨੀ ਹੀਣ ਭਾਵਨਾ ਪੈਦਾ ਹੋ ਜਾਂਦੀ ਹੋਵੇਗੀ।

ਉਂਜ ਹੁਣ ਲੜਕੀ ਵਾਲੇ ਵੀ ਭਲੀ ਭਾਂਤ ਜਾਣਦੇ ਜਾਂਦੇ ਹਨ ਕਿ ਸਾਰੇ ਲੜਕੇ ਉਨ੍ਹਾਂ ਲਈ ਯੋਗ ਵਰ ਸਾਬਤ ਨਹੀਂ ਹੋ ਸਕਦੇ। ਕੁੜੀਆਂ ਨੂੰ ਵੀ ਚਾਨਣ ਹੁੰਦਾ ਜਾਂਦਾ ਹੈ। ਉਹ ਖ਼ੁਦ ਵੀ ਦੇਖਣ-ਪਰਖਣ ਅਤੇ ਉਨ੍ਹਾਂ ਦੀਆਂ ਚਾਲਾਂ ਨੂੰ ਸਮਝਣ ਦੇ ਸਮਰੱਥ ਹੋ ਗਈਆਂ ਹਨ। ਉਹ ਵੀ ਹੁਣ ਫੋਕੀਆਂ ਟੌਹਰਾਂ ਮਾਰਨ ਵਾਲਿਆਂ ਨੂੰ ਖਰੀ ਗੱਲ ਕਹਿਣ ਤੋਂ ਗੁਰੇਜ਼ ਨਹੀਂ ਕਰਨਗੀਆਂ ਅਤੇ ਮੁੰਡੇ ਵਾਲਿਆਂ ਨੂੰ ਮੂੰਹ ਦੀ ਖਾਣੀ ਪਿਆ ਕਰੇਗੀ। ਉਨ੍ਹਾਂ ਦੀ ਮਜਬੂਰੀ ਜਾਂ ਲਾਚਾਰੀ ਦਾ ਹੁਣ ਨਾਜਾਇਜ਼ ਫਾਇਦਾ ਨਹੀਂ ਉਠਾਇਆ ਜਾ ਸਕਿਆ ਕਰੇਗਾ। ਨੌਜਵਾਨਾਂ ਨੂੰ ਇੱਕ ਗੱਲ ਸਮਝਣੀ ਚਾਹੀਦੀ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਦੀਆਂ ਖ਼ੁਸ਼ੀਆਂ ਸੋਹਣੇ ਚਿਹਰਿਆਂ 'ਤੇ ਨਹੀਂ, ਸੋਹਣੀਆਂ ਰੂਹਾਂ 'ਤੇ ਨਿਰਭਰ ਕਰਦੀਆਂ ਹਨ। ਗ੍ਰਹਿਸਥੀ ਜੀਵਨ ਤਾਂ ਹੀ ਸ਼ਾਨਦਾਰ ਤੇ ਸੁਖੀ ਹੁੰਦਾ ਹੈ ਜੇ ਕੁੜੀ ਘਰੇਲੂ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਹੋਵੇ। ਪੜ੍ਹਾਈ ਤੋਂ ਇਲਾਵਾ ਉਸ ਵਿੱਚ ਸਲੀਕਾ ਤੇ ਸ਼ਾਲੀਨਤਾ ਹੋਵੇ। ਮਿੱਠ-ਬੋਲੜੀ ਅਤੇ ਤਮੀਜ਼ ਰੱਖਦੀ ਹੋਵੇ। ਲੜਕੇ ਦੇ ਮਾਪਿਆਂ ਅਤੇ ਰਿਸ਼ਤੇਦਾਰਾਂ ਦਾ ਸਤਿਕਾਰ ਕਰਨਾ ਜਾਣਦੀ ਹੋਵੇ। ਵਿਆਹ ਉਪਰੰਤ ਇੱਕ ਚੰਗੀ ਪਤਨੀ, ਸੁਘੜ-ਸਿਆਣੀ ਨੂੰਹ ਅਤੇ ਚੰਗੀ ਮਾਂ ਬਣਨ ਦੇ ਯੋਗ ਹੋਵੇ। ਦੁੱਖ-ਸੁੱਖ ਵੇਲੇ ਪਤੀ ਦੇ ਮੋਢੇ ਨਾਲ ਮੋਢਾ ਜੋੜ ਕੇ ਤੁਰਨ ਦੇ ਸਮਰੱਥ ਹੋਵੇ। ਸੁਸ਼ੀਲ, ਸੂਝਵਾਨ ਅਤੇ ਉੱਚੇ-ਸੁੱਚੇ ਆਦਰਸ਼ਾਂ ਦੀ ਮਾਲਕਣ ਹੋਵੇ। ਚੰਗੇ ਸੰਸਕਾਰਾਂ ਵਾਲੀ ਕੁੜੀ ਹੀ ਵਿਦੇਸ਼ ਜਾ ਕੇ ਆਪਣੇ ਸੱਭਿਆਚਾਰ ਨੂੰ ਸੰਭਾਲ ਕੇ ਰੱਖਦੀ ਹੈ ਅਤੇ ਵਿਦੇਸ਼ ਵਿੱਚ ਆਪਣੀ ਕੌਮ ਦੇ ਰਾਜਦੂਤ ਵਜੋਂ ਵਿਚਰਦੀ ਹੈ। ਗ੍ਰਹਿਸਥੀ ਨੂੰ ਉਹੀ ਕੁੜੀਆਂ ਸਹੀ ਢੰਗ ਨਾਲ ਚਲਾ ਸਕਦੀਆਂ ਹਨ, ਜਿਨ੍ਹਾਂ ਸੰਜਮ 'ਚ ਰਹਿਣਾ ਸਿੱਖਿਆ ਹੁੰਦਾ ਹੈ ਨਾ ਕਿ ਫੋਕੀ ਫੂੰ-ਫਾਂ ਵਾਲੀਆਂ। ਸੁਚੱਜੀ ਸਾਦਗੀ ਅਤੇ ਉੱਚਾ ਚਰਿੱਤਰ ਕੁੜੀ ਦਾ ਉਮਰ ਭਰ ਦਾ ਗਹਿਣਾ ਹੁੰਦਾ ਹੈ। ਸੂਰਤ ਨਾਲੋਂ ਸੀਰਤ ਜ਼ਿਆਦਾ ਮਾਇਨੇ ਰੱਖਦੀ ਹੈ। ਰਿਸ਼ਤਾ ਕਰਨ ਲੱਗਿਆਂ ਅਜਿਹੀਆਂ ਗੱਲਾਂ ਵਿਚਾਰਨਯੋਗ ਹੁੰਦੀਆਂ ਹਨ।

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਉੱਚ ਸੰਸਕਾਰਾਂ ਦੇ ਧਾਰਨੀ ਬਣਨ ਅਤੇ ਆਪਣੇ ਪੁੱਤਾਂ-ਧੀਆਂ ਨੂੰ ਵੀ ਚੰਗੇ ਸੰਸਕਾਰ ਦੇਣ। ਕਦਰਾਂ-ਕੀਮਤਾਂ ਦਾ ਜੋ ਸੰਕਟ ਖੜ੍ਹਾ ਹੋਇਆ ਪਿਆ ਹੈ, ਉਸ ਦੀ ਪੂਰਤੀ ਲਈ ਆਪਣਾ ਯੋਗਦਾਨ ਪਾਉਣ। ਪਰਦੇਸੀ ਗੱਭਰੂ ਆਪਣੀ ਹੱਡ-ਭੰਨਵੀਂ ਕਮਾਈ ਨੂੰ ਫੋਕੀ ਸ਼ਾਨ ਖ਼ਾਤਰ ਪਾਣੀ ਵਾਂਗ ਨਾ ਵਹਾਉਣ। ਜੇ ਪੈਸਾ ਵਾਧੂ ਹੈ ਤਾਂ ਕਿਸੇ ਸਕੂਲ ਦੇ ਭਰੋਸੇਯੋਗ ਮੁਖੀ ਦੀ ਸਹਾਇਤਾ ਨਾਲ ਆਰਥਿਕ ਤੰਗੀ ਨਾਲ ਜੂਝ ਰਹੇ ਪੜ੍ਹਾਈ ਦੇ ਚਾਹਵਾਨ, ਕਾਬਲ, ਗੁਣੀ ਅਤੇ ਲੋੜਵੰਦ ਬੱਚਿਆਂ ਦੀ ਮਦਦ ਕਰਨ। ਵਿਆਹਾਂ 'ਤੇ ਦਿਖਾਵੇ ਲਈ ਅੰਧਾਧੁੰਦ ਫ਼ਜ਼ੂਲ ਖ਼ਰਚੀ ਪੈਸੇ ਦੀ ਬਰਬਾਦੀ ਹੈ। ਅਜਿਹੀਆਂ ਗੱਲਾਂ ਸੋਭਦੀਆਂ ਨਹੀਂ। ਸਿੱਖ ਧਰਮ ਨੂੰ ਮੰਨਣ ਵਾਲੇ ਵਿਆਹ ਸ਼ਾਦੀ ਗੁਰ-ਮਰਿਆਦਾ ਅਨੁਸਾਰ ਕਰਵਾਉਣ। ਫ਼ਜ਼ੂਲ ਦੀਆਂ ਰਸਮਾਂ ਅਤੇ ਫ਼ਿਲਮੀ ਵਿਆਹ ਕਰਾਉਣੇ ਤਿਆਗ ਦਿੱਤੇ ਜਾਣ। ਫ਼ਿਲਮੀ ਵਿਆਹ ਸਕਰੀਨ 'ਤੇ ਹੀ ਫਬਦੇ ਹਨ। ਆਓ ਸੱਚ ਦੇ ਧਾਰਨੀ ਬਣੀਏ, ਅਸਲੀਅਤ ਨੂੰ ਪਰਖੀਏ ਅਤੇ ਇਨਸਾਨੀ ਗੁਣਾਂ ਦੀ ਕਦਰ ਕਰੀਏ।

**- ਲਖਬੀਰ ਕੌਰ**

# ਸਹਿਜ ਖੋਹਿਆ ਕਾਹਲੀ ਪ੍ਰਧਾਨ



ਅਜੋਕੀ ਭੱਜ-ਦੌੜ ਦੀ ਜ਼ਿੰਦਗੀ ਵਿੱਚੋਂ ਸਹਿਜਤਾ ਦਿਨੋਂ-ਦਿਨ ਖਾਰਜ ਹੁੰਦੀ ਜਾ ਰਹੀ ਹੈ ਅਤੇ ਚਾਰੇ ਪਾਸੇ ਕਾਹਲ ਪ੍ਰਧਾਨ ਹੈ। ਇਸ ਕਾਹਲ ਨੇ ਸਾਡੇ ਜੀਵਨ ਵਿੱਚੋਂ ਸਹਿਜਤਾ ਦਾ ਅਨੂਠਾ ਰਸ ਚੂਸ ਲਿਆ ਹੈ। ਬਸ ਅਸੀਂ ਕਾਹਲ ਦੇ ਕਾਲ-ਚੱਕਰ ਉੱਤੇ ਚੜ੍ਹੇ ਹੋਏ ਹਾਂ। ਪੁਰਾਣੀ ਕਹਾਵਤ ਹੈ ਕਾਹਲ ਨਾਮ ਕਾਲ ਦਾ ਜਾਂ ਕਾਹਲੀ ਅੱਗੇ ਟੋਏ। ਪੁਰਾਤਨ ਸਮੇਂ ਵੱਲ ਨਜ਼ਰ ਮਾਰੀਏ ਤਾਂ ਜੀਵਨ ਕੁਦਰਤ ਦੇ ਨੇੜੇ ਅਤੇ ਸਹਿਜ ਵਿੱਚ ਸੀ। ਸਵੇਰ ਤੋਂ ਸ਼ਾਮ ਤਕ ਦੇ ਹਰ ਕੰਮ ਵਿੱਚ ਸਹਿਜਤਾ ਝਲਕਦੀ ਸੀ ਭਾਵੇਂ ਉਸ ਸਮੇਂ ਮਸ਼ੀਨਾਂ ਦੀ ਅਣਹੋਂਦ ਕਾਰਨ ਸਾਰੇ ਕੰਮ ਹੱਥੀਂ ਕਰਨੇ ਪੈਂਦੇ ਸਨ, ਇਸੇ ਕਰਕੇ ਕੰਮ ਦੀ ਬਹੁਲਤਾ ਸੀ ਪਰ ਫਿਰ ਵੀ ਸਾਡੇ ਵਡੇਰਿਆਂ ਨੇ ਸਹਿਜਤਾ ਦਾ ਪੱਲਾ ਨਹੀਂ ਸੀ ਛੱਡਿਆ। ਸਹਿਜ, ਠਰ੍ਹੰਮਾ, ਸੰਜਮ, ਸਲੀਕਾ ਪੁਰਾਣੇ ਵੇਲਿਆਂ ਦੇ ਅਣਮੁੱਲੇ ਗੁਣ ਸਨ। ਸਵੇਰੇ ਉੱਠਦਿਆਂ ਹੀ ਨਿੰਮ, ਕਿੱਕਰ ਜਾਂ ਟਾਹਲੀ ਦੀ ਦਾਤਣ ਤੋੜ ਕੇ ਬੜੇ ਸਹਿਜ ਨਾਲ ਚਬਾਉਂਦਿਆਂ-ਚਬਾਉਂਦਿਆਂ ਖੁੱਲ੍ਹੇ ਖੇਤਾਂ ਦੀ ਸੈਰ ਕਰ ਲਈ ਜਾਂਦੀ ਸੀ। ਕੁਦਰਤ ਨਾਲ ਮੇਲ-ਮਿਲਾਪ ਦਾ ਇਹ ਬਹੁਤ ਵਧੀਆ ਤਰੀਕਾ ਸੀ ਪਰ ਅਜੋਕੇ ਮਸ਼ੀਨੀ ਯੁੱਗ ਵਿੱਚ ਇਨਸਾਨ ਵੀ ਜਿਵੇਂ ਮਸ਼ੀਨ ਬਣਦਾ ਜਾ ਰਿਹਾ ਹੈ। ਸਵੇਰੇ ਉੱਠਦਿਆਂ ਦੰਦਾਂ 'ਤੇ ਬੁਰਸ਼ ਬੜੀ ਤੇਜ਼ੀ ਨਾਲ ਰਗੜਿਆ ਜਾਂਦਾ ਹੈ ਅਤੇ ਘੜੀ ਦੀਆਂ ਸੂਈਆਂ ਵੱਲ ਵਾਰ-ਵਾਰ ਨਿਗ੍ਹਾ ਮਾਰਦਿਆਂ ਕਾਹਲੀ-ਕਾਹਲੀ ਵਾਸ਼ ਬੇਸਨ 'ਤੇ ਖੜ੍ਹੇ ਹੀ ਮੂੰਹ ਧੋ ਲਿਆ ਜਾਂਦਾ ਹੈ। ਫਿਰ ਘਰ ਦੀ ਗ੍ਰਹਿਣੀ ਰਸੋਈ ਵਿੱਚ ਖੜ੍ਹੀ-ਖੜ੍ਹੀ ਹੀ ਨਾਸ਼ਤਾ ਤਿਆਰ ਕਰਦੀ ਹੈ। ਇਸ ਕਾਹਲ ਕਰਕੇ ਹੀ ਪਰੈਸ਼ਰ ਕੁੱਕਰਾਂ ਦੀਆਂ ਸੀਟੀਆਂ ਵੱਜਦੀਆਂ ਹਨ। ਅਤਿ ਆਧੁਨਿਕ ਸਹੂਲਤਾਂ ਕਰਕੇ ਨਾ ਸਹਿਜਤਾ ਨਾਲ ਖਾਣਾ ਬਣਦਾ ਹੈ, ਨਾ ਗਰਮ ਹੁੰਦਾ ਹੈ ਅਤੇ ਨਾ ਹੀ ਸਹਿਜਤਾ ਨਾਲ ਉਸ ਨੂੰ ਠੰਢਾ ਹੋਣ ਦਿੱਤਾ ਜਾਂਦਾ ਹੈ। ਕਾਹਲ ਵਿੱਚ ਫਰਿੱਜਾਂ ਦਾ ਸਹਾਰਾ ਲਿਆ ਜਾਂਦਾ ਹੈ। ਪਹਿਲਾਂ ਚੁੱਲ੍ਹੇ-ਹਾਰਿਆਂ ਵਿੱਚ ਬੜੀ ਸਹਿਜਤਾ ਨਾਲ ਖਿਚੜੀ ਤੇ ਦਾਲ ਰਿੱਝਦੀ ਸੀ, ਦੁੱਧ ਕੜ੍ਹਦਾ ਸੀ। ਇਸੇ ਸਹਿਜਤਾ ਕਰਕੇ ਹੀ ਖਾਣੇ ਵਿੱਚ ਕੁਦਰਤੀ ਮਿਠਾਸ ਕਾਇਮ ਰਹਿੰਦੀ ਸੀ ਅਤੇ ਖਾਣਾ ਸੁਆਦੀ ਹੁੰਦਾ ਸੀ ਪਰ ਹੁਣ ਤਾਂ ਖੇਤਾਂ ਵਿੱਚ ਖੜ੍ਹੇ ਫਲ-ਸਬਜ਼ੀਆਂ ਨੂੰ ਵੀ ਮਸਾਲੇ ਤੇ ਟੀਕੇ ਲਾ ਕੇ ਕਾਹਲ ਵਿੱਚ ਪਕਾਇਆ ਜਾ ਰਿਹਾ ਹੈ। ਹਾਈਬ੍ਰਿਡ ਬੀਜ ਵਰਤੇ ਜਾ ਰਹੇ ਹਨ ਜਿਨ੍ਹਾਂ ਕਰਕੇ ਮਿਕਦਾਰ ਵਧਾਉਂਦਿਆਂ ਅਸੀਂ ਗੁਣਵੱਤਾ ਗੁਆ ਬੈਠੇ ਹਾਂ। ਰਵਾਇਤੀ ਫ਼ਸਲਾਂ ਦੇ ਬੀਜ ਖ਼ਤਮ ਹੁੰਦੇ ਜਾ ਰਹੇ ਹਨ। ਰਹਿੰਦੀ-ਖੂੰਹਦੀ ਕਸਰ ਕੀਟਨਾਸ਼ਕਾਂ ਦਾ ਛਿੜਕਾਅ ਕਰਕੇ ਕੱਢ ਦਿੱਤੀ ਜਾਂਦੀ ਹੈ। ਫਿਰ ਅਸੀਂ ਖਾਣਿਆਂ ਵਿੱਚੋਂ ਕੁਦਰਤੀ ਰਸ ਕਿੱਥੋਂ ਭਾਲਦੇ ਹਾਂ ਕਿਉਂਕਿ ਸਬਰ ਦਾ ਫਲ ਮਿੱਠਾ ਹੁੰਦਾ ਹੈ ਨਾ ਕਿ ਕਾਹਲ ਦਾ। ਕਿੱਥੇ ਗਏ ਉਹ ਸੁਆਦ ਜੋ ਖੇਤਾਂ ਵਿੱਚ ਕੁਦਰਤੀ ਤਰੀਕਿਆਂ ਨਾਲ ਉਗਾਈਆਂ ਦਾਲਾਂ-ਸਬਜ਼ੀਆਂ ਨੂੰ ਘਰ ਦੀਆਂ ਸੁਆਣੀਆਂ ਰਲ-ਮਿਲ ਕੇ ਪੀੜ੍ਹੀਆਂ ਡਾਹ ਕੇ ਚੁੱਲ੍ਹੇ-ਚੌਂਕਿਆਂ 'ਤੇ ਬਣਾਉਂਦੀਆਂ ਸਨ। ਫਿਰ ਸਾਰਾ ਟੱਬਰ ਬੜੇ ਸਹਿਜ ਵਿੱਚ ਚੌਂਕੇ ਉੱਪਰ ਬੈਠ ਕੇ ਲੰਗਰ ਛਕਦਾ ਸੀ ਪਰ ਹੁਣ ਸਕੂਲ, ਦਫ਼ਤਰ ਅਤੇ ਨੌਕਰੀ 'ਤੇ ਜਾਣ ਦੀ ਕਾਹਲ ਵਿੱਚ ਛੇਤੀ-ਛੇਤੀ ਬੁਰਕੀਆਂ ਸੰਘ ਤੋਂ ਪਾਰ ਸੁੱਟ ਲਈਆਂ ਜਾਂਦੀਆਂ ਹਨ।

ਫਿਰ ਮੰਜ਼ਿਲ 'ਤੇ ਜਲਦੀ ਪਹੁੰਚਣ ਦੀ ਕਾਹਲੀ ਨਿੱਤ ਆਵਾਜਾਈ ਹਾਦਸਿਆਂ ਨੂੰ ਸੱਦਾ ਦੇ ਰਹੀ ਹੈ। ਸੜਕਾਂ 'ਤੇ ਲੱਗੇ ਬੋਰਡ ਸਾਨੂੰ ਸੁਚੇਤ ਕਰ ਰਹੇ ਹੁੰਦੇ ਹਨ ਕਿ 'ਕਦੇ ਨਾ ਪਹੁੰਚਣ ਨਾਲੋਂ, ਦੇਰੀ ਨਾਲ ਪਹੁੰਚਣਾ ਚੰਗਾ' ਪਰ ਫਿਰ ਵੀ ਸਾਡੀ ਰਫ਼ਤਾਰ ਕਦੇ ਮੱਠੀ ਨਹੀਂ ਪੈਂਦੀ। ਇਸੇ ਕਾਹਲੀ ਦੇ ਮਾਹੌਲ ਵਿੱਚ ਸਾਡਾ ਮਨ ਹਰ ਸਮੇਂ ਕਾਹਲਾ ਪਿਆ ਰਹਿੰਦਾ ਹੈ ਜਿਸ ਕਾਰਨ ਅਸੀਂ ਗੁੱਸਾ, ਮਾਨਸਿਕ ਤਣਾਓ ਅਤੇ ਹੋਰ ਮਾਨਸਿਕ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਾਂ। ਇਸੇ ਕਰਕੇ ਹੀ ਨਿੱਤ-ਦਿਨ ਲੜਾਈ ਝਗੜਿਆਂ ਵਿੱਚ ਵਾਧਾ ਹੋ ਰਿਹਾ ਹੈ। ਹਿੰਸਕ ਵਾਰਦਾਤਾਂ ਵਧ ਰਹੀਆਂ ਹਨ। ਅੱਜ-ਕੱਲ੍ਹ ਦੀ ਕਾਹਲੀ ਕਾਰਨ ਹੀ ਬੱਚਾ ਆਪਣੇ ਬਚਪਨ ਨੂੰ ਸਹਿਜ ਵਿੱਚ ਨਹੀਂ ਮਾਣ ਰਿਹਾ ਕਿਉਂਕਿ ਜਿੱਥੇ ਪਹਿਲਾਂ ਬੱਚਾ 5-6 ਸਾਲ ਦੀ ਉਮਰ ਤਕ ਆਜ਼ਾਦੀ ਨਾਲ ਆਪਣਾ ਬਚਪਨ ਮਾਣਦਾ ਸੀ, ਉੱਥੇ ਹੁਣ ਉਸ ਦੇ ਬਚਪਨ ਦੇ ਅੱਧੇ ਸਾਲ ਆਧੁਨਿਕ ਯੁੱਗ ਨੇ ਹੜੱਪ ਕਰ ਲਏ ਹਨ। ਦੋ-ਢਾਈ ਸਾਲ ਦੇ ਨਿਆਣੇ ਨੂੰ ਹੀ ਸਕੂਲ ਭੇਜਣ ਦੀ ਕਾਹਲ ਕੀਤੀ ਜਾਂਦੀ ਹੈ। ਇਸ ਕਰਕੇ ਬੱਚਿਆਂ ਨੂੰ ਘਰੇਲੂ ਰਿਸ਼ਤਿਆਂ ਦੀ ਨੇੜਤਾ ਤੇ ਨਿੱਘ ਘੱਟ ਮਿਲਦਾ ਹੈ। ਬੱਚਿਆਂ ਦੇ ਕੱਦ-ਕਾਠ, ਸਰੀਰ ਦਿਨੋਂ-ਦਿਨ ਘਟ ਰਹੇ ਹਨ। ਬੱਚਿਆ ਦੇ ਮੁੱਖੜੇ 'ਤੇ ਅਣਭੋਲ ਮੁਸਕਾਨ ਦੀ ਥਾਂ ਨਿਗ੍ਹਾ ਦੀਆਂ ਐਨਕਾਂ ਨਜ਼ਰ ਆ ਰਹੀਆਂ ਹਨ। ਇਸੇ ਕਰਕੇ ਬੱਚੇ ਜ਼ਿੱਦੀ ਅਤੇ ਸੁਆਰਥੀ ਹੁੰਦੇ ਜਾ ਰਹੇ ਹਨ। ਉਹ ਇਨਸਾਨੀ ਕਦਰਾਂ-ਕੀਮਤਾਂ ਤੋਂ ਸੱਖਣੇ ਕੰਪਿਊਟਰ ਯੁੱਗ ਦੇ ਕੰਪਿਊਟਰ ਮਨੁੱਖ ਬਣਦੇ ਜਾ ਰਹੇ ਹਨ। ਅੱਜ-ਕੱਲ੍ਹ ਤਾਂ ਕਿਸੇ ਖ਼ਾਸ ਦਿਨ 'ਤੇ ਜਨਮ-ਦਿਨ ਬਣਾਉਣ ਲਈ ਬੱਚੇ ਦਾ ਜਨਮ ਵੀ ਕੁਦਰਤੀ ਜਨਮ ਤੋਂ ਪਹਿਲਾਂ ਕਾਹਲੀ ਨਾਲ ਕਰਵਾਇਆ ਜਾ ਰਿਹਾ ਹੈ। ਪੁਰਾਤਨ ਸਮੇਂ ਵਿੱਚ ਸਹਿਜ ਸਲੀਕੇਦਾਰ ਪਹਿਰਾਵਾ ਪਹਿਨਿਆ ਜਾਂਦਾ ਸੀ ਪਰ ਹੁਣ ਸਾਡੇ ਪਹਿਰਾਵੇ ਵਿੱਚੋਂ ਵੀ ਸ਼ਰਾਫ਼ਤ, ਸਲੀਕਾ ਅਤੇ ਸਹਿਜਤਾ ਗਾਇਬ ਹੁੰਦੀ ਜਾ ਰਹੀ ਹੈ। ਕਦੇ ਸਮਾਂ ਸੀ ਜਦੋਂ ਦੋਸਤਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਦੀ ਯਾਦ ਵਿੱਚ ਬੜੇ ਸਹਿਜ ਵਿੱਚ ਬੈਠ ਕੇ ਚਿੱਠੀਆਂ ਲਿਖੀਆਂ ਜਾਂਦੀਆਂ ਸਨ। ਆਪਣੇ ਦਿਲੀ ਜਜ਼ਬਾਤ ਮਾਲਾ ਦੇ ਮਣਕਿਆਂ ਵਾਂਗ ਚਿੱਠੀ-ਪੱਤਰਾਂ ਵਿੱਚ ਪਰੋਏ ਜਾਂਦੇ ਸਨ ਪਰ ਹੁਣ ਖ਼ੁਸ਼ੀ-ਗੁੱਸਾ ਮੋਬਾਈਲ ਫੋਨ ਜ਼ਰੀਏ ਸਕਿੰਟਾਂ ਵਿੱਚ ਹੀ ਸਾਂਝਾ ਹੋ ਜਾਂਦਾ ਹੈ। ਕਾਹਲੀ ਦੇ ਯੁੱਗ ਵਿੱਚ ਰਿਸ਼ਤੇ ਬਣਦਿਆਂ ਵੀ ਦੇਰ ਨਹੀਂ ਲੱਗਦੀ ਅਤੇ ਟੁੱਟਦਿਆਂ ਵੀ। ਕਦੇ ਸਮਾਂ ਸੀ ਜਦੋਂ ਵਿਆਹਾਂ-ਸ਼ਾਦੀਆਂ ਵਿੱਚ ਆਂਢ-ਗੁਆਂਢ ਰਿਸ਼ਤੇਦਾਰ ਅਤੇ ਦੋਸਤ-ਮਿੱਤਰ ਰਲ ਬੈਠ ਕੇ ਗੀਤ ਗਾਉਂਦੇ, ਗਿੱਧਾ ਪਾਉਂਦੇ ਅਤੇ ਸਿੱਠਣੀਆਂ-ਛੰਦ ਸੁਣਾਉਂਦੇ ਹੋਏ ਹਾਸਾ-ਮਜ਼ਾਕ ਕਰਦੇ। ਪੰਜਾਬਣਾਂ ਦੇ ਲੰਮੀ ਹੇਕ ਵਾਲੇ ਗੌਣ ਵਿਆਹ ਦੀ ਰੌਣਕ ਚੌਗੁਣੀ ਕਰ ਦਿੰਦੇ। ਵਿਆਹ ਦੇ ਇਸ ਮਾਹੌਲ ਵਿੱਚ ਸਮੁੱਚਾ ਚੌਗਿਰਦਾ ਨਸ਼ਿਆ ਜਾਂਦਾ। ਕਿੱਥੇ ਹੁਣ ਮੈਰਿਜ ਪੈਲੇਸਾਂ ਵਿੱਚ ਆਰਕੈਸਟਰਾ ਗਰੁੱਪ ਚਾਬੀ ਦੇ ਕੇ ਛੱਡੇ ਖਿਡੌਣੇ ਵਾਂਗ ਟਪੂਸੀਆਂ ਮਾਰਦੇ ਫਿਰਦੇ ਹਨ। ਅਜੋਕੇ ਗੀਤਾਂ ਦੀਆਂ ਸੁਰਾਂ ਵਿੱਚ ਵੀ ਹਾਓ-ਹੱਲਾ, ਸ਼ੋਰ-ਸ਼ਰਾਬਾ ਪ੍ਰਧਾਨ ਹੈ, ਸੰਗੀਤ ਦਾ ਸਹਿਜ ਮਧੁਰ ਅਨੂਠਾ ਰਸ ਗਾਇਬ ਹੈ। ਅਜਿਹਾ ਮਾਹੌਲ ਘਬਰਾਹਟ ਪੈਦਾ ਕਰਦਾ ਹੈ। ਇਸੇ ਕਾਹਲ ਵਿੱਚ ਹੀ ਸਾਡੇ ਵਿਆਹਾਂ ਦਾ ਸਮਾਂ 2-3 ਦਿਨ ਤੋਂ ਘਟ ਕੇ 2-3 ਘੰਟਿਆਂ ਤਕ ਸਿਮਟ ਕੇ ਰਹਿ ਗਿਆ ਹੈ। ਕਦੇ ਸਮਾਂ ਸੀ ਵਿਚੋਲਿਆਂ ਰਾਹੀਂ ਕੀਤੇ ਕੁਜੋੜ ਰਿਸ਼ਤੇ ਵੀ ਸਹਿਜਤਾ ਨਾਲ ਤੋੜ ਚੜ੍ਹਾ ਲਏ ਜਾਂਦੇ ਸਨ ਪਰ ਹੁਣ ਆਪ ਭਾਲੇ ਰਿਸ਼ਤੇ ਤਿੜਕਦਿਆਂ ਵੀ ਦੇਰ ਨਹੀਂ ਲੱਗਦੀ। ਸਹਿਜਤਾ, ਸ਼ਾਲੀਨਤਾ, ਸਹਿਣਸ਼ੀਲਤਾ ਦੀ ਘਾਟ ਕਾਰਨ ਅੱਜ-ਕੱਲ੍ਹ ਨਿੱਤ ਦਿਨ ਤਲਾਕ ਹੋ ਰਹੇ ਹਨ। ਹਰ ਖੇਤਰ ਵਿੱਚ ਸਹਿਜਤਾ ਗੁੰਮ ਹੈ ਅਤੇ ਤੱਥ-ਭੜੱਥ ਪ੍ਰਧਾਨ ਹੈ। ਇਸੇ ਤੱਥ-ਭੜੱਥ ਵਿੱਚ ਦਿਨੋਂ-ਦਿਨ ਇਨਸਾਨੀ ਕਦਰਾਂ-ਕੀਮਤਾਂ ਮਨਫ਼ੀ ਹੁੰਦੀਆਂ ਜਾ ਰਹੀਆਂ ਹਨ। ਸ਼ਰਮ, ਸ਼ਰਾਫ਼ਤ, ਸਲੀਕਾ, ਸਹਿਜਤਾ, ਸਹਿਣਸ਼ੀਲਤਾ, ਸਰਲਤਾ, ਸੰਜਮ, ਸੁਹਜ, ਸਾਦਗੀ, ਸਿਆਣਪ, ਸਦਾਚਾਰ ਸਾਡੇ ਕੋਲੋਂ ਖੁੱਸਦਾ ਜਾ ਰਿਹਾ ਹੈ। ਲੋੜ ਹੈ ਇਸ ਲੱਗੀ ਦੌੜ ਵਿੱਚੋਂ ਦੋ ਮਿੰਟ ਰੁਕ ਕੇ ਸਹਿਜ ਨਾਲ ਸਾਹ ਲੈ ਕੇ ਸੋਚਣ ਦੀ ਕਿ ਸਾਨੂੰ ਇੰਨੀ ਕਾਹਲੀ ਕਿਉਂ ਪਈ ਹੋਈ ਹੈ? ਆਓ ਕਾਹਲੀ ਛੱਡ ਕੇ ਜ਼ਿੰਦਗੀ ਦਾ ਸਹਿਜ ਰਸ ਮਾਣੀਏ।

**- ਜਗਜੀਤ ਕੌਰ ਢਿੱਲਵਾਂ**

# ਜਦ ਪੈਣ ਕਪਾਹੀਂ ਫੁੱਲ...



ਹਰ ਰੁੱਤ ਦੀ ਆਪਣੀ ਖ਼ੁਸ਼ਬੋ ਹੁੰਦੀ ਹੈ ਅਤੇ ਇਹ ਖ਼ੁਸ਼ਬੋ ਖ਼ੁਦ ਹੀ ਇਨਸਾਨ ਦੇ ਮਨ ਵਿੱਚ ਵੱਸ ਜਾਂਦੀ ਹੈ। ਇਨਸਾਨ ਹੋਰ ਹੀ ਤਰ੍ਹਾਂ ਮਹਿਸੂਸ ਕਰਦਾ ਹੈ ਜਿਵੇਂ ਉਸ ਨੂੰ ਕਿਸੇ ਨੇ ਆਵਾਜ਼ ਮਾਰੀ ਹੋਵੇ ਪਰ ਪਿੱਛੇ ਵੇਖਿਆਂ, ਕੋਈ ਵੀ ਨਹੀਂ ਹੁੰਦਾ। ਮਨ ਮੋਰ ਵਾਂਗ ਨੱਚਣ ਲੱਗਦਾ ਹੈ ਪਰ ਕਿਧਰੇ ਬਾਰਸ਼ ਨਹੀਂ ਹੋ ਰਹੀ ਹੁੰਦੀ; ਇਨਸਾਨ ਦੁਮੇਲ ਵੱਲ ਝਾਕਦਾ ਹੈ ਜਿੱਥੇ ਦਿਨ ਦਾ ਸੂਰਜ ਡੁੱਬਣ ਕਿਨਾਰੇ ਹੁੰਦਾ ਹੈ ਤੇ ਆਪਣੀ ਆਖਰੀ ਲਾਲੀ ਇਨਸਾਨ ਦੀਆਂ ਅੱਖਾਂ 'ਚ ਧੂੜ ਕੇ, ਕਿਧਰੇ ਛੁਪ ਜਾਂਦਾ ਹੈ। ਅਜਿਹੀ ਮਨੋਦਸ਼ਾ ਅਕਸਰ ਜੁਆਨ ਦਿਲਾਂ ਦੀ ਹੁੰਦੀ ਹੈ ਜਿਨ੍ਹਾਂ ਦੀ ਆਪਣੀ ਦੇਹ ਵਿੱਚੋਂ ਹੀ ਇੱਕ ਖ਼ੁਸ਼ਬੋ ਆ ਰਹੀ ਹੁੰਦੀ ਹੈ, ਜਿਵੇਂ ਹਿਰਨ ਦੀ ਨਾਭੀ 'ਚ ਕਸਤੂਰੀ ਹੁੰਦੀ ਹੈ ਤੇ ਹਿਰਨ ਜਾਂ ਹਿਰਨੀ ਉਸ ਕਸਤੂਰੀ ਦੀ ਖ਼ੁਸ਼ਬੋ ਦਾ ਮਾਰਿਆ ਜੰਗਲ-ਜੰਗਲ ਭਟਕਦਾ ਹੈ ਪਰ ਕਿਤੋਂ ਖ਼ੁਸ਼ਬੋ ਨਹੀਂ ਮਿਲਦੀ। ਹਫ਼ ਜਾਂਦਾ ਹੈ ਤੇ ਕਿਸੇ ਰੁੱਖ ਦੀ ਛਾਂ ਹੇਠ ਬੈਠ ਕੇ ਸਾਹ ਲੈਂਦਾ ਹੈ। ਅਜਿਹੀ ਦਸ਼ਾ ਕਿਸੇ ਨੌਜਵਾਨ ਦੀ ਵੀ ਹੋ ਸਕਦੀ ਹੈ ਤੇ ਕਿਸੇ ਭਰ ਜੋਬਨ ਮੁਟਿਆਰ ਦੀ ਵੀ, ਜੋ ਆਪਣੀ ਜੁਆਨੀ ਨੂੰ ਲੋਕਾਂ ਦੀਆਂ ਨਜ਼ਰਾਂ ਤੋਂ ਛੁਪਾ ਕੇ ਰੱਖਦੀ ਹੈ ਪਰ ਜੁਆਨੀ ਕਿੱਥੇ ਲੁਕਦੀ ਹੈ, ਇਹ ਤਾਂ ਖ਼ੁਦ-ਬ-ਖ਼ੁਦ ਖੰਘ ਕੇ ਹੁੰਗਾਰਾ ਭਰਦੀ ਹੈ ਤੇ ਕਦੇ ਸੈਨਤਾਂ ਨਾਲ ਅੱਖਾਂ ਵਿੱਚ ਅੱਖਾਂ ਪਾ ਕੇ ਕਿਸੇ ਹਾਣੀ ਨੂੰ ਲੱਭਦੀ ਫਿਰਦੀ ਹੈ। ਹਾਣੀ ਨਾ ਵੀ ਮਿਲੇ ਤਾਂ ਦਿਲ 'ਚ ਇਹ ਧਰਵਾਸ ਹੁੰਦਾ ਹੈ ਕਿ ਕਿਧਰੇ ਕੋਈ ਹੈ ਜ਼ਰੂਰ, ਜੋ ਅੱਠੇ ਪਹਿਰ ਮੇਰੇ ਨਾਲ ਰਹਿੰਦਾ ਹੈ ਤੇ ਮੇਰੇ ਜੀਵਨ ਨੂੰ ਖ਼ੁਸ਼ੀਆਂ 'ਚ ਰੰਗੀ ਜਾਂਦਾ ਹੈ। ਮੇਰਾ ਹੁੰਗਾਰਾ ਭਰਦਾ ਹੈ ਪਰ ਕਿਧਰੇ ਦਿਖਾਈ ਨਹੀਂ ਦਿੰਦਾ। ਪੁਰਾਣੇ ਸਮਿਆਂ 'ਚ ਲੋਕੀਂ ਕਪਾਹਾਂ ਦੀ ਰੁੱਤ ਵਿੱਚ ਜਦ ਖੇਤ ਕੋਲੋਂ ਲੰਘਦੇ ਤਾਂ ਖਿੜੀ ਹੋਈ ਕਪਾਹ ਦੇ ਫੁੱਲ ਮਨ ਵਿੱਚ ਇੱਕ ਹੁਲਾਰਾ ਜਿਹਾ ਜਗਾਉਂਦੇ, ਸੋਹਣੇ-ਸੋਹਣੇ ਫੁੱਲ ਮਨ ਨੂੰ ਖਿੱਲਾਂ ਪਾਉਂਦੇ ਤੇ ਮਨ ਇਨ੍ਹਾਂ ਫੁੱਲਾਂ ਮਗਰ ਉੱਡਿਆ ਫਿਰਦਾ। ਕਪਾਹਾਂ ਚੁਗਦੀਆਂ ਕੁੜੀਆਂ-ਚਿੜੀਆਂ, ਵਹੁਟੀਆਂ ਤੇ ਹੋਰ ਔਰਤਾਂ ਸਭ ਖ਼ੂਬਸੂਰਤ ਲੱਗਦੀਆਂ। ਉਨ੍ਹਾਂ ਦੇ ਮਿੱਠੇ ਬੋਲ, ਮਨ ਨੂੰ ਧੂਹ ਪਾਉਂਦੇ ਤੇ ਰਾਹੀ ਪਾਂਧੀ ਖੇਤ ਦੇ ਕੋਲੋਂ ਲੰਘਣ ਵੇਲੇ ਪੈਰ ਦੱਬ ਕੇ ਟੁਰਦਾ ਕਿ ਅਜਿਹਾ ਦ੍ਰਿਸ਼ ਕਿਤੇ ਹੋਰ ਦੇਖਣ ਲਈ ਨਹੀਂ ਮਿਲੇਗਾ। ਕੋਈ-ਕੋਈ ਚੰਚਲ ਨਾਰ! ਠੱਠਾ ਮਖੌਲ ਕਰਕੇ ਦੂਜੀ ਔਰਤ ਨੂੰ ਹਸਾ ਦਿੰਦੀ ਤੇ ਕੋਈ ਨਿੱਕੀ ਜਿਹੀ ਗੱਲ ਕਰਕੇ ਆਪ ਵੀ ਹੱਸ ਪੈਂਦੀ, ਜਿਵੇਂ ਉਸ ਦਾ ਮਾਹੀ ਵੀ ਮਨ 'ਚ ਬੈਠਾ, ਉਸ ਨੂੰ ਉਡੀਕਾਂ ਕਰ ਕੇ ਹਸਾ ਜਾਂ ਰੁਆ ਦਿੰਦਾ ਹੋਵੇ। ਸਿਆਣੇ ਕਹਿੰਦੇ ਹਨ ਕਿ ਅਸਲ ਖ਼ੁਸ਼ੀ ਆਪਣੇ ਮਨ ਦੀ ਹੁੰਦੀ ਹੈ, ਜੋ ਦਿਲ ਵਿੱਚੋਂ ਬਲ ਰਹੀ ਮਤਾਬੀ ਡੱਬੀ ਵਾਂਗ ਕਈ ਰੰਗ ਬਿਖੇਰ ਦੇਵੇ ਤੇ ਮਨ ਪੈਲਾਂ ਪਾਉਣ ਲੱਗ ਪਏ। ਮਨ ਚੂੰਡੀਆਂ ਭਰੇ ਤੇ ਕੋਹਾਂ ਦੂਰ ਕੋਈ ਬੈਠਾ ਮਨ ਦਾ ਰਾਂਝਣ ਅਚਾਨਕ ਯਾਦਾਂ ਵਿੱਚ ਆ ਸਮਾਵੇ। ਕੋਈ ਨੌਜਵਾਨ ਜਾਂ ਮੁਟਿਆਰ ਅਜਿਹੀ ਹਾਲਤ ਵਿੱਚ ਆਪਣੀ ਠੋਡੀ ਦੇ ਹੇਠ ਹੱਥ ਰੱਖ ਕੇ ਸੋਚਾਂ ਵਿੱਚ ਡੁੱਬੇ ਰਹਿਣ। ਕਿਧਰੇ ਗੁੰਮ-ਗੁਆਚ ਜਾਣ ਤੇ ਛੇਤੀ ਕੀਤਿਆਂ ਪਤਾ ਹੀ ਨਾ ਲੱਗੇ ਕਿ ਹਾਕ ਕਿਸ ਨੂੰ ਮਾਰੀ ਗਈ ਹੈ। ਮਾਂ ਵੀ ਧੀ ਦੇ ਮਨ ਦੀਆਂ ਤੋਂ ਅਣਜਾਣ ਨਹੀਂ ਹੁੰਦੀ। ਇਹ ਖਿੜੀਆਂ ਕਪਾਹਾਂ ਦੀ ਰੁੱਤ ਜ਼ਰੂਰੀ ਨਹੀਂ ਕਿ ਨੌਜਵਾਨਾਂ ਦੇ ਦਿਲਾਂ 'ਚ ਹੀ ਅਠਖੇਲੀਆਂ ਕਰਦੀ ਹੋਵੇ, ਸਗੋਂ ਹੋਰ ਇਨਸਾਨ ਵੀ ਇਸ ਰੁੱਤ ਦੀ ਆਹਟ ਨੂੰ ਆਪਣੇ ਮਨ 'ਤੇ ਹੰਢਾਉਂਦੇ ਹਨ। ਉਹ ਵੀ ਜੋ ਛਾਲਾਂ ਮਾਰ ਕੇ ਖੇਤ ਕੋਲੋਂ ਲੰਘ ਜਾਵੇ ਤੇ ਉਹ ਵੀ ਜੋ ਖੂੰਡੀ ਦੇ ਸਹਾਰੇ ਖੇਤ ਦੇ ਬੰਨੇ-ਬੰਨੇ ਸੈਰ ਕਰਨ ਆਇਆ ਹੋਵੇ। ਜਦ ਇਨਸਾਨ ਬੁੱਢਾ ਹੋ ਜਾਂਦਾ ਹੈ; ਦਿਲ ਤਾਂ ਉਹੀ ਰਹਿੰਦਾ ਹੈ, ਖਵਾਹਿਸ਼ਾਂ ਤੇ ਮਨ ਦੀਆਂ ਚਾਹਤਾਂ ਉਹੀ ਰਹਿੰਦੀਆਂ ਹਨ।

ਸ਼ਾਲਾ! ਇਹ ਕਪਾਹਾਂ ਦੀ ਰੁੱਤ, ਹਰ ਇਨਸਾਨ ਦੇ ਮਨ 'ਚ ਵਸੀ ਰਵੇ ਤੇ ਇਨਸਾਨ ਆਪਣੀ ਦੇਹ ਨੂੰ ਨਵੀਂ ਨਰੋਈ ਸਮਝ ਕੇ ਸਾਰੀ ਜ਼ਿੰਦਗੀ ਚੁੰਗੀਆਂ ਭਰਦਾ ਰਵੇ, ਜਿਵੇਂ ਹਿਰਨ ਵਣਾਂ ਵਿੱਚ, ਚੁੰਗੀਆਂ ਭਰਦੇ ਹਨ ਤੇ ਵਣਾਂ ਦੀ ਸੁਗੰਧ ਪੀ ਕੇ ਜ਼ਿੰਦਗੀ ਮਾਣਦੇ ਹਨ। ਮਨ ਤਾਂ ਸਭ ਦਾ ਇੱਕੋ ਜਿਹਾ ਹੀ ਹੁੰਦਾ ਹੈ। ਚਾਹੇ ਇਹ ਕੋਈ ਇਨਸਾਨ ਹੋਵੇ ਤੇ ਚਾਹੇ ਵਣਾਂ 'ਚ ਵਸਣ ਵਾਲੀ ਹਿਰਨੀ ਜਾਂ ਹਿਰਨ। ਇਸ ਮਨੁੱਖੀ ਦੇਹ ਦਾ ਕੀ ਭਰੋਸਾ, ਕਿਹੜੇ ਵੇਲੇ ਇਸ ਦੇਹ ਵਿੱਚੋਂ ਭੌਰ ਉੱਡ ਕੇ ਇਸ ਦੇਹ ਨੂੰ ਅਲਵਿਦਾ ਕਹਿ ਦੇਵੇ। ਜਿੰਨਾ ਚਿਰ ਇਨਸਾਨ ਦੀ ਦੇਹੀ 'ਚ ਪ੍ਰਾਣ ਬਾਕੀ ਹਨ, ਸ਼ਾਲਾ! ਇਹ ਕਪਾਹਾਂ ਖਿੜਦੀਆਂ ਰਹਿਣ।

**- ਅਜੀਤ ਸਿੰਘ ਚੰਦਨ**

# ਹੱਸਦੀ-ਮੁਸਕਰਾਉਂਦੀ ਜ਼ਿੰਦਗੀ

ਤੁਹਾਡੀ ਖ਼ੁਸ਼ੀ ਇਸ ਗੱਲ 'ਤੇ ਨਿਰਭਰ ਹੈ ਕਿ ਤੁਸੀਂ ਆਪਣੀ ਜ਼ਿੰਦਗੀ ਪ੍ਰਤੀ ਕਿਹੋ ਜਿਹਾ ਰਵੱਈਆ ਅਖ਼ਤਿਆਰ ਕੀਤਾ ਹੈ। ਜਿਹੜੇ ਇਨਸਾਨ ਜ਼ਿੰਦਗੀ ਨੂੰ ਹੱਸ ਕੇ ਜਿਊਂਦੇ ਹਨ, ਉਨ੍ਹਾਂ ਦੀ ਜ਼ਿੰਦਗੀ ਆਪੇ ਲੀਹ 'ਤੇ ਪੈ ਜਾਂਦੀ ਹੈ। ਹਰ ਵੇਲੇ ਖ਼ੁਸ਼ ਰਹਿਣਾ ਤੇ ਖ਼ੁਸ਼ੀ-ਖ਼ੁਸ਼ੀ ਆਪਣੇ ਕੰਮ ਨੂੰ ਕਰਨ ਵਾਲਾ ਇਨਸਾਨ ਕਦੇ ਉਦਾਸ ਹੋ ਹੀ ਨਹੀਂ ਸਕਦਾ। ਕਈ ਵਾਰ ਅਜਿਹੇ ਇਨਸਾਨ ਦੇ ਜੀਵਨ ਵਿੱਚ ਵੀ ਮੁਸ਼ਕਲਾਂ ਆਉਂਦੀਆਂ ਹਨ ਪਰ ਉਹ ਉਨ੍ਹਾਂ ਸਭ ਮੁਸ਼ਕਲਾਂ ਤੋਂ ਪਾਰ ਹੋ ਜਾਂਦਾ ਹੈ। ਇਨ੍ਹਾਂ ਮੁਸ਼ਕਲਾਂ ਤੋਂ ਪਾਰ ਹੋ ਜਾਣ ਲਈ ਦ੍ਰਿੜ੍ਹ ਇਰਾਦੇ ਤੇ ਅੰਦਰਲੀ ਸੂਝ ਦੀ ਜ਼ਰੂਰਤ ਪੈਂਦੀ ਹੈ। ਕੋਈ ਮੁਸ਼ਕਲ ਅਜਿਹੀ ਨਹੀਂ, ਜਿਸ ਨੂੰ ਤੁਸੀਂ ਕਦੇ ਹੱਲ ਨਾ ਕਰ ਸਕੋ। ਮੁਸ਼ਕਲ ਪ੍ਰਤੀ ਤੁਹਾਡਾ ਰਵੱਈਆ ਹੀ ਤੁਹਾਡੀ ਮੁਸ਼ਕਲ ਨੂੰ ਹੱਲ ਕਰਦਾ ਹੈ। ਕਿਸੇ ਮੁਸ਼ਕਲ ਤੋਂ ਪਾਰ ਜਾਣ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਮੁਸ਼ਕਲ ਨੂੰ ਸਮਝ ਰਹੇ ਹੋਵੋ ਕਿ ਇਸ ਨੂੰ ਹੱਲ ਕਿਵੇਂ ਕਰਨਾ ਹੈ। ਮਨ ਵਿੱਚ ਉਲਝਣਾਂ ਤੇ ਧੁੰਦਲਾਪਣ ਤੁਹਾਨੂੰ ਸਹੀ ਰਾਹ 'ਤੇ ਜਾਣ ਤੋਂ ਰੋਕਦਾ ਹੈ। ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਲਈ ਮਨ ਸਪਸ਼ਟ ਹੋ ਜਾਵੇ ਤਾਂ ਹੱਲ ਆਪ ਹੀ ਨਿਕਲ ਆਉਂਦਾ ਹੈ। ਕਈ ਵਾਰ ਜ਼ਿੰਦਗੀ ਇਨਸਾਨ ਦੀ ਪ੍ਰੀਖਿਆ ਲੈਂਦੀ ਹੈ। ਜਦੋਂ ਇਨਸਾਨ ਦਾ ਮਨ ਕੰਵਲ ਦੇ ਫੁੱਲ ਵਾਂਗ ਖਿੜਿਆ ਹੋਵੇ ਤਾਂ ਮਨ ਦੀਆਂ ਸਭ ਗੁੰਝਲਾਂ ਵੀ ਆਪੇ ਹੀ ਖੁੱਲ੍ਹ ਜਾਂਦੀਆਂ ਹਨ। ਅੰਦਰਲੇ ਕੰਵਲ ਫੁੱਲ ਨੂੰ ਖਿੜਿਆ ਰੱਖਣ ਲਈ ਬੁੱਧ ਦੀਆਂ ਬਹੁਤ ਸਾਰੀਆਂ ਗੱਲਾਂ ਤੇ ਪ੍ਰੇਰਨਾਵਾਂ ਸਾਨੂੰ ਸਹੀ ਰਾਹ ਵਿਖਾ ਸਕਦੀਆਂ ਹਨ। ਗੌਤਮ ਬੁੱਧ ਨੇ ਕਿਹਾ ਹੈ ਕਿ ਈਰਖਾ, ਲਾਲਚ ਤੇ ਮੂਰਖਤਾ-ਭਰੀਆਂ ਸੋਚਾਂ ਤੋਂ ਇਨਸਾਨ ਨੂੰ ਉੱਪਰ ਉੱਠਣਾ ਚਾਹੀਦਾ ਹੈ। ਇਨ੍ਹਾਂ ਤੋਂ ਉੱਪਰ ਉੱਠ ਕੇ ਆਪਣੇ ਮਨ ਦੇ ਸ਼ੀਸ਼ੇ ਨੂੰ ਸਾਫ਼ ਰੱਖਣਾ ਪਵੇਗਾ। ਜੇ ਮਨ ਦਾ ਸ਼ੀਸ਼ਾ ਸਾਫ਼ ਨਹੀਂ ਤਾਂ ਤੁਸੀਂ ਜ਼ਿੰਦਗੀ ਦੀ ਸਹੀ ਤਸਵੀਰ ਵੀ ਨਹੀਂ ਵੇਖ ਸਕੋਗੇ। ਜ਼ਿੰਦਗੀ ਪ੍ਰਤੀ ਢਹਿੰਦੇ ਵਿਚਾਰ, ਉਲਝੀਆਂ ਸੋਚਾਂ ਤੇ ਮਨ ਦਾ ਉਲਾਰਪੁਣਾ ਸਾਨੂੰ ਗ਼ਲਤ ਰਾਹ ਪਾ ਦਿੰਦਾ ਹੈ। ਗ਼ਲਤ ਰਾਹ ਪੈਣ ਨਾਲ ਮੰਜ਼ਿਲਾਂ ਧੁੰਦਲੀਆਂ ਤੇ ਦੂਰ ਹੋ ਜਾਂਦੀਆਂ ਹਨ। ਢਹਿੰਦੇ ਵਿਚਾਰ, ਜ਼ਿੰਦਗੀ ਨੂੰ ਢਹਿੰਦੀ ਕਲਾ ਵੱਲ ਲੈ ਜਾਂਦੇ ਹਨ। ਜਦੋਂ ਵੀ ਤੁਸੀਂ ਜ਼ਿੰਦਗੀ ਦੇ ਹਨੇਰੇ ਰਾਹਾਂ ਵਿੱਚ ਘਿਰੇ ਹੋਵੋ ਤਾਂ ਪਹਿਲਾਂ ਆਪਣੇ ਮਨ ਦੇ ਹਨੇਰਿਆਂ ਨੂੰ ਦੂਰ ਕਰ ਦੇਵੋ। ਇਹ ਤਦ ਹੀ ਸੰਭਵ ਹੈ ਜੇ ਤੁਸੀਂ ਆਪਣੇ-ਆਪ ਨੂੰ ਸਮਝ ਲੈਂਦੇ ਹੋ। ਅੰਦਰਲਾ ਦੀਪ ਜਗਣ ਤੇ ਅੰਦਰਲੀ ਰੋਸ਼ਨੀ ਦੇ ਚਾਨਣ ਨਾਲ ਤੁਹਾਨੂੰ ਉਲਝੀ ਹੋਈ ਜ਼ਿੰਦਗੀ ਦੀ ਆਪੇ ਹੀ ਸਮਝ ਪੈ ਜਾਵੇਗੀ। ਜ਼ਿੰਦਗੀ ਦਾ ਅਸਲ ਰਾਹ, ਹੱਸਣਾ, ਮੁਸਕਰਾਉਣਾ ਤੇ ਖ਼ੁਸ਼ ਰਹਿਣਾ ਹੈ। ਜਿਹੜਾ ਇਨਸਾਨ ਹੱਸਣਾ, ਮੁਸਕਰਾਉਣਾ ਤੇ ਖ਼ੁਸ਼ ਰਹਿਣਾ ਸਿੱਖ ਲੈਂਦਾ ਹੈ, ਉਹ ਕਿਸੇ ਮੁਸ਼ਕਲ 'ਚ ਫਸਦਾ ਹੀ ਨਹੀਂ। ਜੇ ਕੋਈ ਮੁਸ਼ਕਲ ਆ ਵੀ ਜਾਵੇ ਤਾਂ ਉਸ ਨੂੰ ਸਹੀ ਸੋਚ ਤੇ ਸਹੀ ਵਿਚਾਰ ਉਸ ਮੁਸ਼ਕਲ ਤੋਂ ਪਾਰ ਲੈ ਜਾਂਦੇ ਹਨ। ਜ਼ਿੰਦਗੀ ਜਿਊਣ ਦਾ ਹੁਨਰ ਸਿੱਖਣ ਦੀ ਜ਼ਰੂਰਤ ਹੈ। ਧੁੱਪਾਂ ਤੇ ਛਾਵਾਂ ਮਾਣਦੀ ਇਹ ਜ਼ਿੰਦਗੀ ਆਪਣੀ ਮਟਕ ਚਾਲ ਤੁਰੀ ਜਾਂਦੀ ਹੈ। ਬਸ ਵੇਖਣਾ ਹੈ ਕਿ ਤੁਸੀਂ ਇਸ ਜ਼ਿੰਦਗੀ ਦੀ ਮਟਕ ਨੂੰ ਕਿਵੇਂ ਕਾਇਮ ਰੱਖ ਸਕਦੇ ਹੋ। ਹੱਸਦੇ, ਮੁਸਕਰਾਉਂਦੇ ਤੇ ਗਾਉਂਦੇ ਜ਼ਿੰਦਗੀ ਦਾ ਸਫ਼ਰ ਜਾਰੀ ਰੱਖੋ। ਮੰਜ਼ਿਲ ਤੁਹਾਡੇ ਪੈਰ ਚੁੰਮ ਲਵੇਗੀ।



# ਲੋਪ ਹੋ ਰਹੀ ਸਾਂਝੀ ਮਾਈ



ਪੰਜਾਬ ਵਿੱਚ ਅੱਜ ਵੀ ਲੋਕ ਦੇਵੀਆਂ ਵਿੱਚੋਂ ਸਾਂਝੀ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ। ਸਾਂਝੀ ਲੋਕ ਦੇਵੀ ਦਾ ਸਬੰਧ ਲੋਕ-ਮਾਨਸ, ਲੋਕ-ਵਿਸ਼ਵਾਸ, ਲੋਕ-ਧਰਮ ਅਤੇ ਲੋਕ ਕਲਾ ਨਾਲ ਹੈ। ਸਾਂਝੀ ਦੇਵੀ ਦੀ ਪੂਜਾ ਲੋਕ ਪੌਰਾਣਿਕ ਦੇਵੀ ਦੁਰਗਾ ਮਾਈ, ਬ੍ਰਹਮਾ ਦੀ ਪੁੱਤਰੀ ਸੰਧਿਆ ਅਤੇ ਗੌਰੀ ਦਾ ਰੂਪ ਸਮਝ ਕੇ ਕਰਦੇ ਹਨ।

ਪੰਜਾਬ ਦੇ ਪਿੰਡਾਂ ਵਿੱਚ ਸਾਂਝੀ ਦੀ ਆਕਿਰਤੀ ਸਰਾਧਾਂ ਦੀ ਸੱਤੇਂ ਨੂੰ ਸੱਤ ਟਿੱਕੀਆਂ ਬਣਾ ਕੇ ਸ਼ੁਰੂ ਕੀਤੀ ਜਾਂਦੀ ਹੈ। ਸਰਾਧਾਂ ਦੀ ਸੱਤੇਂ ਤੋਂ ਸਰਾਧਾਂ ਦੀ ਚੌਦੇਂ ਤਕ ਸਾਂਝੀ ਮਾਈ ਦੀ ਆਕਿਰਤੀ ਲਈ ਟਿੱਕੀਆਂ, ਚੰਦ, ਤਾਰੇ, ਸਾਂਝੀ ਮਾਈ ਦਾ ਮੂੰਹ, ਕਾਣਾ ਘੁੱਦੂ, ਧਰੂ ਤਾਰਾ, ਸਾਂਝੀ ਦੇ ਗਹਿਣੇ, ਹੱਥ-ਪੈਰ, ਮੋਰ ਚਿੜੀਆਂ, ਸਾਂਝੀ ਦੀ ਜੁੱਤੀ ਆਦਿ ਚੀਕਣੀ ਮਿੱਟੀ ਨਾਲ ਤਿਆਰ ਕੀਤੇ ਜਾਂਦੇ ਹਨ। ਸਾਂਝੀ ਦੀ ਆਕਿਰਤੀ ਨੂੰ ਘਰ ਦੇ ਬੱਚੇ ਅਤੇ ਔਰਤਾਂ ਇਕੱਠੇ ਬੈਠ ਕੇ ਬਣਾਉਂਦੇ ਹਨ। ਮੱਸਿਆ ਵਾਲੇ ਦਿਨ ਸਾਂਝੀ ਦੀ ਆਕਿਰਤੀ ਨਾਲ ਬਣਾਈਆਂ ਚੀਜ਼ਾਂ ਨੂੰ ਕਲੀ ਅਤੇ ਲਾਲ ਰੰਗ ਨਾਲ ਸਜਾ ਕੇ ਗੋਹੇ ਦੀ ਆਕਿਰਤੀ ਬਣਾ ਕੇ ਉਸ ਉੱਤੇ ਸਭ ਕੁਝ ਲਾ ਕੇ ਸਾਂਝੀ ਦੀ ਆਕਿਰਤੀ ਸਜਾ ਦਿੱਤੀ ਜਾਂਦੀ ਹੈ। ਸਾਂਝੀ ਮਾਈ ਦੀ ਆਕਿਰਤੀ ਵੱਖ-ਵੱਖ ਵਰਗਾਂ ਵਿੱਚ ਜਿਵੇਂ ਹਿੰਦੂ ਲੋਕ ਸਾਂਝੀ ਦੀ ਆਕਿਰਤੀ ਅਤੇ ਸਿੱਖ ਲੋਕ ਬਰੋਟੇ ਦੇ ਰੂਪ ਵਿੱਚ ਤਿਆਰ ਕਰਦੇ ਹਨ। ਸਾਂਝੀ ਦੀ ਤਿਆਰ ਆਕਿਰਤੀ ਤੋਂ ਬਾਅਦ ਪਹਿਲੇ ਨਰਾਤੇ ਤੋਂ ਲੈ ਕੇ ਨੌਵੇਂ ਨਰਾਤੇ ਤਕ ਪੂਜਾ ਕੀਤੀ ਜਾਂਦੀ ਹੈ, ਜਿਸ ਨੂੰ ਗਲੀ-ਮੁਹੱਲੇ ਦੇ ਬੱਚੇ ਰਲ਼ ਕੇ ਗੀਤ ਗਾ ਕੇ ਕਰਦੇ ਹਨ, ਜਿਵੇਂ ਸਾਂਝੀ ਦੀ ਆਰਤੀ ਹੈ-

ਪਹਿਲੀ ਆਰਤੀ ਕਰਾਂ ਕਸਾਰ
ਜੀਵੇ ਮੇਰਾ ਵੀਰ ਪਿਆਰ
ਵੀਰ ਪਿਆਰੇ ਦੀਆਂ ਅੜੀਆਂ
ਦੋ ਸ਼ਿਵ ਦੁਆਰੇ ਖੜ੍ਹੀਆਂ
ਤੂੰ ਖੋਲ੍ਹ ਮਾਤਾ ਹੱਟੜੀ
ਮੈਂ ਪੂਜਾਂ ਤੇਰੀ ਪੱਟੜੀ
ਮੈਂ ਪੂਜਾਂ ਤੇਰੇ ਪੈਰ
ਨਿਰੰਜਨ ਤੇਰੀ ਕਾਇਆ
ਛੜੱਪੇ ਲੈਂਦੀ ਮਾਇਆ
ਤੂੰ ਖੋਲ੍ਹ ਮਾਇਆ ਕੁੰਡਾ
ਮੈਂ ਹਰ ਕਾ ਦਰਸ਼ਨ ਪਾਇਆ

ਨੌਂ ਨਰਾਤਿਆਂ ਤੋਂ ਬਾਅਦ ਦੁਸਹਿਰੇ ਵਾਲੇ ਦਿਨ ਪ੍ਰਭਾਤ ਵੇਲੇ ਕੰਧ 'ਤੇ ਬਣਾਈ ਸਾਂਝੀ ਦੀ ਆਕਿਰਤੀ ਨੂੰ ਪੂਜਾ ਕਰ ਕੇ ਉਤਾਰਿਆ ਜਾਂਦਾ ਹੈ ਅਤੇ ਸਾਂਝੀ ਨੂੰ ਮਿੱਠੇ-ਮਿੱਠੇ ਗੀਤ ਗਾ ਕੇ ਜਲ ਪ੍ਰਵਾਹ ਕੀਤਾ ਜਾਂਦਾ ਹੈ। ਜਲ ਪ੍ਰਵਾਹ ਕਰਨ ਵੇਲੇ ਇਹ ਕਿਹਾ ਜਾਂਦਾ ਹੈ-

ਨ੍ਹਾਈਂ ਸਾਂਝੀ ਧੋਈਂ ਸਾਂਝੀ ਰੋਈਂ ਨਾ,
ਵਰ੍ਹੇ ਦਿਨਾਂ ਨੂੰ ਫੇਰ ਲਾਵਾਂਗੇ।

ਭਾਵੇਂ ਅਜੋਕੇ ਸਮੇਂ ਸਿੱਖਿਆ ਦਾ ਪਸਾਰ ਹੋਣ ਕਰਕੇ ਸਾਂਝੀ ਬਣਾਉਣ ਦਾ ਰੁਝਾਨ ਘਟ ਗਿਆ ਹੈ ਪਰ ਇਹ ਲੋਪ ਨਹੀਂ ਹੋਈ, ਅੱਜ ਵੀ ਪੇਂਡੂ ਅਤੇ ਸ਼ਹਿਰੀ ਸੁਆਣੀਆਂ ਸਾਂਝੀ ਦੀ ਆਕਿਰਤੀ ਬਣਾਉਂਦੀਆਂ ਹਨ।

**- ਡਾ. ਬਲਵਿੰਦਰ ਸਿੰਘ**

# ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਸ਼ੇਰਾਂ ਵਾਲਾ ਗੇਟ ਤੋਂ ਭਾਸ਼ਾ ਵਿਭਾਗ ਤੱਕ ਟੁੱਟੀ ਸੜਕ ਨਵੀਂ ਬਨਾਉਣ ਲਈ ਕੀਤਾ ਉਦਘਾਟਨ

**ਪਟਿਆਲਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸ਼ਹਿਰ ਵਿਖੇ ਪੀਣ ਵਾਲੇ ਨਹਿਰੀ ਪਾਣੀ ਦੀ ਸਪਲਾਈ ਲਈ ਪਾਇਪਾਂ ਪਾਉਣ ਵਾਸਤੇ ਐਲ ਐਂਡ ਟੀ ਵੱਲੋਂ ਪੁੱਟੀਆਂ ਗਈਆਂ ਸੜਕਾਂ ਬਨਣੀਆਂ ਸ਼ੁਰੂ ਹੋ ਗਈਆਂ ਹਨ।ਅੱਜ ਇੱਥੇ ਸ਼ੇਰਾਂ ਵਾਲਾ ਗੇਟ ਤੋਂ ਭਾਸ਼ਾ ਵਿਭਾਗ ਤੱਕ ਸੜਕ ਬਨਾਉਣ ਦਾ ਉਦਘਾਟਨ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਨਗਰ ਨਿਗਮ ਕਮਿਸ਼ਨਰ ਡਾ. ਰਜਤ ਓਬਰਾਏ ਅਤੇ ਐਲ ਐਂਡ ਟੀ ਦੇ ਅਧਿਕਾਰੀ ਵੀ ਮੌਜੂਦ ਸਨ। ਵਿਧਾਇਕ ਕੋਹਲੀ ਨੇ ਦੱਸਿਆ ਕਿ ਸ਼ਹਿਰ ਵਿੱਚ ਪਾਣੀ ਦੀ ਬੇਹਤਰ ਸਪਲਾਈ ਅਤੇ ਨਹਿਰ ਤੋਂ ਪਾਣੀ



ਲਿਆ ਕੇ ਉਸ ਨੂੰ ਪੀਣਯੋਗ ਬਨਾਉਣ ਲਈ ਪ੍ਰੋਜੈਕਟ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ।

ਇਹ ਪ੍ਰੋਜੈਕਟ ਜਲਦੀ ਹੀ ਲੋਕਾਂ ਨੂੰ ਸਮਰਪਿਤ ਹੋ ਜਾਵੇਗਾ। ਇਸ ਪ੍ਰੋਜੈਕਟ ਲਈ ਪਾਈਪਾਂ ਪਾਉਣ ਵਾਸਤੇ ਐਲ ਐਂਡ ਟੀ ਕੰਪਨੀ ਸੜਕਾਂ ਪੁੱਟੀਆਂ ਸਨ, ਜਿਸ ਨੂੰ ਬਨਾਉਣ ਲਈ ਕੰਮ ਸ਼ੁਰੂ ਹੋ ਗਿਆ ਹੈ। ਇਹ ਸੜਕਾਂ ਹੁਣ ਪਹਿਲਾਂ ਦੀ ਤਰ੍ਹਾਂ ਲੁੱਕ ਨਾਲ ਬਣਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਹ ਪਾਣੀ ਦਾ ਪ੍ਰੋਜੈਕਟ 288 ਕਰੋੜ ਦਾ ਹੈ, ਜਿਸ ਵਿੱਚੋਂ 15.60 ਕਰੋੜ ਸਿਰਫ਼ ਸੜਕਾਂ ਬਨਾਉਣ ਲਈ ਵਰਤਿਆ ਜਾਣਾ ਹੈ। ਇਸ ਲਈ ਸ਼ਹਿਰ ਵਿਚ ਜਿੱਥੇ-ਜਿੱਥੇ ਸੜਕ ਪੁੱਟੀ ਗਈ ਹੈ। ਉਸ ਨੂੰ ਬਨਾਉਣ ਵਾਸਤੇ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।

ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਪਿਛਲੀਆਂ ਸਰਕਾਰਾਂ ਨੇ ਵਿਕਾਸ ਦੇ ਵੱਡੇ ਵੱਡੇ ਦਾਵੇ ਕੀਤੇ ਪ੍ਰੰਤੂ ਪਟਿਆਲਾ ਵਿੱਚ ਵਿਕਾਸ ਹੁੰਦਾ ਕਿਸੇ ਨੇ ਨਹੀਂ ਦੇਖਿਆ। ਉਨ੍ਹਾਂ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਵਲੋਂ ਪਟਿਆਲੇ ਦੇ ਬਾਕੀ ਇਲਾਕਿਆਂ ਵਿਚ ਵੀ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਇਸ ਮੌਕੇ ਦੁਕਾਨਦਾਰਾਂ ਨੇ ਐੱਮ ਐਲ ਏ ਕੋਹਲੀ ਦਾ ਧੰਨਵਾਦ ਕੀਤਾ।ਦੁਕਾਨਦਾਰਾਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਕੋਈ ਕੰਮ ਨਹੀਂ ਕੀਤਾ ਅਤੇ ਅਸੀਂ ਪਿਛਲੀ ਕਿਸੇ ਵੀ ਸਰਕਾਰ ਸਮੇਂ ਵਿਧਾਇਕ ਅਤੇ ਮੰਤਰੀ ਦੇ ਦਰਸ਼ਨ ਨਹੀਂ ਕੀਤੇ। ਇਸ ਲਈ ਹੁਣ ਪਹਿਲੀ ਵਾਰ ਹੋਇਆ ਕਿ ਆਪਣੇ ਕਿਸੇ ਵੀ ਕੰਮ ਲਈ ਜਦੋਂ ਵੀ ਲੋੜ ਹੋਵੇ ਨਿਜੀ ਤੌਰ 'ਤੇ ਵਿਧਾਇਕ ਨੂੰ ਖ਼ੁਦ ਮਿਲ ਸਕਦੇ ਹਾਂ। ਵਿਧਾਇਕ ਕੋਹਲੀ ਨੇ ਕਿਹਾ ਕਿ ਸ਼ਹਿਰ ਵਾਸੀਆਂ ਲਈ ਜਿੰਨੇ ਕੰਮ ਪਿਛਲੇ ਢਾਈ ਸਾਲਾਂ 'ਚ ਹੋਏ ਹਨ। ਉਹ ਰਿਕਾਰਡਤੋੜ ਹਨ। ਇਸ ਲਈ ਹੁਣ ਜਲਦੀ ਹੀ ਰਹਿੰਦੇ ਕੰਮ ਮੁਕੰਮਲ ਹੋ ਜਾਣਗੇ ਅਤੇ ਸ਼ਹਿਰ ਵਾਸੀਆਂ ਨੂੰ ਕਿਸੇ ਪੱਖੋਂ ਕੋਈ ਦਿਕਤ ਨਹੀਂ ਆਉਣ ਦਿੱਤੀ ਜਾਵੇਗੀ।

# ਏਡੀਸੀ ਵੱਲੋਂ ਡੇਂਗੂ ਕੇਸਾਂ ਦੇ ਮਾਮਲਿਆਂ ਦੀ ਸਮੀਖਿਆ

## ਦਸੰਬਰ ਮਹੀਨੇ ਤੱਕ ਡੇਂਗੂ ਕੇਸਾਂ ਤੋਂ ਬਚਾਅ ਲਈ ਵਰਤੀ ਜਾਵੇ ਇਹਤਿਆਤ : ਨਵਰੀਤ ਕੌਰ ਸੇਖੋਂ

**ਪਟਿਆਲਾ, 29 ਅਕਤੂਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ ਨੇ ਜ਼ਿਲ੍ਹੇ ਅੰਦਰ ਡੇਂਗੂ ਦੇ ਮਾਮਲਿਆਂ ਦੀ ਸਮੀਖਿਆ ਕਰਨ ਲਈ ਐਸਡੀਐਮਜ਼, ਸਿਹਤ ਵਿਭਾਗ, ਨਗਰ ਨਿਗਮ, ਬੀਡੀਪੀਓ ਤੇ ਈਓਜ਼ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀਆਂ ਨਾਲ ਇਕ ਅਹਿਮ ਬੈਠਕ ਕੀਤੀ।

ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਦਸੰਬਰ ਤੱਕ ਡੇਂਗੂ ਕੇਸਾਂ ਤੋਂ ਬਚਾਅ ਲਈ ਇਹਤਿਆਤ ਵਰਤਣ ਦੀ ਜ਼ਰੂਰਤ ਹੈ ਇਸ ਲਈ ਲਗਾਤਾਰ ਫੌਗਿੰਗ ਯਕੀਨੀ ਬਣਾਈ ਜਾਵੇ ਅਤੇ ਅਜਿਹੇ ਖੇਤਰਾਂ, ਜਿੱਥੇ ਡੇਂਗੂ ਦੇ ਮਾਮਲੇ ਸਾਹਮਣੇ ਆਏ ਹਨ ਉਥੇ ਡੇਂਗੂ ਮੱਛਰ ਏਡੀਜ ਦੀ ਪੈਦਾਵਾਰ ਰੋਕਣ ਲਈ ਖੜ੍ਹੇ ਪਾਣੀ 'ਚ ਤੇਲ ਤੇ ਮੱਛਰ ਮਾਰ ਦਵਾਈ ਦਾ ਛਿੜਕਾਅ ਕੀਤਾ ਜਾਵੇ ਅਤੇ ਫੌਗਿੰਗ ਵੀ ਕੀਤੀ ਜਾਵੇ। ਇਸ ਤੋਂ ਬਿਨ੍ਹਾਂ ਇਸ ਸ਼ੁੱਕਰਵਾਰ ਡੇਂਗੂ 'ਤੇ ਵਾਰ 'ਡਰਾਈ ਡੇ' ਮੁਹਿੰਮ ਸਮੇਤ ਰੋਜ਼ਾਨਾ ਸਵੇਰੇ ਤੇ ਸ਼ਾਮ ਫੌਗਿੰਗ ਕਰਵਾਉਣੀ ਯਕੀਨੀ ਬਣਾਈ ਜਾਵੇ। ਉਨ੍ਹਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਸਕੂਲਾਂ 'ਚ ਜਾਗਰੂਕਤਾ ਮੁਹਿੰਮ ਚਲਾਉਣ ਦੀ ਹਦਾਇਤ ਕੀਤੀ।

ਏਡੀਸੀ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ




ਜੇਕਰ ਕੋਈ ਡੇਂਗੂ ਦਾ ਕੇਸ ਰਿਪੋਰਟ ਹੁੰਦਾ ਹੈ ਤਾਂ ਤੁਰੰਤ ਡੇਂਗੂ ਹੋਣ ਦਾ ਕਾਰਨ ਲੱਭਿਆ ਜਾਵੇ ਤਾਂ ਜੋ ਉਸੇ ਸਮੇਂ ਇਸ ਦੇ ਫੈਲਾਅ ਨੂੰ ਰੋਕਿਆ ਜਾ ਸਕੇ।

ਉਨ੍ਹਾਂ ਪਟਿਆਲਾ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਮੱਛਰ ਦੇ ਕੱਟਣ ਨਾਲ ਹੋਣ ਵਾਲੀਆਂ ਬਿਮਾਰੀਆਂ ਡੇਂਗੂ, ਮਲੇਰੀਆਂ ਤੇ ਚਿਕਨਗੁਨੀਆਂ ਦੀ ਰੋਕਥਾਮ ਲਈ ਜ਼ਰੂਰੀ ਹੈ ਕਿ ਖੜ੍ਹੇ ਪਾਣੀ ਦੇ ਸਰੋਤਾਂ ਦੀ ਨਿਰੰਤਰ ਜਾਂਚ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਸਮੇਂ ਸਮੇਂ 'ਤੇ ਸੁੱਕਾ ਰੱਖਿਆ ਜਾਵੇ, ਇਸ ਲਈ ਸਾਰਿਆਂ ਨੂੰ ਰਲ ਕੇ ਹੰਭਲਾ ਮਾਰਨ ਦੀ ਜ਼ਰੂਰਤ ਹੈ ਤੇ ਇਸ ਦੀ ਰੋਕਥਾਮ ਲਈ ਸਭ ਦਾ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ।

ਮੀਟਿੰਗ ਦੌਰਾਨ ਸਿਵਲ ਸਰਜਨ ਡਾ. ਜਤਿੰਦਰ ਕਾਂਸਲ ਨੇ ਦੱਸਿਆ ਕਿ ਇਸ ਸਾਲ ਜ਼ਿਲ੍ਹੇ 'ਚ ਡੇਂਗੂ ਦੇ ਕੁਲ 181 ਕੇਸ ਰਿਪੋਰਟ ਹੋਏ ਹਨ।ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਲਗਾਤਾਰ ਖੜ੍ਹੇ ਪਾਣੀ ਦੇ ਸਰੋਤਾਂ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਲਾਰਵਾ ਮਿਲਣ 'ਤੇ ਨਸ਼ਟ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਹਰੇਕ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਚਲਾਈ ਜਾ ਰਹੀ ਹੈ ਇਸ ਮੁਹਿੰਮ 'ਚ ਸਾਰੇ ਜ਼ਿਲ੍ਹਾ ਵਾਸੀ ਸ਼ਮੂਲੀਅਤ ਕਰਨ ਤਾਂ ਜੋ ਡੇਂਗੂ ਤੋਂ ਰੋਕਥਾਮ ਕੀਤੀ ਜਾ ਸਕੇ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਸਕੂਲੀ ਵਿਦਿਆਰਥੀਆਂ ਨੂੰ ਪੂਰੀ ਬਾਹਾਂ ਦੇ ਕੱਪੜੇ ਪਾਏ ਜਾਣ। ਇਸ ਤੋਂ ਇਲਾਵਾ ਕੂਲਰਾਂ ਨੂੰ ਹਫ਼ਤੇ 'ਚ ਇਕ ਵਾਰ ਜ਼ਰੂਰ ਸੁੱਕਾ ਰੱਖਿਆ ਜਾਵੇ। ਮੀਟਿੰਗ 'ਚ ਜ਼ਿਲ੍ਹਾ ਐਪੀਡਿਮੋਲੋਜਿਸਟ ਡਾ. ਸੁਮਿਤ ਸਿੰਘ ਸਮੇਤ ਜ਼ਿਲ੍ਹੇ ਦੇ ਸਮੂਹ ਬੀ.ਡੀ.ਪੀ.ਓਜ਼ ਤੇ ਈ.ਓਜ਼ ਹਾਜ਼ਰ ਸਨ।

# ਮੇਰੀ ਲੜਾਈ ਚੋਣਾਂ ਦੀ ਨਹੀਂ ਬਲਕਿ ਵਰਕਰਾਂ ਦੀ ਹੋਂਦ ਬਚਾਉਣ ਦੀ ਹੈ ਬਾਠ



**ਬਰਨਾਲਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਸਿਰ ਮੋਰ ਅਤੇ ਚੰਗੇ ਆਗੂ ਗੁਰਦੀਪ ਸਿੰਘ ਬਾਠ ਵੱਲੋਂ ਉਸ ਵੇਲੇ ਬਗਾਵਤ ਕਰ ਲਈ ਗਈ ਜਦੋਂ ਲੰਬਾ ਸਮਾਂ ਸੰਘਰਸ਼ ਕਰਨ ਤੋਂ ਬਾਅਦ ਵੀ ਉਹਨਾਂ ਨੂੰ ਪਾਰਟੀ ਵੱਲੋਂ ਪਰਿਵਾਰਵਾਦ ਅਤੇ ਯਾਰੀਆਂ ਕਰਕੇ ਨਗੋਲਿਆ ਕੀਤਾ ਗਿਆ। ਲੋਕਾਂ ਦੀ ਕਚਹਿਰੀ ਚ ਜਦੋਂ ਗੁਰਦੀਪ ਸਿੰਘ ਬਾਠ ਵੱਲੋਂ ਇੱਕ ਪੋਸਟ ਪਾ ਕੇ ਇਹ ਗੱਲ ਸਾਂਝੀ ਕੀਤੀ ਗਈ ਤਾਂ ਹਰ ਪਾਸੇ ਸੋਸ਼ਲ ਮੀਡੀਆ ਤੇ ਕੇਵਲ ਗੁਰਦੀਪ ਸਿੰਘ ਬਾਠ ਦਾ ਨਾਮ ਹੀ ਗੂੰਜਣ ਲੱਗਿਆ। ਗੁਰਦੀਪ ਸਿੰਘ ਬਾਠ ਅਤੇ ਸਾਥੀਆਂ ਵੱਲੋਂ ਮਿਲ ਕੇ ਇੱਕ ਫੈਸਲਾ ਲਿਆ ਗਿਆ ਕਿ ਵਰਕਰਾਂ ਦੀ ਹੋਂਦ ਬਚਾਉਣ ਲਈ ਪੰਜਾਬ ਚ ਪਹਿਲੀ ਵਾਰ ਹੋਵੇਗਾ ਕਿ ਕਿਸੇ ਨੇ ਆਮ ਆਦਮੀ ਪਾਰਟੀ ਲਈ ਬਗਾਵਤੀ ਸੁਰ ਛੇੜੇ ਹਨ ਅਤੇ ਸੁਰ ਵੀ ਐਸੇ ਛੇੜੇ ਕਿ ਆਮ ਆਦਮੀ ਪਾਰਟੀ ਦੇ ਵਰਕਰਾਂ ਚ ਜਿਹੜੀ ਧੜੇਬੰਦੀ ਚੁੱਪ ਚਾਪ ਬੈਠੀ ਸੀ ਉਹ ਖੁੱਲ ਕੇ ਗੁਰਦੀਪ ਸਿੰਘ ਬਾਠ ਦੇ ਹੱਕ ਵਿੱਚ ਨਿਤਰ ਆਈ।

ਗੁਰਦੀਪ ਸਿੰਘ ਬਾਠ ਵੱਲੋਂ ਨਾਮਜਦਗੀ ਪੱਤਰ ਦਾਖਲ ਕਰਨ ਤੋਂ ਪਹਿਲਾਂ ਇੱਕ ਇਕੱਠ ਨੂੰ ਸੱਦਾ ਦਿੱਤਾ ਗਿਆ ਪਰੰਤੂ ਇਕੱਠ ਇੰਨਾ ਕ ਵੱਡਾ ਹੋ ਗਿਆ ਕਿ ਜਿਸ ਨੂੰ ਦੇਖ ਕੇ ਇਹ ਲੱਗਣ ਲੱਗਿਆ ਕਿ ਬਰਨਾਲਾ ਇੱਕ ਵਾਰੀ ਮੁੜ ਤੋਂ ਇਤਿਹਾਸ ਸਿਰਜੇਗਾ। ਗੱਲਬਾਤ ਕਰਦੇ ਹੋਏ ਗੁਰਦੀਪ ਸਿੰਘ ਬਾਠ ਨੇ ਕਿਹਾ ਕਿ ਇਹ ਲੜਾਈ ਉਹ ਚੋਣਾਂ ਦੀ ਨਹੀਂ ਲੜ ਰਹੇ ਬਲਕਿ ਇਹ ਲੜਾਈ ਲੜਨ ਦਾ ਮੁੱਖ ਮਕਸਦ ਹੈ ਕਿ ਪਾਰਟੀ ਚ ਲੰਬਾ ਸਮਾਂ ਵਰਕਰ ਜੋ ਦਿਨ ਰਾਤ ਮਿਹਨਤ ਕਰਕੇ ਪਾਰਟੀ ਨੂੰ ਖੜਾ ਕਰਦੇ ਹਨ ਉਹਨਾਂ ਨੂੰ ਨਗੋਲਿਆਨਾ ਕੀਤਾ ਜਾ ਸਕੇ।

ਗੁਰਦੀਪ ਬਾਠ ਵੱਲੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੇ ਨਿਸ਼ਾਨਾ ਸੱਦਿਆ ਗਿਆ ਅਤੇ ਕਿਹਾ ਕਿ ਨਾਨੇ ਵੱਲੋਂ ਦੋ ਤਿੰਨ ਨੂੰ ਟਿਕਟ ਦੇ ਦਿੱਤੀ ਗਈ ਆਮ ਆਦਮੀ ਪਾਰਟੀ ਚ ਮਾਸੀ ਦਾ ਮੁੰਡਾ ਮਸ਼ਹੂਰ ਹੋ ਗਿਆ, ਚੱਬੇਵਾਲ ਤੋਂ ਪਿਓ ਪੁੱਤ ਦੀ ਯਾਰੀ ਨਜ਼ਰ ਆਈ, ਕਾਂਗਰਸ ਚ ਘਰਵਾਲੀ ਨਜ਼ਰ ਆਈ, ਉਹਨਾਂ ਨੇ ਕਿਹਾ ਕਿ ਜੇਕਰ ਟਿਕਟ ਕੇਵਲ ਘਰਾਂ ਚ ਹੀ ਵੰਡਣੀ ਹੈ ਤਾਂ ਵਰਕਰਾਂ ਦੀ ਲੋੜੀ ਕਿਉਂ ਪਰ ਜੇਕਰ ਵਰਕਰਾਂ ਨੇ ਦਿਨ ਰਾਤ ਮਿਹਨਤ ਕੀਤੀ ਹੈ ਤੋ ਛਾਂ ਨਹੀਂ ਦੇਖੀ ਤਾਂ ਵਰਕਰਾਂ ਦਾ ਹੱਕ ਉਹਨਾਂ ਨੂੰ ਮਿਲਣਾ ਚਾਹੀਦਾ ਹੈ। ਗੁਰਦੀਪ ਬਾਠ ਦੇ ਹੱਕ ਚ ਹਜ਼ਾਰਾਂ ਲੋਕਾਂ ਨੇ ਫਤਵਾ ਦਿੱਤਾ ਅਤੇ ਆਸਵਾਸਣ ਦਿੱਤਾ ਕਿ ਉਹਨਾਂ ਦੀ ਜਿੱਤ ਜਰੂਰ ਹੋਵੇਗੀ। ਜ਼ਕਰ ਯੋਗ ਹੈ ਕਿ ਰਾਜਨੀਤੀ ਚ ਆਉਣ ਤੋਂ ਪਹਿਲਾਂ ਗੁਰਦੀਪ ਸਿੰਘ ਬਾਠ ਇੱਕ ਚੰਗੇ ਪ੍ਰੋਫੈਸਰ ਸਨ ਅਤੇ ਆਪਣੀ ਨੌਕਰੀ ਨੂੰ ਛੱਡ ਕੇ ਉਹਨਾਂ ਵੱਲੋਂ ਪੰਜਾਬ ਦੀ ਸੇਵਾ ਕਰਨ ਦਾ ਜਜ਼ਬਾ ਉਹਨਾਂ ਨੂੰ ਰਾਜਨੀਤੀ ਚ ਲੈ ਕੇ ਆਇਆ ਅਤੇ ਕਈ ਸਾਲਾਂ ਤੋਂ ਉਹ ਬਰਨਾਲਾ ਯੋਜਨਾਬੋਰਡ ਚੇਅਰਮੈਨ ਦੀ ਕੁਰਸੀ ਤੇ ਵੀ ਬਿਰਾਜਮਾਨ ਹਨ।

# ਕਾਨੂੰਨੀ ਸੇਵਾਵਾਂ ਅਥਾਰਟੀ, ਵੱਲੋਂ ਜ਼ਿਲ੍ਹਾ ਜੇਲ੍ਹ ਵਿਖੇ ਬੰਦੀਆਂ ਨੂੰ ਦੀਵੇ ਬਣਾਉਣ ਦੀ ਕਰਵਾਈ ਟਰੇਨਿੰਗ



**ਬਰਨਾਲਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ ਨਗਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸ਼੍ਰੀ ਬੀ.ਬੀ.ਐੱਸ. ਤੇਜੀ ਦੀ ਯੋਗ ਅਗਵਾਈ ਹੇਠ, ਜ਼ਿਲ੍ਹਾ ਜੇਲ੍ਹ, ਬਰਨਾਲਾ ਵਿਖੇ ਬੰਦੀਆਂ ਨੂੰ ਮਿੱਟੀ ਦੇ ਦੀਵੇ ਬਣਾਉਣ ਦੀ ਟਰੇਨਿੰਗ ਦਵਾਈ ਗਈ। ਇਸ ਮੌਕੇ 'ਤੇ ਲਗਭਗ 40 ਤੋਂ 50 ਬੰਦੀਆਂ ਨੇ ਇਸ ਟਰੇਨਿੰਗ ਵਿੱਚ ਹਿੱਸਾ ਲਿਆ। ਇਸ ਟਰੇਨਿੰਗ ਦਾ ਮੁੱਖ ਮੰਤਵ ਇਹ ਸੀ ਕਿ ਜਦੋਂ ਬੰਦੀ ਬਾਹਰ ਜਾਣ ਤਾਂ ਉਹ ਬਾਹਰ ਜਾ ਕੇ ਆਪਣਾ ਰੋਜ਼ਗਾਰ ਚਲਾ ਸਕਣ। ਇਸ ਮੌਕੇ 'ਤੇ ਬੰਦੀਆਂ ਵੱਲੋਂ ਲਗਭਗ 300 ਤੋਂ 400 ਮਿੱਟੀ ਦੇ ਦੀਵੇ ਤਿਆਰ ਕੀਤੇ ਗਏ। ਇਸ ਮੌਕੇ 'ਤੇ ਮਾਨਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਸ਼੍ਰੀ ਮਦਨ ਲਾਲ ਵੱਲੋਂ ਦੱਸਿਆ ਗਿਆ ਕਿ ਉਕਤ ਬਣਾਏ ਗਏ ਦੀਵਿਆਂ ਦੀ ਇੱਕ ਸਟਾਲ ਦੀਵਾਲੀ ਦੇ ਮੌਕੇ ਲਗਾਈ ਜਾਵੇਗੀ।

ਇਸ ਮੌਕੇ ਮਾਨਯੋਗ ਸਕੱਤਰ ਸਾਹਿਬ ਵੱਲੋਂ ਬੰਦੀਆਂ ਦੀਆਂ ਮੁਸ਼ਕਿਲਾਂ ਸਬੰਧੀ ਵੀ ਪੁੱਛਿਆ ਗਿਆ ਅਤੇ ਉਹਨਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਸਬੰਧੀ ਜਾਗਰੂਕ ਕੀਤਾ ਗਿਆ।

# ਹਰ ਸ਼ੁਕਰਵਾਰ, ਡੇਂਗੂ ਤੇ ਵਾਰ ; ਸਿਹਤ ਵਿਭਾਗ ਵੱਲੋਂ ਡੇਂਗੂ ਨੂੰ ਫੈਲਣ ਤੋਂ ਰੋਕਣ ਲਈ ਜਾਗਰੂਕਤਾ ਮੁਹਿੰਮ ਜਾਰੀ: ਸਿਵਲ ਸਰਜਨ

**ਬਰਨਾਲਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਨੂੰ ਡੇਂਗੂ ਮੁਕਤ ਕਰਨ ਲਈ ਸਿਹਤ ਵਿਭਾਗ ਬਰਨਾਲਾ ਵੱਲੋਂ ਡਾਇਰੈਕਟਰ ਸਿਹਤ ਵਿਭਾਗ ਪੰਜਾਬ ਦੇ ਪੱਤਰ ਅਨੁਸਾਰ ਅਤੇ ਡਿਪਟੀ ਕਮਿਸ਼ਨਰ ਬਰਨਾਲਾ ਪੂਨਮਦੀਪ ਕੌਰ ਆਈ ਏ ਐਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਬਰਨਾਲਾ ਦੇ ਪਿੰਡਾਂ ਅਤੇ ਸ਼ਹਿਰਾਂ 'ਚ ਘਰ-ਘਰ ਜਾ ਕੇ ਡੇਂਗੂ ਦਾ ਲਾਰਵਾ ਚੈੱਕ ਕਰਕੇ ਨਸ਼ਟ ਕਰਨ ਹਰ ਸ਼ੁਕਰਵਾਰ, ਡੇਂਗੂ ਤੇ ਵਾਰ ਮੁਹਿੰਮ ਤਹਿਤ ਅੱਜ ਡੇਂਗੂ ਤੋਂ ਪ੍ਰਭਾਵਿਤ ਏਰੀਏ 'ਚ ਵਿਸ਼ੇਸ਼ ਮੁਹਿੰਮ



ਚਲਾਈ ਗਈ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਬਰਨਾਲਾ ਡਾ. ਤਪਿੰਦਰਜੋਤ ਕੌਸ਼ਲ ਵੱਲੋਂ ਕੀਤਾ ਗਿਆ। ਡਾ. ਮੁਨੀਸ਼ ਜ਼ਿਲ੍ਹਾ ਐਪੀਡਿਮਾਲੋਜਿਸਟ ਨੇ ਦੱਸਿਆ ਕਿ ਜੇਕਰ ਕਿਸੇ ਵਿਆਕਤੀ ਨੂੰ ਤੇਜ ਬੁਖ਼ਾਰ, ਮਾਸ਼ ਪੇਸ਼ੀਆਂ 'ਚ ਦਰਦ, ਅੱਖਾਂ ਦੇ ਪਿਛਲੇ ਹਿੱਸੇ 'ਚ ਦਰਦ, ਸਰੀਰ 'ਤੇ ਲਾਲ ਰੰਗ ਦੇ ਧੱਫੜ, ਨੱਕ ਜਾਂ ਮਸੂੜਿਆਂ ਚੋਂ ਖ਼ੂਨ ਆਉਣਾ ਆਦਿ ਲੱਛਣ ਮਹਿਸੂਸ ਹੋਣ ਤਾਂ ਤੁਰੰਤ ਡਾਕਟਰੀ ਸਲਾਹ ਅਨੁਸਾਰ ਇਲਾਜ ਕਰਵਾਉਣਾ ਚਾਹੀਦਾ ਹੈ। ਇਸ ਸਮੇਂ ਘਰੇਲੂ ਇਲਾਜ ਜਾਂ ਇਲਾਜ 'ਚ ਦੇਰੀ ਕਾਰਨ ਕਈ ਵਾਰ ਖਤਰੇ ਦਾ ਕਾਰਨ ਬਣ ਜਾਂਦਾ ਹੈ। ਗੁਰਮੇਲ ਸਿੰਘ ਢਿੱਲੋਂ ਅਤੇ ਸੁਰਿੰਦਰ ਸਿੰਘ ਹੈਲਥ ਇੰਸਪੈਕਟਰ ਨੇ ਦੱਸਿਆ ਕਿ ਅੱਜਕੱਲ੍ਹ ਡੇਂਗੂ ਦਾ ਸੀਜਨ ਚੱਲ ਰਿਹਾ ਹੈ। ਇਸ ਲਈ ਆਪਣੇ ਘਰਾਂ, ਦੁਕਾਨਾਂ ਅਤੇ ਵਰਕਸ਼ਾਪਾਂ 'ਚ ਟਾਇਰ, ਘੜੇ, ਪਾਣੀ ਵਾਲੀਆਂ ਖੇਲਾਂ , ਗਮਲੇ, ਕੂਲਰਾਂ ਅਤੇ ਫਰਿੱਜ ਦੇ ਬੈਕ ਟਰੇਅ ਆਦਿ ਥਾਵਾਂ ਤੇ ਪਾਣੀ ਨੂੰ ਹਫਤੇ 'ਚ ਇੱਕ ਦਿਨ ਹਰ ਸ਼ੁਕਰਵਾਰ ਜਰੂਰ ਸੁਕਾਉਣਾ ਚਾਹੀਦਾ ਹੈ ਤਾਂ ਜੋ ਮੱਛਰ ਨੂੰ ਪੈਦਾ ਹੋਣ ਤੋਂ ਰੋਕਿਆ ਜਾ ਸਕੇ। ਸਿਹਤ ਵਿਭਾਗ ਦੀਆਂ ਟੀਮਾਂ ਵਿੱਚ ਬਰਨਾਲਾ ਸ਼ਹਿਰ ਦੇ ਸਿਹਤ ਕਰਮਚਾਰੀ ਮਨਪ੍ਰੀਤ ਸ਼ਰਮਾ, ਚਮਕੌਰ ਸਿੰਘ, ਗਣੇਸ਼ ਦੱਤ, ਗੁਰਮੇਲ ਸਿੰਘ, ਪਰਵਿੰਦਰ ਸਿੰਘ ਅਤੇ ਗੁਲਾਬ ਸਿੰਘ ਵੱਲੋਂ ਨਰਸਿੰਗ ਸਟੂਡੈਂਟਸ ਦੇ ਸਹਿਯੋਗ ਨਾਲ ਟੀਮਾਂ ਬਣਾ ਕੇ ਡੇਂਗੂ ਦਾ ਲਾਰਵਾ ਨਸ਼ਟ ਕਰਵਾਇਆ ਅਤੇ ਬਚਾਅ ਲਈ ਜਾਗਰੂਕਤਾ ਪੈਂਫਲੈਟ ਵੰਡੇ। ਇਸ ਦੌਰਾਨ ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਕੁਲਦੀਪ ਸਿੰਘ ਮਾਨ ਅਤੇ ਹਰਜੀਤ ਸਿੰਘ ਜ਼ਿਲ੍ਹਾ ਬੀ.ਸੀ.ਸੀ. ਕੋਆਰਡੀਨੇਟਰ ਨੇ ਦੱਸਿਆ ਕਿ ਡੇਂਗੂ ਸਬੰਧੀ ਜੇਕਰ ਲੱਛਣ ਹੋਣ ਤਾਂ ਤੁਰੰਤ ਡਾਕਟਰੀ ਸਲਾਹ ਅਨੁਸਾਰ ਇਲਾਜ ਕਰਵਾਉਣਾ ਚਾਹੀਦਾ ਹੈ। ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਗਰੁੱਪ ਮੀਟਿੰਗਾਂ ਅਤੇ ਪ੍ਰੈਸ ਕਵਰੇਜ਼ ਕਰਵਾ ਕੇ ਡੇਂਗੂ ਤੋਂ ਬਚਾਅ ਲਈ ਉਪਰਾਲੇ ਕੀਤੇ ਜਾ ਰਹੇ ਹਨ।

# ਫੂਡ ਸੇਫਟੀ ਵੈਨ ਵੱਲੋਂ ਖਾਣ ਵਾਲੇ ਪਦਾਰਥਾਂ ਦੀ ਮੌਕੇ 'ਤੇ ਹੋਵੇਗੀ ਜਾਂਚ: ਸਿਵਲ ਸਰਜਨ



**ਬਰਨਾਲਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿਸ਼ਨ ਸਿਹਤਮੰਦ ਪੰਜਾਬ ਤਹਿਤ ਲੋਕਾਂ ਨੂੰ ਮਿਆਰੀ ਤੇ ਸ਼ੁੱਧ ਖਾਧ ਪਦਾਰਥਾਂ ਉਪਲਬਧ ਕਰਾਉਣ ਲਈ ਕਮਿਸ਼ਨਰ ਫੂਡ ਸੇਫ਼ਟੀ ਪੰਜਾਬ ਅਤੇ ਡਿਪਟੀ ਕਮਿਸ਼ਨਰ ਬਰਨਾਲਾ ਪੂਨਮਦੀਪ ਕੌਰ ਆਈ ਏ ਐਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਬਰਨਾਲਾ ਦੀ ਫੂਡ ਸੇਫ਼ਟੀ ਵੈਨ ਵੱਲੋਂ ਜ਼ਿਲ੍ਹਾ ਬਰਨਾਲਾ ਦੇ ਪਿੰਡਾਂ ਤੇ ਸ਼ਹਿਰਾਂ 'ਚ ਜਾ ਕੇ ਖਾਣ ਵਾਲੇ ਪਦਾਰਥਾਂ ਦੀ ਜਾਂਚ ਕਰਕੇ ਮੌਕੇ 'ਤੇ ਰਿਪੋਰਟ ਦਿੱਤੀ ਜਾਵੇਗੀ।

ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਬਰਨਾਲਾ ਡਾ. ਤਪਿੰਦਰਜੋਤ ਕੌਸ਼ਲ ਵੱਲੋਂ ਕੀਤਾ ਗਿਆ। ਜ਼ਿਲ੍ਹਾ ਸਿਹਤ ਅਫ਼ਸਰ ਡਾ. ਜਸਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਇਸ ਵੈਨ ਵੱਲੋਂ ਦੁੱਧ, ਦਹੀਂ, ਪਨੀਰ, ਖੋਆ , ਕਰੀਮ, ਹਲਦੀ ਮਿਰਚ, ਸਰ੍ਹੋਂ ਤੇਲ, ਦੇਸੀ ਘਿਓ, ਪਾਣੀ, ਗੁਲਾਬ ਜਾਮੁਣ ਆਦਿ ਖਾਣ ਵਾਲੇ ਪਦਾਰਥਾਂ ਦੀ ਜਾਂਚ ਕਰਕੇ ਮੌਕੇ 'ਤੇ ਹੀ ਰਿਪੋਰਟ ਦਿੱਤੀ ਜਾਂਦੀ ਹੈ। ਜੇਕਰ ਕਿਸੇ ਵੀ ਕਰਿਆਨਾ ਦੁਕਾਨਦਾਰ,ਹਲਵਾਈ, ਢਾਬਾ ਅਤੇ ਹੋਟਲ ਜਾਂ ਆਮ ਵਿਆਕਤੀ ਨੂੰ ਖਾਣ ਵਾਲੇ ਕਿਸੇ ਪਦਾਰਥ 'ਚ ਮਿਲਾਵਟ ਦਾ ਸ਼ੱਕ ਹੋਵੇ ਤਾਂ ਉਹ 50 ਰੁਪਏ ਪ੍ਰਤੀ ਸੈਂਪਲ ਚੈੱਕ ਕਰਵਾ ਸਕਦਾ ਹੈ। ਫੂਡ ਸੇਫ਼ਟੀ ਅਫ਼ਸਰ ਸੀਮਾ ਰਾਣੀ ਨੇ ਦੱਸਿਆ ਕਿ ਆਮ ਲੋਕ ਅਤੇ ਦੁਕਾਨਦਾਰ ਮਿਆਰੀ ਤੇ ਸ਼ੁੱਧ ਖਾਣ ਵਾਲੇ ਪਦਾਰਥਾਂ ਲਈ ਉਨ੍ਹਾਂ ਕੋਲ ਸਪਲਾਈ ਹੋ ਰਹੇ ਪਦਾਰਥਾਂ ਦੀ ਸ਼ੁੱਧਤਾ ਦੀ ਜਾਂਚ ਕਰਾਉਣ।

# ਜਤਿੰਦਰ ਕੌਰ ਰੰਧਾਵਾ ਦੇ ਕਾਗਜ ਦਾਖਲ ਕਰਾਉਣ ਡੇਰਾ ਬਾਬਾ ਨਾਨਕ ਪੁੱਜੇ ਬੀਬੀ ਰੰਧਾਵਾ

**ਲੁਧਿਆਣਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਰਾ ਬਾਬਾ ਨਾਨਕ ਤੋਂ ਕਾਂਗਰਸ ਪਾਰਟੀ ਦੇਉਮੀਦਵਾਰਅਤੇਸਾਂਸਦ ਸੁੱਖਜਿੰਦਰ ਸਿੰਘ ਰੰਧਾਵਾ ਦੀ ਧਰਮ ਪਤਨੀ ਜਤਿੰਦਰ ਕੌਰ ਰੰਧਾਵਾ ਦੇ ਹੱਕ ਵਿੱਚ ਚੋਣ ਪ੍ਰਚਾਰ ਅਤੇ ਕਾਗਜ ਦਾਖਲ ਕਰਵਾਉਣ ਲਈ ਅੱਜ ਡੇਰਾ ਬਾਬਾ ਨਾਨਕ ਪਹੁੰਚੇ ਪੰਜਾਬ ਮਹਿਲਾ ਕਾਂਗਰਸ ਦੇ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ। ਇਥੇ ਜਿਕਰਯੋਗ ਹੈ ਕਿ ਕੱਲ ਬੀਬੀ ਰੰਧਾਵਾ ਬਰਨਾਲਾ ਵਿਖੇ ਕਾਂਗਰਸੀ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿਲੋਂ ਦੇ ਕਾਗਜ ਦਾਖਲ ਕਰਵਾਉਣ ਲਈ ਪਹੁੰਚੇ ਹੋਏ ਸਨ। ਇਸੇ ਦੌਰਾਨ ਗੁਰਸ਼ਰਨ ਰੰਧਾਵਾ ਨੇ ਕਾਂਗਰਸ ਪੰਜਾਬ ਦੀਆਂ ਸਾਰੀਆਂ ਜ਼ਿਮਨੀ ਚੋਣਾਂ ਵਿੱਚ ਕਾਂਗਰਸ ਦੀ ਵੱਡੀ ਜਿੱਤ ਦਾ ਦਾਅਵਾ ਕੀਤਾ। ਉਨ੍ਹਾਂ ਆਲ ਇੰਡੀਆ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਨਾਰੀ ਸ਼ਕਤੀ ਦਾ ਸਤਿਕਾਰ ਕਰਦੀ ਹੈ ਅਤੇ ਵੱਧ ਤੋਂ ਵੱਧ ਮਹਿਲਾਵਾਂ ਨੂੰ ਪਾਰਟੀ ਦੇ ਉੱਚ ਅਹੁਦਿਆਂ ਉੱਤੇ ਬਿਰਾਜਮਾਨ ਹੋਣ ਦਾ ਮੌਕਾ ਦਿੰਦੀ ਹੈ। ਉਨਾਂ ਕਿਹਾ ਕਿ ਗਿੱਦੜਬਾਹਾ ਤੋਂ ਅੰਮ੍ਰਿਤਾ ਵੜਿੰਗ ਜੀ ਅਤੇ ਡੇਰਾ ਬਾਬਾ ਨਾਨਕ ਤੋਂ ਜਤਿੰਦਰ ਕੌਰ ਰੰਧਾਵਾ ਜੀ ਨੂੰ ਟਿੱਕਟਾਂ ਦੇਕੇ ਕਾਂਗਰਸ ਪਾਰਟੀ ਨੇ ਔਰਤ ਹਿਮਾਇਤੀ ਹੋਣ ਦਾ ਸਬੂਤ ਦਿੱਤਾ ਹੈ ਜਦੋਂ ਕਿ ਲੋਕ ਸਭਾ ਵਿੱਚ ਵੀ ਕਾਂਗਰਸ ਨੇ ਪੰਜਾਬ ਦੀਆਂ 2 ਮਹਿਲਾਵਾਂ ਨੂੰ ਟਿੱਕਟਾਂ ਦਿੱਤੀਆਂ ਸਨ। ਉਹਨਾਂ ਕਿਹਾ ਕਿ ਪਹਿਲਾਂ ਲੋਕ ਸਭਾ ਵਿੱਚ ਆਮ ਆਦਮੀ ਪਾਰਟੀ ਨੇ ਇੱਕ ਵੀ ਮਹਿਲਾ ਨੂੰ ਟਿਕਟ ਨਹੀਂ ਦਿੱਤੀ ਅਤੇ ਹੁਣ ਜਿਮਨੀ ਚ ਮਹਿਲਾਵਾਂ ਨੂੰ ਕੋਰੀ ਨਾ ਕਰ ਦਿੱਤੀ ਹੈ ਜਿਸ ਤੋਂ ਆਮ ਆਦਮੀ ਪਾਰਟੀ ਦੀ ਸੋਚ ਜੱਗ ਜਾਹਰ ਹੁੰਦੀ ਹੈ।

ਇਸੇ ਦੌਰਾਨ ਬੀਬੀ ਰੰਧਾਵਾ ਨੇ ਪੰਜਾਬ ਮਹਿਲਾ ਕਾਂਗਰਸ ਦੀਆਂ ਸਮੁੱਚੀਆਂ ਭੈਣਾਂ ਨੂੰ ਜਿਮਨੀ ਚੋਣਾਂ ਵਿੱਚ ਡੱਟ ਕੇ ਕੰਮ ਕਰਨ ਦੀ ਅਪੀਲ ਕੀਤੀ ਉਹਨਾਂ ਕਿਹਾ ਕਿ ਸਮਾਂ ਆਉਣ ਤੇ ਕਾਂਗਰਸ ਪਾਰਟੀ ਸਾਰੀਆਂ ਮਿਹਨਤੀ ਭੈਣਾਂ ਨੂੰ ਬਣਦਾ ਮਾਣ ਸਨਮਾਨ ਬਖਸ਼ੇਗੀ। ਇਸ ਮੌਕੇ ਜਤਿੰਦਰ ਕੌਰ ਰੰਧਾਵਾ ਦੇ ਨਾਲ ਪੰਜਾਬ ਦੇ ਸਾਬਕਾ ਗ੍ਰਿਹ ਮੰਤਰੀ ਅਤੇ ਸੰਸਦ ਸੁਖਜਿੰਦਰ ਰੰਧਾਵਾ, ਸਾਬਕਾ ਮੰਤਰੀ ਤ੍ਰਿਪਤਰਜਿੰਦਰ ਸਿੰਘ ਬਾਜਵਾ, ਵਿਧਾਇਕ ਅਮਿਤ ਵਿੱਜ, ਵਿਧਾਇਕਾ ਅਰੁਣਾ ਚੌਧਰੀ, ਰਿੰਕੀ ਨੈਬ ਅਤੇ ਕਈ ਹੋਰ ਸੀਨੀਅਰ ਕਾਂਗਰਸੀ ਹਾਜ਼ਰ ਸਨ।

# ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਿੰਦਰ ਧਾਲੀਵਾਲ ਨੇ ਕੀਤੀ ਨਾਮਜਦਗੀ ਦਾਖਲ



**ਬਰਨਾਲਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੱਤਾਧਾਰੀ ਪਾਰਟੀ ਆਮ ਆਦਮੀ ਪਾਰਟੀ ਵੱਲੋਂ ਐਲਾਨੇ ਗਏ ਰਸਮੀ ਉਮੀਦਵਾਰ ਹਰਿੰਦਰ ਸਿੰਘ ਧਾਲੀਵਾਲ ਵੱਲੋਂ ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਦੇ ਪਿਤਾ ਅਤੇ ਮਾਤਾ ਐਮਐਲਏ ਕੁਲਵੰਤ ਸਿੰਘ ਪੰਡੋਰੀ ਅਤੇ ਲਾਭ ਸਿੰਘ ਉਗੋਕੇ ਦੇ ਨਾਲ ਜਾ ਕੇ ਨਾਮਜਦਗੀ ਪੱਤਰ ਦਾਖਲ ਕੀਤਾ ਗਿਆ।

ਮੀਡੀਆ ਨਾਲ ਗੱਲਬਾਤ ਕਰਦੇ ਹੋਏ ਧਾਲੀਵਾਲ ਨੇ ਕਿਹਾ ਕਿ ਗੁਰਮੀਤ ਸਿੰਘ ਮੀਤ ਹੇਅਰ ਜਿਨਾਂ ਦੀ ਇਮਾਨਦਾਰੀ ਦੀ ਝੂਠੀ ਸੌਂ ਵੀ ਨਹੀਂ ਖਾਧੀ ਜਾ ਸਕਦੀ ਉਹਨਾਂ ਵੱਲੋਂ ਜਿਹੜੀ ਜਿੰਮੇਵਾਰੀ ਅਤੇ ਹਾਈ ਕਮਾਂਡ ਵੱਲੋਂ ਜਿਹੜਾ ਆਦਰ ਮੈਨੂੰ ਦਿੱਤਾ ਗਿਆ ਹੈ ਮੈਂ ਉਸਦਾ ਰਿਣੀ ਹਾਂ ਅਤੇ ਬਰਨਾਲਾ ਤੋਂ ਜਿਮਨੀ ਚੋਣ ਜਿੱਤਣ ਤੋਂ ਬਾਅਦ ਬਰਨਾਲਾ ਵਾਸੀਆਂ ਨੂੰ ਪੰਜਾਬ ਸਰਕਾਰ ਵੱਲੋਂ ਉਚਾਈਆਂ ਤੇ ਲਿਜਾਣ ਲਈ ਹਮੇਸ਼ਾ ਤਤਪਰ ਰਹਾਂਗਾ। ਧਾਲੀਵਾਲ ਨੇ ਕਿਹਾ ਕਿ ਉਹ ਹਾਈ ਕਮਾਂਡ ਅਤੇ ਮੈਂਬਰ ਪਾਰਲੀਮੈਂਟ ਮੀਤ ਹੇਅਰ ਦਾ ਧੰਨਵਾਦ ਕਰਦੇ ਹਨ ਜਿੰਨਾ ਵੱਲੋਂ ਉਹਨਾਂ ਨੂੰ ਟਿਕਟ ਨਾਲ ਨਿਵਾਜਿਆ ਗਿਆ ਹੈ। ਉਹਨਾਂ ਨੇ ਕਿਹਾ ਕਿ ਸ਼ਹਿਰ ਦੇ ਲੋਕਾਂ ਦੀ ਸੇਵਾ ਕਰਨਾ ਹੀ ਹੁਣ ਤੋਂ ਉਹਨਾਂ ਦਾ ਪਹਿਲਾ ਧਰਮ ਅਤੇ ਕਰਮ ਹੋਵੇਗਾ। ਨਾਮ ਜਪ ਗਈ ਦਾਖਲ ਕਰਨ ਮੌਕੇ ਉਹਨਾਂ ਨਾਲ ਬਰਨਾਲਾ ਤੋਂ ਵੱਡੀ ਤਾਦਾਦ ਵਿੱਚ ਪਾਰਟੀ ਵਰਕਰ ਅਤੇ ਆਗੂ ਸਾਹਿਬਾਨ ਹਾਜ਼ਰ ਸਨ।

# ਲੋਕਾਂ ਨੂੰ ਆਪਣੇ ਵੱਲ ਖਿੱਚਣ ਚ ਕਾਮਯਾਬੀ ਹਾਸਿਲ ਕਰ ਰਿਹਾ ਹੈ ਕਮਲ ਦਾ ਫੁੱਲ

**ਬਰਨਾਲਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਕੇਵਲ ਸਿੰਘ ਢਿੱਲੋਂ ਜੋ ਕਿ ਕਿਸੇ ਵੀ ਤਰ੍ਹਾਂ ਦੀ ਜਾਣ ਪਹਿਚਾਣ ਦੇ ਮੁਹਤਾਜ ਨਹੀਂ ਹਨ ਅਤੇ ਆਪਣੇ ਵੱਖਰੇ ਹੀ ਅੰਦਾਜ਼ ਨਾਲ ਲੋਕਾਂ ਨੂੰ ਆਪਣੇ ਨਾਲ ਜੋੜਨ ਦਾ ਬਲ ਰੱਖਦੇ ਹਨ। ਭਾਜਪਾ ਦੇ ਉਮੀਦਵਾਰ ਅਤੇ ਲੰਬੇ ਸਮੇਂ ਤੋਂ ਰਾਜਨੀਤੀ ਨਾਲ ਜੁੜੇ ਹੋਏ ਕੇਵਲ ਸਿੰਘ ਢਿੱਲੋਂ ਜਿਨਾਂ ਦਾ ਚੋਣ ਨਿਸ਼ਾਨ ਕਮਲ ਦਾ ਫੁੱਲ ਹੈ ਅਤੇ ਲੋਕਾਂ ਵੱਲੋਂ ਇਸ ਕਮਲ ਦੇ ਫੁੱਲ ਨੂੰ ਡਾਢਾ ਪਸੰਦ ਕੀਤਾ ਜਾ ਰਿਹਾ।

ਕੇਵਲ ਸਿੰਘ ਢਿੱਲੋ ਨੇ ਕਿਹਾ ਕਿ ਉਹਨਾਂ ਦਾ ਚੋਣ ਲੜਨ ਦਾ ਵਿਸ਼ਾ ਕੇਵਲ ਤੇ ਕੇਵਲ ਸ਼ਹਿਰ ਦਾ ਵਿਕਾਸ ਹੀ ਹੁੰਦਾ ਹੈ ਅਤੇ ਸਾਰਾ ਸ਼ਹਿਰ ਇਸ ਗੱਲ ਦਾ ਸਬੂਤ ਦਿੰਦਾ ਹੈ ਕਿ ਹੁਣ ਤੱਕ ਉਹਨਾਂ ਵੱਲੋਂ ਸ਼ਹਿਰ ਚ ਵੱਡੀ ਤਾਦਾਦ ਵਿੱਚ ਵਿਕਾਸ ਦੇ ਕੰਮ ਪੂਰ ਚੜ੍ਹਾਏ ਗਏ ਹਨ।

ਉਹਨਾਂ ਨੇ ਆਸ਼ਵਾਸਨ ਦਿੱਤਾ ਕਿ ਬਰਨਾਲਾ ਦੀ ਜਿਮਣੀ ਚੋਣ ਜਿੱਤਣ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਸ਼ਹਿਰ ਦੀ ਵਿਗੜੀ ਹੋਈ ਦਿਸ਼ਾ ਨੂੰ ਚੰਗੀ ਦਸ਼ਾ ਦੇਣ ਲਈ ਉਹ ਤਤਪਰ ਰਹਿਣਗੇ ਅਤੇ ਉਹਨਾਂ ਦੇ ਹੱਕ ਵਿੱਚ ਦਿੱਤੇ ਗਏ ਲੋਕਾਂ ਦੇ ਫਤਵੇ ਨੂੰ ਹਮੇਸ਼ਾ ਯਾਦ ਰੱਖਣਗੇ।

# ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਸਕੂਲ ਵਿਦਿਆਰਥੀਆਂ ਨੂੰ ਵਾਤਾਵਰਣ ਸਬੰਧੀ ਕੀਤਾ ਗਿਆ ਜਾਗਰੂਕ

**ਪਟਿਆਲਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਇੱਕ ਜਾਗਰੂਕਤਾ ਸੈਮੀਨਾਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਆਲੋਵਾਲ, ਪਟਿਆਲਾ ਵਿਖੇ ਕਰਵਾਇਆ ਗਿਆ।




ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਹੋਣ ਵਾਲੇ ਨੁਕਸਾਨਾਂ ਪ੍ਰਤੀ ਵਿਦਿਆਰਥੀਆਂ ਵਿਚ ਜਾਗਰੂਕਤਾ ਪੈਦਾ ਕਰਨ ਲਈ ਇਕ ਰੈਲੀ ਕਰਵਾਈ ਗਈ ਅਤੇ ਨਾਲ ਹੀ ਭਾਸ਼ਣ, ਲੇਖ ਰਚਨਾ, ਪੇਂਟਿੰਗ ਅਤੇ ਸੰਦੇਸ਼ ਲਿਖਣ ਦੇ ਮੁਕਾਬਲੇ ਵੀ ਕਰਵਾਏ ਗਏ। ਇਹ ਮੁਕਾਬਲੇ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਦੇ ਡਿਪਟੀ ਡਾਇਰੈਕਟਰ (ਸਿਖਲਾਈ) ਡਾ. ਹਰਦੀਪ ਸਿੰਘ ਸਭਿਖੀ ਅਤੇ ਪ੍ਰਿੰਸੀਪਲ ਸ੍ਰੀਮਤੀ ਨੀਰਜ ਵੈਦ ਦੀ ਯੋਗ ਅਗਵਾਈ ਅਧੀਨ ਹੋਏ।

ਇਨ੍ਹਾਂ ਮੁਕਾਬਲਿਆਂ ਵਿਚ ਕੋਮਲਪ੍ਰੀਤ ਕੌਰ (ਭਾਸ਼ਣ ਮੁਕਾਬਲਾ), ਅਵਤਾਰ ਕੌਰ (ਪੋਸਟਰ ਮੇਕਿੰਗ), ਤਜਿੰਦਰ ਸਿੰਘ (ਸੰਦੇਸ਼ ਲਿਖਣਾ) ਅਤੇ ਪਰਵਿੰਦਰ ਸਿੰਘ (ਲੇਖ ਰਚਨਾ) ਨੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਜੇਤੂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

ਸੈਮੀਨਾਰ ਦੇ ਬੁਲਾਰੇ ਡਾ ਗੁਰਉਪਦੇਸ਼ ਕੌਰ, ਪ੍ਰੋਫੈਸਰ (ਗ੍ਰਹਿ ਵਿਗਿਆਨ) ਨੇ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨ ਬਾਰੇ ਜਾਣਕਾਰੀ ਦਿੰਦਿਆਂ ਵਿਦਿਆਰਥੀਆਂ ਨੂੰ ਇਸ ਜਾਗਰੂਕਤਾ ਮੁਹਿੰਮ ਵਿਚ ਅਹਿਮ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ। ਡਾ. ਰਚਨਾ ਸਿੰਗਲਾ, ਪ੍ਰੋਫੈਸਰ (ਬਾਗਬਾਨੀ) ਅਤੇ ਡਾ. ਗੁਰਪ੍ਰੀਤ ਸਿੰਘ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ), ਕੇ.ਵੀ.ਕੇ ਪਟਿਆਲਾ ਨੇ ਝੋਨੇ ਦੀ ਪਰਾਲੀ ਨੂੰ ਸੰਭਾਲਣ ਵਾਸਤੇ ਅਪਣਾਈਆਂ ਜਾਣ ਵਾਲੀਆਂ ਵੱਖ-ਵੱਖ ਤਕਨੀਕਾਂ ਬਾਰੇ ਵਿਸਥਾਰਪੂਰਵਕ ਦੱਸਿਆ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਵੱਲੋਂ ਬਜ਼ੁਰਗਾਂ ਦੇ ਉਤਸ਼ਾਹ ਨੂੰ ਵਧਾਉਣ ਲਈ ਖੇਡਾਂ



**ਬਰਨਾਲਾ,29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਵੱਲੋਂ ਸੀਨੀਅਰ ਸੀਟੀਜ਼ਨ ਸੁਸਾਇਟੀ, ਬਰਨਾਲਾ ਦੇ ਸਹਿਯੋਗ ਨਾਲ ਬਜ਼ੁਰਗਾਂ ਨੂੰ ਉਤਸ਼ਾਹਿਤ ਕਰਨ ਅਤੇ ਉਹਨਾਂ ਦੀ ਮਾਨਸਿਕ ਸਥਿਤੀ ਨੂੰ ਮਜ਼ਬੂਤ ਕਰਨ ਲਈ ਖੇਡਾਂ (ਕੈਰਮ ਬੋਰਡ, ਸਤਰੰਜ, ਮਿਊਜ਼ੀਕਲ ਚੇਅਰ ਅਤੇ ਕੁੱਦਣਾ) ਦਾ ਆਯੋਜਨ ਕੀਤਾ ਗਿਆ। ਇਹ ਖੇਡਾਂ ਸੀਨੀਅਰ ਸੀਟੀਜ਼ਨ ਸੁਸਾਇਟੀ, ਬਰਨਾਲਾ ਦੇ ਵਿਹੜੇ ਵਿੱਚ ਖੇਡੀਆਂ ਗਈਆਂ। ਇਹਨਾਂ ਖੇਡਾਂ ਵਿੱਚ ਲਗਭਗ 60 ਤੋਂ 70 ਬਜ਼ੁਰਗਾਂ ਨੇ ਹਿੱਸਾ ਲਿਆ। ਉਹਨਾਂ ਨੇ ਇਹ ਖੇਡਾਂ ਬੜੇ ਹੀ ਉਤਸ਼ਾਹ ਨਾਲ ਖੇਡੀਆਂ ਅਤੇ ਆਪਣੇ ਆਪ ਨੂੰ ਮੁੜ ਸੁਰਜੀਤ ਮਹਿਸੂਸ ਕੀਤਾ। ਇਸ ਮੌਕੇ 'ਤੇ ਮਾਨਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਸ਼੍ਰੀ ਮਦਨ ਲਾਲ ਵੱਲੋਂ ਬਜ਼ੁਰਗਾਂ ਨਾਲ ਕੈਰਮ ਬੋਰਡ ਖੇਡਿਆ। ਉਪਰੋਕਤ ਖੇਡਾਂ ਵਿੱਚ ਪਹਿਲੀ, ਦੂਜੀ ਅਤੇ ਤੀਜੀ ਪੁਜੀਸ਼ਨ ਹਾਸਲ ਕਰਨ ਵਾਲੇ ਬਜ਼ੁਰਗ ਪ੍ਰਤੀਯੋਗੀਆਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਵੱਲੋਂ ਇਨਾਮ ਵੰਡੇ ਗਏ। ਇਸ ਮੌਕੇ 'ਤੇ ਸੀਨੀਅਰ ਸੀਟੀਜ਼ਨ ਸੁਸਾਇਟੀ, ਬਰਨਾਲਾ ਦੇ ਪ੍ਰਧਾਨ ਸ੍ਰੀ ਜੀ.ਸੀ. ਗੋਇਲ ਵੱਲੋਂ ਜੱਜ ਸਾਹਿਬ ਨੂੰ ਸਨਮਾਨ ਚਿੰਨ ਵੀ ਭੇਂਟ ਕੀਤਾ ਗਿਆ। ਇਸ ਮੌਕੇ 'ਤੇ ਜੱਜ ਸਾਹਿਬ ਵੱਲੋਂ ਸਾਰੇ ਸੀਨੀਅਰ ਸਿਟੀਜਨਜ਼ ਨੂੰ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀ ਦਿੱਲੀ ਵੱਲੋਂ ਜਾਰੀ ਮੁਫ਼ਤ ਹੈਲਪ ਲਾਈਨ ਨੰਬਰ 15100 ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਅਸਿਸਟੈਂਟ ਲੀਗਲ ਏਡ ਡਿਫੈਂਸ ਕਾਉਂਸਲ, ਬਰਨਾਲਾ ਮਿਸ ਲਵਲੀਨ ਕੌਰ ਵੱਲੋਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਵੱਲੋਂ ਕੀਤੇ ਜਾਂਦੇ ਕੰਮਾਂ ਸਬੰਧੀ ਵਿਸਥਾਰ ਵਿੱਚ ਚਾਨਣਾ ਪਾਇਆ ਗਿਆ। ਇਸ ਮੌਕੇ 'ਤੇ ਜਨਰਲ ਸੈਕਟਰੀ ਇੰਜੀਨੀਅਰ ਅੰਮ੍ਰਿਤ ਲਾਲ ਸਿੰਗਲਾ, ਸੀਨੀਅਰ ਵਾਇਸ ਪ੍ਰੈਜੀਡੈਂਟ ਅਮਰਜੀਤ ਸਿੰਘ ਭੁੱਲਰ, ਪ੍ਰੋਜੈਕਟ ਚੇਅਰਮੈਨ ਰਜਿੰਦਰ ਪ੍ਰਸਾਦ ਸਿੰਗਲਾ ਅਤੇ ਕੈਸ਼ੀਅਰ ਅਸ਼ੋਕ ਕੁਮਾਰ ਹਾਜ਼ਰ ਰਹੇ।

# ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਕੁਲਵੰਤ ਸਿੰਘ ਕੀਤੂ ਵੱਲੋਂ ਐਨ ਮੌਕੇ 'ਤੇ, ਨਾਮਜ਼ਦਗੀ ਪੇਪਰ ਫਾਈਲ ਕਰਨ ਤੋਂ ਨਾਂਹ



**ਬਰਨਾਲਾ,29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਲਵੰਤ ਸਿੰਘ ਕੀਤੂ ਨੇ ਹਲਕੇ ਦੇ ਲੋਕਾਂ ਦਾ ਭਾਰੀ ਇਕੱਠ ਕਰਕੇ ਆਪਣਾ ਫੈਸਲਾ ਸੁਣਾ ਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਅਤੇ ਪਾਰਟੀ ਵਰਕਰਾਂ ਨੂੰ ਖੁਸ਼ ਕਰ ਦਿੱਤਾ। ਕੀਤੂ ਦਾ ਐਲਾਨ ਸੁਣਕੇ, ਪੰਡਾਲ ਵਿੱਚ ਹਾਜ਼ਿਰ ਠਾਠਾਂ ਮਾਰਦੇ।ਇਕੱਠ ਨੇ ਜੈਕਾਰਿਆਂ ਦੀ ਗੂੰਜ ਵਿੱਚ ਆਪਣੀ ਸਹਿਮਤੀ ਦੇ ਦਿੱਤੀ। ਇਹ ਫੈਸਲਾ ਅਕਾਲੀ ਦਲ ਦੇ ਉਮੀਦਵਾਰ ਕੁਲਵੰਤ ਸਿੰਘ ਕੀਤੂ ਨੇ ਅਕਾਲੀ ਦਲ ਦੀ ਲੰਘੀ ਕੱਲ੍ਹ ਹੋਈ ਮੀਟਿੰਗ ਵਿੱਚ ਚੋਣਾਂ ਨਾ ਲੜਨ ਸਬੰਧੀ ਲਏ ਫੈਸਲੇ ਤੇ ਸਹਿਮਤੀ ਦੇ ਦਿੱਤੀ। ਉਨ੍ਹਾਂ ਕਿਹਾ ਕਿ ਮੈਂ ਪਾਰਟੀ ਦੇ ਫੈਸਲੇ ਤੇ ਸਿਰ ਨਿਵਾਂ ਕੇ,ਫੁੱਲ ਚੜ੍ਹਾਉਂਦਾ ਹਾਂ।

ਜਿਕਰਯੋਗ ਹੈ ਕਿ ਲੰਘੀ ਕੱਲ੍ਹ ਕੀਤੂ ਨੇ ਕਿਹਾ ਸੀ ਕਿ ਉਹ ਹਲਕੇ ਦੇ ਲੋਕਾਂ ਦੀ ਰਾਇ ਲੈ ਕੇ ਹੀ ਚੋਣ ਲੜਨ ਜਾਂ ਨਾ ਲੜਨ ਸਬੰਧੀ ਨਿਰਣਾ ਲੈਣਗੇ। ਉਨ੍ਹਾਂ ਐਨ ਮੌਕੇ ਤੇ, ਨਾਮਜਦਗੀ ਪੇਪਰ ਫਾਈਲ ਕਰਨ ਤੋਂ ਨਾਂਹ ਕਰ ਦਿੱਤੀ । ਹੁਣ ਅਕਾਲੀ ਉਮੀਦਵਾਰ ਵੱਲੋਂ ਚੋਣ ਮੈਦਾਨ ਵਿਚੋਂ ਪਿੱਛੇ ਹਟ ਜਾਣ ਤੋਂ ਬਾਅਦ ਇਹ ਕਿਆਸਰਾਈਆਂ ਸ਼ੁਰੂ ਹੋ ਗਈਆਂ ਕਿ ਅਕਾਲੀ ਦਲ ਦੇ ਇਸ ਫੈਸਲੇ ਦਾ ਕਿਹੜੀ ਰਾਜਸੀ ਧਿਰ ਨੂੰ ਫਾਇਦਾ ਹੋਵੇਗਾ ।

# ਸਿਰਜਣਾ ਅਤੇ ਸੰਵਾਦ ਸਾਹਿਤ ਸਭਾ ਇਕਾਈ ਨੇ ਸਾਹਿਤਕ ਵਰਕਸ਼ਾਪ ਲਗਾਈ

**ਜ਼ੀਰਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੁੱਟਰ ( ਮੋਗਾ ) ਵਿਖੇ ਸਿਰਜਣਾ ਅਤੇ ਸੰਵਾਦ ਸਾਹਿਤ ਸਭਾ (ਰਜਿ) ਇਕਾਈ ਮੋਗਾ ਦੀ ਪ੍ਰਧਾਨ ਡਾਕਟਰ ਸਰਬਜੀਤ ਕੌਰ ਬਰਾੜ ਦੀ ਅਗਵਾਈ ਅਤੇ ਕੈਪਟਨ ਜਸਵੰਤ ਸਿੰਘ ਦੇ ਸਹਿਯੋਗ ਸਦਕਾ ਸਭਾ ਦੇ ਮੈਂਬਰਾਂ ਵੱਲੋਂ ਸਾਹਿਤ ਅਤੇ ਕਲਾ ਸਿਰਜਣ ਲਈ ਇੱਕ ਵਰਕਸ਼ਾਪ ਲਗਾਈ ਗਈ । ਜਿਸ ਵਿੱਚ ਵੱਖ ਵੱਖ ਮੈਂਬਰ ਸਾਹਿਬਾਨ ਵੱਲੋਂ ਸਾਹਿਤ ਅਤੇ ਕਲਾ ਦੀਆਂ ਅਲੱਗ ਅਲੱਗ ਵਿਧਾਵਾਂ ਦੀ ਰਚਨਾ ਸਬੰਧੀ ਸਕੂਲ ਦੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਭਾ ਦੀ ਸਕੱਤਰ ਗੁਰਬਿੰਦਰ ਕੌਰ ਗਿੱਲ ਨੇ ਸਾਹਿਤ ਦੀ ਰਚਨਾ ਸਬੰਧੀ ਸੂਖਮ ਨੁਕਤਿਆਂ ਬਾਰੇ ਬੱਚਿਆਂ ਨਾਲ ਵਿਚਾਰ ਚਰਚਾ ਕੀਤੀ। ਸਭਾ ਦੀ ਪ੍ਰਧਾਨ ਡਾਕਟਰ ਸਰਬਜੀਤ ਕੌਰ ਬਰਾੜ ਨੇ ਕਵਿਤਾ ਲਿਖਣ ਸਬੰਧੀ ਵਿਦਿਆਰਥੀਆਂ ਨੂੰ ਸੇਧ ਦੇਣ ਵਾਲੇ ਨੁਕਤੇ ਸਾਂਝੇ ਕੀਤੇ। ਮੀਤ ਪ੍ਰਧਾਨ ਪਰਮਿੰਦਰ ਕੌਰ ਮੋਗਾ ਵੱਲੋਂ ਨਿਬੰਧ ਲਿਖਣ ਸਬੰਧੀ ਅਤੇ ਮੀਡੀਆ ਇੰਚਾਰਜ ਅਮਨਦੀਪ ਕੌਰ ਡਗਰੂ ਵੱਲੋਂ ਕਹਾਣੀ ਲਿਖਣ ਸਬੰਧੀ ਜ਼ਰੂਰੀ ਨੁਕਤੇ ਬੱਚਿਆਂ



ਨਾਲ ਸਾਂਝੇ ਕੀਤੇ ਗਏ। ਉਪਰੰਤ 40 ਵਿਦਿਆਰਥੀਆਂ ਨੇ ਆਪਣੀਆਂ ਮੌਲਿਕ ਰਚਨਾਵਾਂ ਅਤੇ ਕਲਾ ਕਿਰਤਾਂ ਨੂੰ ਪੇਸ਼ ਕੀਤਾ। ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਭਾ ਵੱਲੋਂ ਸਰਟੀਫ਼ਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ ਸਰਬਜੀਤ ਕੌਰ ਬਰਾੜ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਸਭਾ ਦਾ ਮੁੱਖ ਉਦੇਸ਼ ਨਵੀਂ ਪੀੜ੍ਹੀ ਨੂੰ ਕਲਾ ਅਤੇ ਸਾਹਿਤ ਨਾਲ ਜੋੜਣ ਦਾ ਹੈ, ਬੱਚਿਆਂ ਦੀ ਮਾਂ ਬੋਲੀ ਪੰਜਾਬੀ ਨਾਲ ਵਧ ਰਹੀ ਵੱਖਰਤਾ ਨੂੰ ਘਟਾ ਕੇ ਉਹਨਾਂ ਨੂੰ ਮਾਂ ਬੋਲੀ ਪੰਜਾਬੀ ਨਾਲ ਵੱਧ ਤੋਂ ਵੱਧ ਜੋੜਨ ਲਈ ਇਹ ਉੱਪਰਾਲਾ ਕੀਤਾ ਗਿਆ ਹੈ ਅਤੇ ਭਵਿੱਖ ਵਿੱਚ ਵੀ ਸਭਾ ਵੱਲੋਂ ਅਜਿਹੇ ਯਤਨ ਜਾਰੀ ਰਹਿਣਗੇ । ਮੈਡਮ ਬਰਾੜ ਨੇ ਕਿਹਾ ਕਿ ਇਥੇ ਇਹ ਗੱਲ ਵੀ ਦੱਸਣਯੋਗ ਹੈ ਕਿ ਮੋਗਾ ਜ਼ਿਲ੍ਹੇ ਵਿੱਚ ਕਿਸੇ ਸਾਹਿਤਕ ਸਭਾ ਵੱਲੋਂ ਪਹਿਲੀ ਵਾਰ ਇਹ ਉਪਰਾਲਾ ਕੀਤਾ ਗਿਆ ਹੈ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਾਹਿਤ ਅਤੇ ਕਲਾ ਦੇ ਖੇਤਰ ਨਾਲ ਜੋੜਿਆ ਜਾ ਸਕੇ। ਇਸ ਮੌਕੇ ਪਰਮਿੰਦਰ ਕੌਰ ਮੋਗਾ, ਅਮਨਦੀਪ ਕੌਰ ਡਗਰੂ, ਕੈਪਟਨ ਜਸਵੰਤ ਸਿੰਘ, ਪ੍ਰਬੰਧਕੀ ਬੋਰਡ ਦੇ ਮੈਂਬਰ ਅਮਿਤਾ ਕੁਮਾਰੀ ਮੈਹਨ ਅਤੇ ਕ੍ਰਿਸ਼ਨ ਪ੍ਰਤਾਪ ਮੈਹਨ ਆਦਿ ਸਕੂਲ ਅਧਿਆਪਕ ਹਾਜ਼ਰ ਸਨ।

## ਸੰਪਾਦਕੀ

# ਹਰਿਆਣਾ ਅਤੇ ਜੰਮੂ-ਕਸ਼ਮੀਰ ਚੋਣ ਨਤੀਜਿਆਂ ਦਾ ਅਸਰ

ਹਰਿਆਣਾ ਅਤੇ ਜੰਮੂ ਕਸ਼ਮੀਰ ਵਿੱਚ ਆਏ ਚੁਣਾਵੀ ਨਤੀਜਿਆਂ ਨੇ ਆਪੋ-ਆਪਣੀਆਂ ਇਲਾਕਾਈ ਹੱਦਬੰਦੀਆਂ ਤੋਂ ਪਰ੍ਹੇ ਵਡੇਰਾ ਸਿਆਸੀ ਸੰਦੇਸ਼ ਦੇਣ ਲਈ ਕੌਮੀ ਧਿਆਨ ਖਿੱਚਿਆ ਹੈ। ਚੋਣਾਂ ਦੇ ਫ਼ਤਵੇ ਨੇ ਜਮਹੂਰੀ ਰਾਜਨੀਤੀ ਦੀਆਂ ਪੇਚੀਦਗੀਆਂ ਨੂੰ ਉਜਾਗਰ ਕੀਤਾ ਅਤੇ ਅਕਸ ਤੇ ਹਕੀਕਤ ਵਿਚਕਾਰ ਫ਼ਰਕ ਨੂੰ ਗੂੜ੍ਹਾ ਕਰ ਕੇ ਉਭਾਰਿਆ ਹੈ; ਹਰਿਆਣਾ ਦੀ ਚੋਣ ਵਿੱਚ ਇਹ ਫ਼ਰਕ ਯਕੀਨਨ ਰਿਹਾ ਹੈ ਜਿੱਥੇ ਇਨ੍ਹਾਂ ਦੇ ਸਤਰਾਂ ਦੇ ਲੇਖਕ ਸਣੇ ਆਮ ਧਾਰਨਾ ਇਹ ਬਣੀ ਹੋਈ ਸੀ ਕਿ ਕਾਂਗਰਸ ਸੂਬੇ ਦੀ ਸੱਤਾ ਉੱਪਰ ਕਾਬਜ਼ ਹੋ ਜਾਵੇਗੀ। ਉਂਝ, ਸਾਫ਼ ਤੌਰ 'ਤੇ ਚੁਣਾਵੀ ਨਤੀਜਿਆਂ ਨੇ ਲੋਕਾਂ ਦੀ ਆਪਣੀ ਕਿਸਮਤ ਲਿਖਣ ਦੇ ਸਮੂਹਿਕ ਨਿਸ਼ਚੇ ਦੀ ਤਸਦੀਕ ਕੀਤੀ ਹੈ, ਜਮਹੂਰੀ ਭਾਵਨਾ ਦਾ ਭਰਵਾਂ ਪ੍ਰਗਟਾਓ ਕੀਤਾ ਹੈ ਅਤੇ ਵੋਟ ਦੇ ਜ਼ਰੀਏ ਸੱਤਾ ਦੇ ਸ਼ਾਂਤਮਈ ਤਬਾਦਲੇ ਦੀ ਅਕੱਟ ਵਚਨਬੱਧਤਾ ਨੂੰ ਦ੍ਰਿੜਾਇਆ ਹੈ। ਜੰਮੂ ਕਸ਼ਮੀਰ ਦਾ ਇਤਿਹਾਸ ਕਾਫ਼ੀ ਉਥਲ-ਪੁਥਲ ਭਰਿਆ ਰਿਹਾ ਹੈ ਜਿਸ ਦੇ ਮੱਦੇਨਜ਼ਰ ਉੱਥੇ ਸ਼ਾਂਤਮਈ ਢੰਗ ਨਾਲ ਚੋਣਾਂ ਨੇਪਰੇ ਚਾੜ੍ਹਨਾ ਹੀ ਸੰਵਿਧਾਨਕ ਲੋਕਰਾਜ ਦੀ ਵੱਡੀ ਜਿੱਤ ਕਿਹਾ ਜਾ ਸਕਦਾ ਹੈ ਜਿਸ ਨਾਲ ਕਸ਼ਮੀਰੀਆਂ ਦੀ ਬਾਕੀ ਦੇਸ਼ ਨਾਲ ਭਾਵੁਕ ਇਕਜੁੱਟਤਾ ਯਕੀਨੀ ਬਣ ਸਕੇਗੀ। 'ਨਵੇਂ ਕਸ਼ਮੀਰ' ਦੀ ਸਵੇਰ ਵਿੱਚ ਸਾਹ ਲੈਣ ਲਈ ਇਸ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਲੋਕਾਂ ਵੱਲੋਂ ਖੁੱਲ੍ਹੇ ਦਿਲ ਨਾਲ ਬੈਲੇਟ ਨੂੰ ਅਪਣਾਉਣਾ ਭਾਰਤੀ ਲੋਕਰਾਜ ਦੀ ਗਹਿਰਾਈ ਲਈ ਫ਼ੈਸਲਾਕੁਨ ਪਲ ਹੈ। ਖ਼ਿੱਤੇ ਦੀਆਂ ਮਖ਼ਸੂਸ ਸਿਆਸੀ ਹਕੀਕਤਾਂ ਅਤੇ ਸ਼ਾਸਨ ਦੇ ਜਟਿਲ ਢਾਂਚੇ ਦੇ ਮੱਦੇਨਜ਼ਰ ਜਿਸ ਅਧੀਨ ਨੈਸ਼ਨਲ ਕਾਨਫਰੰਸ ਦੀ ਅਗਵਾਈ ਵਾਲੀ ਸਰਕਾਰ ਨੂੰ ਕੰਮ ਕਰਨਾ ਪਵੇਗਾ ਕਿਉਂਕਿ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਅਤੇ ਕੇਂਦਰ ਸਰਕਾਰ ਵੱਲੋਂ ਸ਼ਕਤੀਸ਼ਾਲੀ ਬਣਾਏ ਗਏ ਸੰਵਿਧਾਨਕ ਅਹਿਲਕਾਰਾਂ ਵਿਚਕਾਰ ਲਗਾਤਾਰ ਖਹਿਬਾਜ਼ੀ ਚੱਲਣ ਕਰ ਕੇ ਲੋਕਰਾਜ ਅਤੇ ਲੋਕਪ੍ਰਿਯ ਖ਼ਾਹਸ਼ਾਂ ਦੇ ਫ਼ਾਇਦੇ ਲੈਣ ਦੀ ਗੱਲ ਪਿਛਾਂਹ ਰਹਿ ਜਾਂਦੀ ਹੈ। ਉਮਰ ਅਬਦੁੱਲਾ ਦੇ ਸ਼ੁਰੂਆਤੀ ਐਲਾਨ ਦੋਵਾਂ ਧਿਰਾਂ ਵਿਚਕਾਰ ਉਸਾਰੂ ਗੱਲਬਾਤ ਹੋਣ ਦੀ ਆਸ ਬੰਨ੍ਹਾਉਂਦੇ ਹਨ। ਹਰਿਆਣਾ ਵਿੱਚ ਭਾਜਪਾ ਦੀ ਲਗਾਤਾਰ ਤੀਜੀ ਜਿੱਤ ਦਾ ਕੌਮੀ ਰਾਜਨੀਤੀ ਉੱਪਰ ਅਹਿਮ ਅਸਰ ਹੋ ਸਕਦਾ ਹੈ। ਪਿਛਲੀਆਂ ਦੋ ਵਾਰੀਆਂ ਤੋਂ ਸੱਤਾ ਵਿੱਚ ਬਣੀ ਹੋਈ ਪਾਰਟੀ ਦੀ ਜਿੱਤ ਦੀ ਕਿਸੇ ਨੂੰ ਵੀ ਆਸ ਨਹੀਂ ਸੀ ਜੋ ਇਸ ਗੱਲ ਦਾ ਸਾਫ਼ ਸੰਕੇਤ ਹੈ ਕਿ ਲੋਕ ਸਭਾ ਚੋਣਾਂ ਵਿੱਚ ਝਟਕਾ ਖਾਣ ਤੋਂ ਬਾਅਦ ਪਾਰਟੀ ਨੇ ਦਰੁਸਤੀਆਂ ਕੀਤੀਆਂ ਹਨ ਅਤੇ ਵਿਆਪਕ ਸਮਾਜਿਕ ਸਫ਼ਬੰਦੀਆਂ ਦੀ ਕਵਾਇਦ ਰਾਹੀਂ ਕਾਂਗਰਸ ਨੂੰ ਧੋਬੀ ਪਟਕਾ ਦੇ ਕੇ ਆਪਣੀ ਵੱਡੀ ਜਿੱਤ ਯਕੀਨੀ ਬਣਾਈ ਹੈ। ਹਾਲਾਂਕਿ ਆਮ ਤੌਰ 'ਤੇ ਇਹ ਖੇਤਰੀ ਚੋਣ ਹੀ ਸੀ ਪਰ ਇਸ ਦਾ ਸਿਹਰਾ ਪ੍ਰਧਾਨ ਮੰਤਰੀ ਮੋਦੀ ਨੂੰ ਦੇਣ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਜਿਨ੍ਹਾਂ ਨੇ ਆਪਣੇ ਵਫ਼ਾਦਾਰ ਮਨੋਹਰ ਲਾਲ ਖੱਟਰ ਨੂੰ ਬਦਲ ਕੇ ਉਸ ਦੀ ਥਾਂ ਅਜਿਹੇ ਆਗੂ ਨੂੰ ਮੁੱਖ ਮੰਤਰੀ ਬਣਾਇਆ ਸੀ ਜਿਸ ਨੇ ਜਾਤੀਆਂ ਦਾ ਜੇਤੂ ਜੋੜ ਕਾਇਮ ਕਰ ਕੇ ਭਾਜਪਾ ਸਰਕਾਰ ਵਿਰੋਧੀ ਲੋਕ ਭਾਵਨਾ ਨੂੰ ਮੱਠੀ ਕਰ ਦਿੱਤਾ ਸੀ। ਹਰਿਆਣਾ ਵਿੱਚ ਭਾਜਪਾ ਦੀ ਜਿੱਤ ਨਾਲ ਹੁਣ ਕਾਂਗਰਸ ਲਈ ਝਾਰਖੰਡ ਅਤੇ ਮਹਾਰਾਸ਼ਟਰ ਵਿੱਚ ਆਪਣੇ ਗੱਠਜੋੜ ਭਿਆਲਾਂ ਨਾਲ ਵਿਧਾਨ ਸਭਾ ਚੋਣਾਂ ਲਈ ਸੀਟਾਂ ਦੇ ਲੈਣ ਦੇਣ ਦਾ ਦਾਅਵਾ ਕਮਜ਼ੋਰ ਹੋ ਜਾਵੇਗਾ। ਸਾਫ਼ ਜ਼ਾਹਿਰ ਹੈ ਕਿ ਹਰਿਆਣਾ ਦੇ ਚੋਣ ਨਤੀਜੇ ਦਾ ਅਸਰ ਇਸ ਦੇ ਗੁਆਂਢੀ ਪੰਜਾਬ ਸੂਬੇ ਉੱਪਰ ਵੀ ਪਵੇਗਾ ਜਿੱਥੇ ਵਿਧਾਨ ਸਭਾ ਚੋਣਾਂ 2027 ਵਿੱਚ ਹੋਣਗੀਆਂ। ਇਨ੍ਹਾਂ ਦੋਵਾਂ ਸੂਬਿਆਂ ਦਾ ਕਾਫ਼ੀ ਹੱਦ ਤੱਕ ਸਾਂਝਾ ਇਤਿਹਾਸ ਰਿਹਾ ਹੈ ਅਤੇ ਇਨ੍ਹਾਂ ਵਿਚਕਾਰ ਸਮਾਜਿਕ ਸਾਂਝਾਂ ਰਹੀਆਂ ਹਨ ਅਤੇ ਇੱਕੋ ਜਿਹੀਆਂ ਚੁਣੌਤੀਆਂ ਦਾ ਸਾਹਮਣਾ ਰਿਹਾ ਹੈ। ਇਸ ਲਈ ਹਰਿਆਣਾ ਵਿੱਚ ਭਾਜਪਾ ਦੀ ਕਾਰਗੁਜ਼ਾਰੀ ਕਾਂਗਰਸ ਲਈ ਚਿੰਤਾ ਦਾ ਵਿਸ਼ਾ ਹੋਣੀ ਚਾਹੀਦੀ ਹੈ ਜੋ ਦੋ ਕੁ ਸਾਲਾਂ ਬਾਅਦ ਪੰਜਾਬ ਦੀ ਸੱਤਾ ਦੀ ਸਭ ਤੋਂ ਪ੍ਰਮੁੱਖ ਦਾਅਵੇਦਾਰ ਧਿਰ ਹੋਵੇਗੀ। ਹਾਲਾਂਕਿ ਭਾਜਪਾ ਵੱਲੋਂ ਸੂਬੇ ਅੰਦਰ ਆਪਣੀ ਵੋਟ ਪ੍ਰਤੀਸ਼ਤਤਾ ਵਿੱਚ ਸੁਧਾਰ ਲਿਆਉਣ ਦੀ ਸੰਭਾਵਨਾ ਹੈ ਪਰ ਕਾਂਗਰਸ ਲਈ ਸੱਜਰੀ ਨੈਤਿਕ ਅਤੇ ਸਿਆਸੀ ਧੂਹ ਪਾਉਣ ਦੀ ਹੋਵੇਗੀ ਜੋ ਹਿੰਦੂਤਵ ਦੇ ਬਿਰਤਾਂਤ ਨੂੰ ਟੱਕਰ ਦੇ ਸਕੇ। ਆਮ ਆਦਮੀ ਪਾਰਟੀ ਦੀ ਸਰਕਾਰ ਖ਼ਿਲਾਫ਼ ਲੋਕਾਂ ਦੇ ਮਨਾਂ ਵਿੱਚ ਰੋਹ ਉਭਰਨਾ ਸ਼ੁਰੂ ਹੋ ਗਿਆ ਹੈ ਪਰ ਅਜੇ ਇਸ ਕੋਲ ਚੋਣਾਂ ਤੋਂ ਪਹਿਲਾਂ ਆਪਣਾ ਘਰ ਸੰਭਾਲਣ ਦਾ ਮੌਕਾ ਹੈ। ਇਨ੍ਹਾਂ ਹਾਲਾਤ ਵਿੱਚ ਕਾਂਗਰਸ ਜਿਸ ਨੂੰ ਉਮੀਦ ਹੈ ਕਿ ਉਹ ਬਦਲਵੇਂ ਦੇਸ਼ ਵਿਆਪੀ ਬਿਰਤਾਂਤ ਨਾਲ ਲੋਕਾਂ ਦੀ ਅਗਵਾਈ ਕਰੇਗੀ, ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਖ਼ੁਦ ਨੂੰ ਲੀਕ ਤੋਂ ਹਟਵੀਂ ਪਾਰਟੀ ਵਜੋਂ ਪੇਸ਼ ਕਰੇ। ਆਪਣੀ ਜਨਤਕ ਬਿਆਨਬਾਜ਼ੀ ਵਿੱਚ ਇਹ ਜਿੱਤ ਵਿੱਚ ਉਦਾਰ, ਹਾਰ ਵਿੱਚ ਨਿਮਾਣੀ ਉਸਾਰੂ ਵਾਦ-ਵਿਵਾਦ ਵਿੱਚ ਸਹਿਣਸ਼ੀਲ, ਆਪਣੇ ਆਗੂਆਂ ਤੇ ਸਾਥੀਆਂ ਦਾ ਸਤਿਕਾਰ ਕਰਨ ਵਾਲੀ ਅਤੇ ਨੀਤੀਆਂ ਦੇ ਮਾਮਲੇ ਵਿੱਚ ਵਿਚਾਰਸ਼ੀਲ ਦਿਸਣੀ ਚਾਹੀਦੀ ਹੈ ਤਾਂ ਕਿ ਇਸ ਦੇ ਸਭ ਤੋਂ ਪੁਰਾਣੀ ਸਿਆਸੀ ਸੰਸਥਾ ਤੇ ਲੋਕ ਸੇਵਾ ਦੇ ਸਿਖ਼ਰਲੇ ਮਿਆਰਾਂ ਦੀ ਸਰਪ੍ਰਸਤ ਪਾਰਟੀ ਹੋਣ ਦੇ ਦਾਅਵਿਆਂ ਦੀ ਪੁਸ਼ਟੀ ਹੋ ਸਕੇ। ਪਾਰਟੀ ਬੁਲਾਰਿਆਂ ਵੱਲੋਂ ਹਰਿਆਣਾ ਦੇ ਜਮਹੂਰੀ ਫ਼ਤਵੇ ਨੂੰ ਸਵਾਲ ਕਰਨਾ ਬਿਲਕੁਲ ਨਹੀਂ ਫ਼ਬਦਾ, ਭਾਵੇਂ ਨਤੀਜੇ ਇਸ ਲਈ ਨਿਰਾਸ਼ਾਜਨਕ ਰਹੇ ਸਨ। ਅਜਿਹੀ ਪਾਰਟੀ ਜੋ ਜਮਹੂਰੀ ਕਦਰਾਂ-ਕੀਮਤਾਂ ਦੀ ਸਹੁੰ ਖਾਂਦੀ ਹੈ, ਚੋਣ ਨਤੀਜਿਆਂ ਤੋਂ ਐਨਾ ਘਬਰਾ ਨਹੀਂ ਸਕਦੀ ਕਿ ਇਹ ਉਸ ਲੋਕਤੰਤਰੀ ਪ੍ਰਕਿਰਿਆ ਨੂੰ ਹੀ ਨਕਾਰਨ ਲੱਗ ਜਾਵੇ ਜਿਸ ਨੇ ਇਸ ਨੂੰ 40 ਪ੍ਰਤੀਸ਼ਤ ਵੋਟ ਸ਼ੇਅਰ ਤੇ 37 ਵਿਧਾਨ ਸਭਾ ਸੀਟਾਂ ਨਾਲ ਨਿਵਾਜਿਆ ਹੈ। ਨਾ ਹੀ ਇਹ ਪ੍ਰਧਾਨ ਮੰਤਰੀ ਨੂੰ 'ਜਲੇਬੀਆਂ' ਦੀ ਪੇਸ਼ਕਸ਼ ਕਰ ਕੇ ਸਿਆਸੀ ਸ਼ਬਦਾਵਲੀ ਦਾ ਮਿਆਰ ਡੇਗ ਸਕਦੀ ਹੈ, ਉਹ ਵੀ ਨਤੀਜਿਆਂ ਦੀ ਉਡੀਕ ਕੀਤੇ ਬਿਨਾਂ। ਸਾਨੂੰ ਇਹ ਬਿਲਕੁਲ ਨਹੀਂ ਭੁੱਲਣਾ ਚਾਹੀਦਾ ਕਿ ਜਮਹੂਰੀ ਸਿਆਸਤ 'ਚ ਵਿਰੋਧੀ ਧਿਰ ਦੀ ਮਾਣ-ਮਰਿਆਦਾ ਦਾ ਖਿਆਲ ਵੀ ਰੱਖਣਾ ਪੈਂਦਾ ਹੈ ਤੇ ਇਹ ਭੜਕਾਹਟ ਨਾਲ ਨਹੀਂ ਹੋ ਸਕਦਾ। ਇਸ ਦੇ ਨਾਲ ਹੀ ਕਾਂਗਰਸ ਨੂੰ ਚਾਹੀਦਾ ਹੈ ਕਿ ਉਹ ਅੱਗੇ ਵਧਣ ਲਈ ਪਾਰਟੀ 'ਚ ਹੀ ਬਲੀ ਦੇ ਬੱਕਰੇ ਨਾ ਲੱਭਦੀ ਰਹੇ। ਇਸ ਨੂੰ ਵੱਖ-ਵੱਖ ਪੱਧਰਾਂ 'ਤੇ ਕਮੀਆਂ-ਪੇਸ਼ੀਆਂ ਦੂਰ ਕਰਨ ਲਈ ਪੂਰੇ ਮਨ ਨਾਲ ਅੰਦਰ ਹੀ ਝਾਤ ਮਾਰਨੀ ਪਏਗੀ। ਰਾਹੁਲ ਗਾਂਧੀ ਵਿਚਲੇ ਆਦਰਸ਼ਵਾਦੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿਸੇ ਵੀ ਪਾਰਟੀ ਨੂੰ ਖੁੱਲ੍ਹੇ ਦਿਲ ਵਾਲੇ ਨੇਤਾ ਨਾਲੋਂ ਵੱਧ ਕੋਈ ਹੋਰ ਬਿਹਤਰ ਨਹੀਂ ਬਣਾ ਸਕਦਾ ਜੋ ਹਮਦਰਦ ਹੋਣ ਦੇ ਨਾਲ-ਨਾਲ ਮਾਨਵੀ ਸੀਮਾਵਾਂ ਨੂੰ ਵੀ ਚੰਗੀ ਤਰ੍ਹਾਂ ਸਮਝਦਾ ਹੋਵੇ। ਉਸ ਦੀ ਸ਼ਾਨਦਾਰ ਵਿਰਾਸਤ ਉਸ ਲਈ ਜਿਉਂਦੀ-ਜਾਗਦੀ ਮਿਸਾਲ ਬਣਨੀ ਚਾਹੀਦੀ ਹੈ।

ਇਸ ਦੇ ਨਾਲ ਹੀ ਜਮਹੂਰੀ ਸਿਆਸਤ ਦੀਆਂ ਸਭ ਤੋਂ ਚੰਗੀਆਂ ਰਵਾਇਤਾਂ ਦੇ ਘੇਰੇ 'ਚ ਹਰਿਆਣਾ ਤੇ ਜੰਮੂ ਕਸ਼ਮੀਰ ਦੀਆਂ ਸੱਤਾਧਾਰੀ ਧਿਰਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਵਿਰੋਧੀ ਧਿਰ ਦਾ ਮਾਣ ਰੱਖਣਗੀਆਂ ਤੇ ਇਤਿਹਾਸ ਦਾ ਉਹ ਪੱਕਾ ਸਬਕ ਵੀ ਚੇਤੇ ਰੱਖਣਗੀਆਂ ਕਿ ਘਮੰਡੀਆਂ ਨੂੰ ਸਮਾਂ ਬਿਲਕੁਲ ਨਹੀਂ ਬਖ਼ਸ਼ਦਾ। ਅਜਿਹਾ ਨਾ ਹੋਵੇ ਕਿ 'ਕਠੋਰ ਸਿਆਸਤ' ਕਰਨ ਵਾਲੇ ਇਹ ਸਬਕ ਭੁੱਲ ਜਾਣ, ਜਮਹੂਰੀ ਰਾਜਨੀਤੀ ਨੈਤਿਕ ਪੱਖੋਂ ਹਲਕੀ ਸਿੱਧ ਹੋਵੇ ਤੇ ਫੇਰ ਅਖ਼ੀਰ ਵਿੱਚ ਦੇਸ਼ ਦੀ ਅੰਤਰ ਆਤਮਾ ਨੂੰ ਹੀ ਸਮੂਹਿਕ ਰੂਪ 'ਚ ਅੱਗੇ ਆ ਕੇ ਆਪਣਾ ਦਾਅਵਾ ਪੇਸ਼ ਕਰਨਾ ਪਵੇ।

# ਪਰਾਲੀ ਸਾੜਨ ਦੀ ਬਜਾਏ ਮਸ਼ੀਨਰੀ ਨਾਲ ਕਣਕ ਬੀਜਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਤੇ ਝਾੜ 'ਚ ਹੁੰਦਾ ਹੈ ਵਾਧਾ: ਡਾ. ਜਗਦੀਸ਼ ਸਿੰਘ

**ਬਰਨਾਲਾ,29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਖੇਤੀਬਾੜੀ ਅਫ਼ਸਰ ਬਰਨਾਲਾ ਡਾ. ਜਗਦੀਸ਼ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਬਰਨਾਲਾ ਵਿੱਚ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਦੀ ਅਗਵਾਈ ਹੇਠ ਪਰਾਲੀ ਪ੍ਰਬੰਧਨ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਨੁਕਸਾਨਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਕਿਸਾਨ ਕਣਕ ਦੀ ਬਿਜਾਈ ਕਰਨ ਲਈ ਝੋਨੇ ਦੀ ਪਰਾਲੀ ਨੂੰ ਅੱਗ ਲਾ ਦਿੰਦੇ ਹਨ। ਅੱਗ ਲਾਉਣ ਨਾਲ ਖੇਤੀ ਲਈ ਚੰਗੇ ਖੁਰਾਕੀ ਤੱਤ ਸੜ ਜਾਂਦੇ ਹਨ ਅਤੇ ਕੁਦਰਤੀ ਸੋਮਿਆਂ ਦਾ ਨੁਕਸਾਨ ਹੁੰਦਾ ਹੈ। ਇੱਕ ਅਨੁਮਾਨ ਮੁਤਾਬਿਕ ਧਰਤੀ ਵਿੱਚੋਂ ਝੋਨੇ ਦੁਆਰਾ ਲਈ ਗਈ 25 ਪ੍ਰਤੀਸ਼ਤ ਨਾਈਟ੍ਰੋਜਨ ਅਤੇ ਫਾਸਫੋਰਸ, 50 ਪ੍ਰਤੀਸ਼ਤ ਗੰਧਕ ਅਤੇ 75 ਪ੍ਰਤੀਸ਼ਤ ਪੋਟਾਸ਼ ਪਰਾਲੀ ਵਿੱਚ ਹੀ ਰਹਿ ਜਾਂਦੀ ਹੈ। ਦੇਖਿਆ ਗਿਆ ਹੈ ਕਿ 10 ਕੁਇੰਟਲ ਪਰਾਲੀ ਸਾੜਨ ਨਾਲ 400 ਕਿਲੋ ਜੈਵਿਕ ਕਾਰਬਨ ਤੋਂ ਇਲਾਵਾ 5.5 ਕਿਲੋ ਨਾਈਟ੍ਰੋਜਨ, 2.3 ਕਿਲੋ ਫਾਸਫੋਰਸ, 25 ਕਿਲੋ ਪੋਟਾਸ਼ੀਅਮ ਅਤੇ 1.2 ਕਿਲੋ ਗੰਧਕ ਦਾ ਨੁਕਸਾਨ ਹੁੰਦਾ ਹੈ। ਅਜਿਹੇ ਤੱਤ ਨਸ਼ਟ ਹੋਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵੱਡੀ ਢਾਹ ਲੱਗਦੀ ਹੈ।

ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਸਾੜਨ ਨਾਲ ਪੈਦਾ ਹੋਈਆਂ ਗੈਸਾਂ ਵਿੱਚ 70% ਕਾਰਬਨ ਡਾਈਆਕਸਾਈਡ, 7% ਕਾਰਬਨ ਮੋਨੋਆਕਸਾਈਡ, 0.66% ਮੀਥੇਨ ਅਤੇ 2.09% ਨਾਇਟ੍ਰਿਕ ਆਕਸਾਈਡ ਵਰਗੀਆਂ ਗੈਸਾਂ ਅਤੇ ਆਰਗੈਨਿਕ ਕੰਪਾਊਂਡਸ ਆਦਿ ਹਨ, ਇਹ ਗੈਸਾਂ ਵਾਤਾਵਰਣ ਦੇ ਬਦਲਾਅ ਦਾ ਕਰਨ ਬਣਦੀਆਂ ਹਨ। ਪਰਾਲੀ ਨੂੰ ਸਾੜਨ ਨਾਲ ਧੂੰਏ ਦਾ ਗੁਬਾਰ ਜਿੱਥੇ ਵਾਤਾਵਰਣ ਨੂੰ ਪਲੀਤ ਕਰਦਾ ਹੈ, ਉੱਥੇ ਵਸੋਂ ਅਤੇ ਪਸ਼ੂਆਂ ਦੀ ਸਿਹਤ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਨਾਲ ਜੋ ਗਰਮੀ ਪੈਦਾ ਹੁੰਦੀ ਹੈ, ਉਸ ਨਾਲ ਮਿੱਟੀ ਵਿਚਲੇ ਲਾਭਦਾਇਕ ਸੂਖਮ ਜੀਵ ਜਿੱਥੇ ਨਸ਼ਟ ਹੋ ਜਾਂਦੇ ਹਨ ਉੱਥੇ ਹੀ ਭੂਮੀ ਦੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ। ਸੜਕਾਂ ਅਤੇ ਖੇਤਾਂ ਦੁਆਲੇ ਲੱਗੇ ਰੁੱਖਾਂ ਦਾ ਨੁਕਸਾਨ ਹੁੰਦਾ ਹੈ ਅਤੇ ਸੜਕ ਹਾਦਸੇ ਵੀ ਵਾਪਰਦੇ ਹਨ।

ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਵਿੱਚ ਬਹੁਤ ਵੱਡੀ ਮਾਤਰਾ ਵਿੱਚ ਖੁਰਾਕੀ ਤੱਤ ਮੌਜੂਦ ਹੁੰਦੇ ਹਨ। ਪਰਾਲੀ ਨੂੰ ਵੱਖ ਵੱਖ ਮਸ਼ੀਨਾਂ ਸੁਪਰ ਸੀਡਰ, ਹੈਪੀ ਸੀਡਰ, ਸਰਫੇਸ ਸੀਡਰ ਰਾਹੀਂ ਬਿਨਾਂ ਅੱਗ ਲਾਏ ਮਿੱਟੀ ਵਿੱਚ ਮਿਲਾ ਕੇ ਜਾਂ ਮਲਚਿੰਗ ਕਰਕੇ ਕਣਕ ਦੀ ਬਿਜਾਈ ਸੁਪਰ ਸੀਡਰ, ਸਮਾਰਟ ਸੀਡਰ ਜਾਂ ਹੈਪੀ ਸੀਡਰ ਰਾਹੀਂ ਕੀਤੀ ਜਾ ਸਕਦੀ ਹੈ।ਝੋਨੇ ਦੀ ਵਾਢੀ ਸਮੇਂ ਸੁਪਰ ਐਸਐਮਐਸ ਲੱਗੀ ਕੰਬਾਈਨ ਰਾਹੀਂ ਬਾਕੀ ਬਚਦਾ ਭੂਸ ਬਾਰੀਕ ਕਰਕੇ ਪੂਰੇ ਖੇਤ ਵਿੱਚ ਖਿਲਾਰ ਸਕਦੇ ਹਾਂ ਜਾਂ ਇਸ ਨੂੰ ਮਜ਼ਦੂਰਾਂ ਰਾਹੀਂ ਵਾਢੀ ਤੋਂ ਤੁਰੰਤ ਬਾਅਦ ਅਤੇ ਸੁੱਕਣ ਤੋਂ ਪਹਿਲਾਂ ਖੇਤ ਵਿੱਚ ਖਿਲਾਰ ਕੇ ਤੁਰੰਤ ਕਣਕਾਂ ਦੀ ਬਜਾਈ ਸੁਪਰ ਸੀਡਰ/ ਸਮਾਰਟ ਸੀਡਰ ਜਾਂ ਹੈਪੀ ਸੀਡਰ ਰਾਹੀਂ ਕੀਤੀ ਜਾ ਸਕਦੀ ਹੈ। ਇਸ ਵਿਧੀ ਰਾਹੀਂ ਕਣਕ ਦੀ ਬਿਜਾਈ ਕਰਨ ਲਈ ਖੇਤ ਵਿਚ ਵੱਤਰ ਸਹੀ ਹੋਣਾ ਚਾਹੀਦਾ ਹੈ। ਜੇਕਰ ਵਾਢੀ ਸਮੇਂ ਖੇਤ ਸੁੱਕਾ ਹੋਵੇ ਤਾਂ ਸਰਫੇਸ ਸੀਡਰ (ਮਲਚਿੰਗ ਵਿਧੀ) ਰਾਹੀਂ ਬਿਜਾਈ ਕਰਨ ਤੋਂ ਤੁਰੰਤ ਬਾਅਦ ਪਾਣੀ ਲਾ ਕੇ ਕਣਕ ਬਹੁਤ ਜਲਦੀ ਪੁੰਗਰ ਆਉਂਦੀ ਹੈ ਜਿਸ ਕਾਰਣ ਸਮੇਂ ਦੀ ਵੀ ਬੱਚਤ ਹੁੰਦੀ ਹੈ, ਖਰਚਾ ਵੀ ਘੱਟ ਆਉਂਦਾ ਹੈ ਅਤੇ ਕਣਕ ਦਾ ਝਾੜ ਵੀ ਪੂਰਾ ਮਿਲਦਾ ਹੈ। ਇਸ ਤੋਂ ਇਲਾਵਾ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵੀ ਸੁਧਾਰ ਹੁੰਦਾ ਹੈ।

# ਪਿਛਲੇ 10 ਮਹੀਨਿਆਂ ਦੌਰਾਨ 156 ਐਨਡੀਪੀਐਸ ਕੇਸ ਦਰਜ, 276 ਮੁਲਜ਼ਮ ਗ੍ਰਿਫ਼ਤਾਰ



**ਬਰਨਾਲਾ,29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਬਰਨਾਲਾ ਵਿੱਚ ਪਿਛਲੇ 10 ਮਹੀਨਿਆਂ ਦੌਰਾਨ ਐਨਡੀਪੀਐਸ ਅਧੀਨ 156 ਕੇਸ ਦਰਜ ਕੀਤੇ ਗਏ ਹਨ, 276 ਮੁਲਜ਼ਮ ਗ੍ਰਿਫ਼ਤਾਰ ਕੀਤੇ ਗਏ ਹਨ ਤੇ 174 ਚਲਾਨ ਅਦਾਲਤ ਵਿੱਚ ਪੇਸ਼ ਕੀਤੇ ਗਏ ਹਨ।

ਇਹ ਜਾਣਕਾਰੀ ਅੱਜ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਦੇ ਦਿਸ਼ਾ - ਨਿਰਦੇਸ਼ਾਂ ਅਨੁਸਾਰ ਅਤੇ ਵਧੀਕ ਡਿਪਟੀ ਕਮਿਸ਼ਨਰ (ਜ) ਲਤੀਫ਼ ਅਹਿਮਦ ਦੀ ਅਗਵਾਈ ਹੇਠ ਹੋਈ ਐਨਕਾਰਡ (ਨੈਸ਼ਨਲ ਨਾਰਕੋਟਿਕਸ ਕੋਆਰਡੀਨੇ ਪੋਰਟਲ) ਦੀ ਮੀਟਿੰਗ ਦੌਰਾਨ ਪੁਲੀਸ ਵਿਭਾਗ ਵਲੋਂ ਸਾਂਝੀ ਕੀਤੀ ਗਈ।

ਇਸ ਮੌਕੇ ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਦਿਆਂ ਪੁਲਿਸ ਨੇ ਇਸ ਸਾਲ ਦੌਰਾਨ ਵੱਡੀ ਮਾਤਰਾ ਵਿੱਚ ਨਸ਼ੀਲੀਆਂ ਗੋਲੀਆਂ, ਕੈਪਸੂਲ, ਭੁੱਕੀ, ਹੈਰੋਇਨ, ਅਫੀਮ ਆਦਿ ਬਰਾਮਦ ਕੀਤੇ ਹਨ। ਉਨ੍ਹਾਂ ਦੱਸਿਆ ਕਿ ਪਹਿਲੀ ਜਨਵਰੀ 2024 ਤੋਂ 21 ਅਕਤੂਬਰ 2024 ਤੱਕ ਪੁਲਿਸ ਨੇ 1,15,939 ਪ੍ਰੈਗਾਬਲਿਨ ਕੈਪਸੂਲ ਬਰਾਮਦ ਕਰਕੇ 40 ਕੇਸ ਦਰਜ ਕੀਤੇ ਹਨ ਅਤੇ 76 ਮੁਲਜ਼ਮ ਗ੍ਰਿਫਤਾਰ ਕੀਤੇ ਹਨ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਤੋਂ ਨਸ਼ਾ ਛੁਡਾਊ ਇਲਾਜ ਅਤੇ ਹੋਰ ਗਤੀਵਿਧੀਆਂ ਦਾ ਜਾਇਜ਼ਾ ਲਿਆ।

ਉਨ੍ਹਾਂ ਸਿੱਖਿਆ ਵਿਭਾਗ ਨੂੰ ਹਦਾਇਤ ਕੀਤੀ ਕਿ ਸਕੂਲਾਂ ਵਿਚ ਜਿੱਥੇ ਨਸ਼ਿਆਂ ਵਿਰੁੱਧ ਸਲੋਗਨ ਲਗਾਏ ਜਾਣ ਓਥੇ ਮਾਪੇ ਅਧਿਆਪਕ ਮਿਲਣੀ ਵਿਚ ਵੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਮਾਪਿਆਂ ਅਤੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਵੇ।ਓਹਨਾਂ ਖੇਡ ਵਿਭਾਗ ਨੂੰ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੋੜਨ ਦੇ ਯਤਨ ਕਰਨ ਦੇ ਨਿਰਦੇਸ਼ ਦਿੱਤੇ।

ਇਸ ਮੌਕੇ ਐਸਡੀਐਮ ਮਹਿਲ ਕਲਾਂ ਹਰਕੰਵਲਜੀਤ ਸਿੰਘ, ਐਸਡੀਐਮ ਤਪਾ ਰਿਸ਼ਭ ਬਾਂਸਲ, ਡੀਐਸਪੀ (ਐਨ ਡੀ ਪੀ ਐੱਸ) ਕਮਲਜੀਤ ਸਿੰਘ, ਗੁਰਬਿੰਦਰ ਸਿੰਘ ਡੀਐਸਪੀ ਤਪਾ, ਬਲਦੇਵ ਸਿੰਘ ਡੀਐਸਪੀ (ਆਈਐਨਟੀ) ਬਰਨਾਲਾ ਤੇ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਵਿਧਾਇਕ ਰੰਧਾਵਾ ਪੰਜਾਬ ਵਿੱਚ ਪਾਣੀ ਦੇ ਵੱਧ ਪ੍ਰਦੂਸ਼ਣ ਦੇ ਹੱਲ ਲਈ ਗਠਿਤ ਕਮੇਟੀ ਦੀ ਮੀਟਿੰਗ ਵਿੱਚ ਹੋਏ ਸ਼ਾਮਲ



**ਡੇਰਾ ਬਸੀ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਪੰਜਾਬ ਵਿਧਾਨਸਭਾ ਵੱਲੋਂ ਘੱਗਰ ਦਰਿਆ ਅਤੇ ਬੁੱਢਾ ਦਰਿਆ ਲਈ ਗਠਿਤ ਕਮੇਟੀ ਦੇ ਚੇਅਰਮੈਨ ਸਾਹਿਬ ਅਤੇ ਹੋਰ ਵਿਧਾਇਕਾਂ ਨਾਲ ਪੰਜਾਬ ਵਿਧਾਨ ਸਭਾ ਵਿਖੇ ਰਾਜ ਵਿੱਚ ਵੱਧ ਰਹੇ ਪਾਣੀ ਦੇ ਪ੍ਰਦੂਸ਼ਣ ਦੇ ਮੁੱਦੇ 'ਤੇ ਵਿਚਾਰ ਵਟਾਂਦਰਾ ਕਰਨ ਲਈ ਹੋਈ ਇੱਕ ਅਹਿਮ ਮੀਟਿੰਗ ਵਿੱਚ ਸ਼ਾਮਲ ਹੋਏ। ਮੀਟਿੰਗ, ਜੋ ਘੱਗਰ ਦਰਿਆ ਅਤੇ ਬੁੱਢਾ ਦਰਿਆਵਾਂ 'ਤੇ ਕੇਂਦਰਿਤ ਸੀ, ਵਿੱਚ ਸਬੰਧਤ ਅਧਿਕਾਰੀਆਂ ਨੇ ਭਾਗ ਲਿਆ। ਮੀਟਿੰਗ ਦੌਰਾਨ ਵਿਧਾਇਕ ਰੰਧਾਵਾ ਨੇ ਪੰਜਾਬ ਵਿੱਚ ਪਾਣੀ ਦੇ ਪ੍ਰਦੂਸ਼ਣ ਦੇ ਚਿੰਤਾਜਨਕ ਪੱਧਰ ਅਤੇ ਇਸ ਦੇ ਲੋਕਾਂ ਦੀ ਸਿਹਤ ਅਤੇ ਤੰਦਰੁਸਤੀ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਨੇ ਇਸ ਗੰਭੀਰ ਮੁੱਦੇ ਨੂੰ ਹੱਲ ਕਰਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪਾਣੀ ਅਤੇ ਵਾਤਾਵਰਣ ਦੀ ਸੁਰੱਖਿਆ ਲਈ ਤੁਰੰਤ ਕਾਰਵਾਈ ਦੀ ਲੋੜ 'ਤੇ ਜ਼ੋਰ ਦਿੱਤਾ। ਮੀਟਿੰਗ ਵਿੱਚ ਉਦਯੋਗਿਕ ਰਹਿੰਦ-ਖੂੰਹਦ, ਪਸ਼ੂਆਂ ਦੇ ਨਿਕਾਸ ਅਤੇ ਸੀਵਰੇਜ ਦੇ ਨਿਕਾਸ ਸਮੇਤ ਜਲ ਪ੍ਰਦੂਸ਼ਣ ਦੇ ਵੱਖ-ਵੱਖ ਸਰੋਤਾਂ ਬਾਰੇ ਵੀ ਚਰਚਾ ਕੀਤੀ ਗਈ।ਕਮੇਟੀ ਦੀ ਮੀਟਿੰਗ ਨੇ ਵਿਧਾਇਕਾਂ ਲਈ ਪਾਣੀ ਦੇ ਪ੍ਰਦੂਸ਼ਣ ਦੇ ਮੁੱਦੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਬਾਰੇ ਆਪਣੇ ਵਿਚਾਰ ਅਤੇ ਸੁਝਾਅ ਸਾਂਝੇ ਕਰਨ ਲਈ ਇੱਕ ਪਲੇਟਫਾਰਮ ਵਜੋਂ ਵੀ ਕੰਮ ਕੀਤਾ। ਮੀਟਿੰਗ ਵਿੱਚ ਹਾਜ਼ਰ ਅਧਿਕਾਰੀਆਂ ਨੇ ਪੰਜਾਬ ਵਿੱਚ ਪਾਣੀ ਦੇ ਪ੍ਰਦੂਸ਼ਣ ਦੀ ਮੌਜੂਦਾ ਸਥਿਤੀ ਅਤੇ ਇਸ ਨੂੰ ਘਟਾਉਣ ਲਈ ਚੁੱਕੇ ਜਾ ਰਹੇ ਕਦਮਾਂ ਬਾਰੇ ਜਾਣਕਾਰੀ ਅਤੇ ਅੱਪਡੇਟ ਦਿੱਤਾ। ਮੀਟਿੰਗ ਇਸ ਨਾਜ਼ੁਕ ਮੁੱਦੇ ਦੇ ਟਿਕਾਊ ਹੱਲ ਲੱਭਣ ਲਈ ਸਾਰੇ ਹਿੱਸੇਦਾਰਾਂ ਦੇ ਸਮੂਹਿਕ ਯਤਨਾਂ ਦੇ ਸੱਦੇ ਨਾਲ ਸਮਾਪਤ ਹੋਈ।

ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਬਤੌਰ ਕਮੇਟੀ ਮੈਂਬਰ ਮੀਟਿੰਗ ਵਿੱਚ ਸ਼ਿਰਕਤ ਕਰਨ ਦਾ ਮੌਕਾ ਮਿਲਣ 'ਤੇ ਧੰਨਵਾਦ ਪ੍ਰਗਟ ਕਰਦਿਆਂ ਚੇਅਰਮੈਨ ਸਾਹਿਬ ਅਤੇ ਬਾਕੀ ਵਿਧਾਇਕਾਂ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਪੰਜਾਬ ਵਿੱਚ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਸਰਕਾਰ ਨੂੰ ਤੁਰੰਤ ਕਾਰਵਾਈ ਕਰਨ ਅਤੇ ਸਖ਼ਤ ਕਦਮ ਚੁੱਕਣ ਦੀ ਵੀ ਅਪੀਲ ਕੀਤੀ। ਕਮੇਟੀ ਦੀ ਮੀਟਿੰਗ ਇਸ ਅਹਿਮ ਮੁੱਦੇ ਨੂੰ ਹੱਲ ਕਰਨ ਲਈ ਇੱਕ ਮਹੱਤਵਪੂਰਨ ਕਦਮ ਸੀ ਅਤੇ ਵਿਧਾਇਕ ਰੰਧਾਵਾ ਨੇ ਸਾਰਿਆਂ ਲਈ ਸਾਫ਼-ਸੁਥਰੇ ਅਤੇ ਸਿਹਤਮੰਦ ਵਾਤਾਵਰਣ ਲਈ ਕੰਮ ਕਰਨ ਲਈ ਵਚਨਬੱਧਤਾ ਦੋਹਰਾਈ ਹਨ। ਪੰਜਾਬ ਵਿੱਚ ਪਾਣੀ ਦੇ ਪ੍ਰਦੂਸ਼ਣ ਦਾ ਮੁੱਦਾ ਵੱਡੀ ਚਿੰਤਾ ਦਾ ਵਿਸ਼ਾ ਹੈ ਅਤੇ ਪੰਜਾਬ ਵਿਧਾਨ ਸਭਾ ਵਿੱਚ ਹੋਈ ਕਮੇਟੀ ਦੀ ਮੀਟਿੰਗ ਇਸ ਦਾ ਹੱਲ ਲੱਭਣ ਵੱਲ ਅਹਿਮ ਕਦਮ ਹੈ।

# ਪੁਲਿਸ ਲੋਕਾਂ ਦੀ ਸੇਵਾ ਵਿੱਚ 24 ਘੰਟੇ ਹਾਜ਼ਰ : ਐਸ ਐਸ ਪੀ ਗੁਰਦਾਸਪੁਰ



**ਗੁਰਦਾਸਪੁਰ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਹਰੀਸ਼ ਦਾਯਮਾ, ਐਸ. ਐਸ. ਪੀ , ਗੁਰਦਾਸਪੁਰ ਨੇ ਕਿਹਾ ਕਿ ਗੁਰਦਾਸਪੁਰ ਪੁਲਿਸ ਲੋਕਾਂ ਦੀ ਸੇਵਾ ਵਿੱਚ 24 ਘੰਟੇ ਹਾਜ਼ਰ ਹੈ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਨ ਲਈ ਵਚਨਬੱਧ ਹੈ। ਅੱਜ, ਉਹ ਆਪਣੇ ਦਫਤਰ ਵਿੱਚ ਆਏ ਲੋਕਾਂ ਦੀਆਂ ਮੁਸ਼ਕਿਲਾਂ ਸੁਣ ਰਹੇ ਸਨ।

ਇਸ ਮੌਕੇ ਗੱਲ ਕਰਦਿਆਂ ਐਸ. ਐਸ. ਪੀ ਗੁਰਦਾਸਪੁਰ ਨੇ ਕਿਹਾ ਕਿ ਉਨ੍ਹਾਂ ਦੀ ਹਮੇਸ਼ਾ ਇਹੀ ਕੋਸ਼ਿਸ਼ ਰਹੀ ਹੈ ਕਿ ਲੋਕਾਂ ਦੀਆਂ ਮੁਸ਼ਕਿਲਾਂ ਸੁਣ ਕੇ, ਉਨ੍ਹਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵਲੋਂ ਪੁਲਿਸ ਜਿਲ੍ਹਾ ਗੁਰਦਾਸਪੁਰ ਦੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਲੋਕਾਂ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ 'ਤੇ ਹੱਲ ਕਰਨ ਨੂੰ ਯਕੀਨੀ ਬਣਾਉਣ।

ਗੱਲਬਾਤ ਕਰਦਿਆਂ ਐਸ. ਐਸ. ਪੀ ਗੁਰਦਾਸਪੁਰ ਨੇ ਕਿਹਾ ਕਿ ਪੁਲਿਸ ਵਿਭਾਗ ਵਲੋਂ ਜਿਥੇ ਨਸ਼ੇ ਨੂੰ ਖਤਮ ਕਰਨ ਲਈ ਮੁਹਿੰਮ ਵਿੱਢੀ ਗਈ ਹੈ, ਉਸ ਦੇ ਨਾਲ ਲੋਕਾਂ ਨੂੰ ਨਸ਼ਿਆਂ ਦੇ ਦੁਰਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਨਸ਼ਾ ਵਿਰੋਧੀ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਖਾਸਕਰਕੇ ਸਰਹੱਦੀ ਪਿੰਡਾਂ ਵਿੱਚ ਨਸ਼ਾ ਵਿਰੋਧੀ ਮੁਹਿੰਮ ਨੂੰ ਲੋਕਾਂ ਵਲੋਂ ਸਹਿਯੋਗ ਮਿਲ ਰਿਹਾ ਹੈ ਅਤੇ ਲੋਕ ਇਸ ਸਮਾਜਿਕ ਬੁਰਾਈ ਵਿਰੁੱਧ ਜਾਗਰੂਕ ਹੋ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਸਮੂਹਿਕ ਸਹਿਯੋਗ ਨਾਲ ਸਮਾਜਿਕ ਬੁਰਾਈ ਨਸ਼ਿਆਂ ਨੂੰ ਖਤਮ ਕੀਤਾ ਜਾਵੇਗਾ।

ਐਸਐਸਪੀ ਗੁਰਦਾਸਪੁਰ ਨੇ ਕਿਹਾ ਕਿ ਨਸ਼ਿਆਂ ਖਿਲਾਫ ਪੁਲਿਸ ਵੱਲੋਂ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਲਗਾਤਾਰ ਅਜਿਹੇ ਮਾੜੇ ਕੰਮ ਵਿਚ ਲੱਗੇ ਲੋਕਾਂ ਨੂੰ ਸਲਾਖ਼ਾਂ ਪਿੱਛੇ ਭੇਜਿਆ ਜਾ ਰਿਹਾ ਹੈ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਮਾਜਿਕ ਬੁਰਾਈ ਨਸ਼ਿਆਂ ਖਿਲਾਫ਼ ਸਹਿਯੋਗ ਕਰਨ ਅਤੇ ਪੰਜਾਬ ਪੁਲਿਸ ਦੀ ਹੈਲਪ ਲਾਈਨ ਨੰਬਰ 112 'ਤੇ ਸਮਾਜ ਵਿਰੋਧੀ ਅਨਸਰਾਂ ਦੀ ਜਾਣਕਾਰੀ ਪੁਲਿਸ ਨੂੰ ਦੇਣ। ਜਾਣਕਾਰੀ ਦੇਣ ਵਾਲੇ ਦਾ ਨਾਮ ਤੇ ਪਹਿਚਾਣ ਗੁਪਤ ਰੱਖੀ ਜਾਂਦੀ ਹੈ

ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਉਹ ਨਸ਼ਿਆ/ ਗੈਰ ਕਾਨੂੰਨੀ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਡਰੱਗ ਹੈਲਪਲਾਈਨ ਨੰਬਰ 78145-45950 ਅਤੇ ਪੁਲਿਸ ਹੈਲਪਲਾਈਨ 112 ਅਤੇ 97800- 02601 ਤੇ ਪੁਲਿਸ ਨੂੰ ਇਤਲਾਹ ਦੇਣ, ਅਜਿਹੇ ਵਿਅਕਤੀਆਂ ਖਿਲਾਫ ਠੋਸ ਕਾਰਵਾਈ ਕੀਤੀ ਜਾਵੇਗੀ।

# ਐਸ.ਡੀ.ਐਮ. ਨੇ ਫੂਡ ਸੇਫਟੀ ਦੀ ਟੀਮ ਨਾਲ ਮਠਿਆਈ ਵਾਲੀਆਂ ਦੁਕਾਨਾਂ ਦੀ ਅਚਨਚੇਤ ਚੈਕਿੰਗ ਕੀਤੀ

**ਸ੍ਰੀ ਚਮਕੌਰ ਸਾਹਿਬ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਐਸ.ਡੀ.ਐਮ. ਸ੍ਰੀ ਚਮਕੌਰ ਸਾਹਿਬ ਸ੍ਰੀ ਅਮਰੀਕ ਸਿੰਘ ਸਿੱਧੂ, ਪੀ.ਸੀ.ਐਸ. ਵਲੋਂ ਤਿਉਹਾਰਾਂ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ, ਫੂਡ ਸੇਫਟੀ ਦੀ ਟੀਮ ਨਾਲ ਮਠਿਆਈ ਵਾਲੀਆਂ ਦੁਕਾਨਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ।

ਚੈਕਿੰਗ ਦੌਰਾਨ ਉਨ੍ਹਾਂ ਦੁਕਾਨਦਾਰਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਆਪਣੀਆਂ ਦੁਕਾਨਾਂ ਅਤੇ ਜਿਥੇ ਮਠਿਆਈ ਬਣਾਈ ਜਾਂਦੀ ਹੈ, ਉਸ ਜਗ੍ਹਾ ਦੀ ਸਾਫ-ਸਫਾਈ ਰੱਖਣਾ ਯਕੀਨੀ ਬਣਾਉਣ ਅਤੇ ਕਿਸੇ ਵੀ ਕਿਸਮ ਦੀ ਮਿਲਾਵਟੀ ਮਠਿਆਈ ਤਿਆਰ ਨਾ ਕੀਤੀ ਜਾਵੇ।

ਇਸ ਦੌਰਾਨ ਇੱਕ ਦੁਕਾਨਦਾਰ ਦੀ ਮਠਿਆਈ ਦੀ ਗੁਣਵੰਤਾ ਸਹੀ ਨਹੀਂ ਪਾਈ ਜਿਸ ਨੂੰ ਮੁੱਖ ਰੱਖਦੇ ਹੋਏ ਮੌਕੇ ਉਤੇ ਹੀ ਫੂਡ ਸੇਫਟੀ ਟੀਮ ਨੂੰ ਕਾਰਵਾਈ ਕਰਨ ਸਬੰਧੀ ਹਦਾਇਤ ਕੀਤੀ ਗਈ ਅਤੇ ਖਰਾਬ ਮਠਿਆਈ ਨੂੰ ਖਤਮ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਤਿਉਹਾਰਾਂ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਇਸ ਤਰ੍ਹਾਂ ਦੀ ਚੈਕਿੰਗ ਨਿਰੰਤਰ ਜਾਰੀ ਰਹੇਗੀ। ਇਸ ਮੌਕੇ ਨਾਇਬ ਤਹਿਸੀਲਦਾਰ, ਸ੍ਰੀ ਚਮਕੌਰ ਸਾਹਿਬ, ਸ੍ਰੀ ਮਨਜਿੰਦਰ ਸਿੰਘ ਢਿਲੋਂ, ਸਹਾਇਕ ਫੂਡ ਕਮਿਸ਼ਨਰ, ਰੂਪਨਗਰ, ਸ੍ਰੀ ਸਿਮਰਨਜੀਤ ਸਿੰਘ, ਫੂਡ ਸੇਫਟੀ ਅਫਸਰ, ਰੂਪਨਗਰ ਪੁਲਿਸ ਟੀਮ ਅਤੇ ਹੋਰ ਅਧਿਕਾਰੀ/ਕਰਮਚਾਰੀ ਹਾਜ਼ਰ ਸਨ।

# ਪਸ਼ੂਆਂ ਨੂੰ ਵੈਕਸੀਨ ਲਗਾਉਣ ਲਈ ਜ਼ਿਲ੍ਹੇ ਵਿੱਚ 17 ਟੀਮਾਂ ਦਾ ਗਠਨ



**ਮਲੇਰਕੋਟਲਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਰਾਜ ਦੇ ਪਸ਼ੂ ਪਾਲਕਾਂ ਦੇ ਹਿੱਤ ਲਈ ਵੱਡੇ ਉਪਰਾਲਿਆਂ ਦੀ ਲੜੀ ਤਹਿਤ ਜ਼ਿਲ੍ਹੇ ਵਿੱਚ ਦੁਧਾਰੂ ਜਾਨਵਰਾਂ ਨੂੰ ਮਾਰੂ ਬਿਮਾਰੀਆਂ ਤੋਂ ਬਚਾਉਣ ਲਈ ਸਰਕਾਰ ਵੱਲੋਂ ਟੀਕਾਕਰਨ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਜਿਲ੍ਹੇ ਵਿੱਚ ਪਸ਼ੂ ਪਾਲਣ ਵਿਭਾਗ ਨੇ ਮੂੰਹ ਖੁਰ ਦੀ ਬਿਮਾਰੀ ਤੋਂ ਬਚਾਓ ਲਈ ਜ਼ਿਲ੍ਹੇ ਵਿੱਚ ਟੀਕਾਕਰਨ ਮੁਹਿੰਮ ਆਰੰਭੀ ਗਈ ਹੈ । ਇਸ ਗੱਲ ਦੀ ਜਾਣਕਾਰੀ ਦਿੰਦਿਆ ਜ਼ਿਲ੍ਹਾ ਵੈਟਰਨਰੀ ਅਫਸਰ ਡਾਕਟਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ ਕਰੀਬ 01 ਲੱਖ 19 ਹਜਾਰ 800 ਜਾਨਵਰਾਂ ਨੂੰ 30 ਨਵੰਬਰ ਤੱਕ ਘਰ ਘਰ ਜਾ ਕੇ ਮੁਫ਼ਤ ਲਗਾਏ ਜਾਣਗੇ ।ਜ਼ਿਲ੍ਹਾ ਵੈਟਰਨਰੀ ਅਫਸਰ ਡਾਕਟਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਮੁੱਚੇ ਪਸ਼ੂਧਨ ਨੂੰ ਦੁਧਾਰੂ ਜਾਨਵਰਾਂ ਨੂੰ ਮਾਰੂ ਬਿਮਾਰੀਆਂ ਤੋਂ ਬਚਾਉਣ ਲਈ 17 ਟੀਮਾਂ ਦਾ ਗਠਨ ਕੀਤਾ ਗਿਆ ਹੈ ਤਾਂ ਜੋ ਕੋਈ ਵੀ ਪਸ਼ੂ ਬਿਨਾ ਵੈਕਸ਼ੀਨੇਸ਼ਨ ਤੋਂ ਨਾ ਰਹੇ ।ਇਸ ਮੌਕੇ ਵੈਟਰਨਰੀ ਅਫ਼ਸਰ ਡਾਕਟਰ ਵਿਕਰਮ ਕਪੂਰ ਨੇ ਦੱਸਿਆ ਕਿ ਵੈਟਰਨਰੀ ਅਫ਼ਸਰਾਂ ਦੀ ਅਗਵਾਈ ਹੇਠ ਗਠਿਤ ਟੀਮਾਂ ਵਲੋਂ ਗਊਆਂ, ਮੱਝਾ, ਵੱਛੀਆਂ ਤੇ ਵੱਛਿਆਂ ਦਾ ਘਰ-ਘਰ ਜਾ ਕੇ ਅਤੇ ਗਊਸ਼ਾਲਾਵਾਂ ਵਿਖੇ ਜਾ ਕੇ ਮੁਫ਼ਤ ਟੀਕਾਕਰਨ ਕੀਤਾ ਜਾ ਰਿਹਾ ਹੈ ।

# ਜਿਲ੍ਹਾ ਪੱਧਰੀ ਰਾਸਟਰੀ ਜਨਸੰਖਿਆ ਸਿੱਖਿਆ ਪ੍ਰੋਜੈਕਟ ਅਧੀਨ ਕਰਵਾਏ ਲੋਕ ਨਾਚ ਅਤੇ ਰੋਲ ਪਲੇਅ ਮੁਕਾਬਲੇ



**ਸ੍ਰੀ ਆਨੰਦਪੁਰ ਸਾਹਿਬ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸਟਰੀ ਜਨਸੰਖਿਆ ਸਿੱਖਿਆ ਪ੍ਰੋਜੈਕਟ ਅਧੀਨ(NPEP) ਜ਼ਿਲ੍ਹਾ ਪੱਧਰੀ ਰੋਲ ਪਲੇਅ ਅਤੇ ਲੋਕ ਨਾਚ ਮੁਕਾਬਲੇ ਸਰਕਾਰੀ ਹਾਈ ਸਕੂਲ ਮਟੌਰ ਵਿਖੇ ਜਿਲ੍ਹਾ ਸਿੱਖਿਆ ਅਫਸਰ (ਸ.ਸ) ਸੀ? ਸੰਜੀਵ ਕੁਮਾਰ ਗੌਤਮ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ (ਸ.ਸ) ਸ੍ ਸੁਰਿੰਦਰਪਾਲ ਸਿੰਘ ਜੀ ਦੀ ਦੇਖ ਰੇਖ ਹੇਠ ਕਰਵਾਏ ਗਏ । ਇਸ ਮੌਕੇ ਜਿਲਾ ਨੋਡਲ ਅਫਸਰ ਪ੍ਰਿੰਸੀਪਲ ਸ੍ਰੀ ਨੀਰਜ ਕੁਮਾਰ ਵਰਮਾ ਜੀ ਅਤੇ ਬਲਾਕ ਨੋਡਲ ਅਫ਼ਸਰ ਪ੍ਰਿੰਸੀਪਲ ਸ੍ ਸ਼ਰਨਜੀਤ ਸਿੰਘ ਵੱਲੋਂ ਦੱਸਿਆ ਗਿਆ ਕਿ ਇਹ ਮੁਕਾਬਲੇ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪੀ ?ਸਦ ਪੰਜਾਬ (SCERT PUNJAB) , ਦੀਆਂ ਹਦਾਇਤਾਂ ਅਨੁਸਾਰ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਬਲਾਕ ਪੱਧਰ ਤੇ ਪਹਿਲਾ ਸਥਾਨ ਹਾਸਿਲ ਕੀਤੀ ਟੀਮਾਂ ਨੇ ਭਾਗ ਲਿਆ ਅਤੇ ਕਿਹਾ ਕਿ ਅਜਿਹੇ ਮੁਕਾਬਲੇ ਵਿਭਾਗ ਵੱਲੋਂ ਵਿਦਿਆਰਥੀਆਂ ਵਿੱਚ ਪੜ੍ਹਾਈ ਦੇ ਨਾਲ ਨਾਲ ਉਹਨਾਂ ਦੇ ਵਿਚ ਲੁਕੀ ਹੋਈ ਪ੍ਰਤਿਭਾ ਨੂੰ ਲੱਭਣ ਦਾ ਇੱਕ ਸਾਧਨ ਹੈ।ਇਸ ਤਰ੍ਹਾਂ ਜ਼ਿਲ੍ਹਾ ਕੋਆਰਡੀਨੇਟਰ ਸ੍ ਸੁਖਜੀਤ ਸਿੰਘ ਕੈਂਥ ਨੇ ਦੱਸਿਆ ਕਿ ਲੋਕ ਨਾਚ ਮੁਕਾਬਲੇ ਵਿੱਚ ਪਹਿਲਾ ਸਥਾਨ ਸਕੂਲ ਆਫ ਐਮੀਨੈਂਸ ਕੀਰਤਪੁਰ ਸਾਹਿਬ, ਦੂਸਰਾ ਸਥਾਨ ਸਰਕਾਰੀ ਹਾਈ ਸਕੂਲ ਮਟੌਰ ਅਤੇ ਤੀਸਰਾ ਸਥਾਨ ਸਰਕਾਰੀ ਮਿਡਲ ਸਕੂਲ ਅਮਰਾਲੀ ਨੇ ਪ੍ਰਾਪਤ ਕੀਤਾ ਇਸੇ ਤਰ੍ਹਾਂ ਰੋਲ ਪਲੇਅ ਮੁਕਾਬਲੇ ਵਿੱਚ ਪਹਿਲਾ ਸਥਾਨ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਕਾਹਨਪੁਰ ਖੂਹੀ ਦੂਸਰਾ ਸਥਾਨ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਘਨੌਲੀ ਅਤੇ ਤੀਸਰਾ ਸਥਾਨ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਕੰਨਿਆ ਅਨੰਦਪੁਰ ਸਾਹਿਬ ਨੇ ਪ੍ਰਾਪਤ ਕੀਤਾ ਅਤੇ ਜਿਲ੍ਹਾ ਜੇਤੂ ਟੀਮਾਂ ਦੇ ਗਾਈਡ ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਵਧਾਈ ਦਿੱਤੀ । ਜ਼ਿਲ੍ਹਾ ਪੱਧਰ ਦੇ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਟੀਮਾਂ ਸਟੇਟ ਪੱਧਰ ਤੇ ਭਾਗ ਲੈਣਗੀਆਂ। ?ਇਸ ਮੌਕੇ ਸ੍ ਅਮਰਦੀਪ ਸਿੰਘ ਲੈਕਚਰਰ ਫਿਜਿਕਸ, ਤਜਿੰਦਰ ਸਿੰਘ ਬਾਜ ਸਾਇੰਸ ਮਾਸਟਰ, ਸੀ ? ਮੁਕੇਸ਼ ਕੁਮਾਰ ਲੈਕਚਰਾਰ ਕਮਰਸ ਅਤੇ ਥੀਏਟਰ ਕਲਾਕਾਰ ਸਰਦਾਰ ਕੁਲਵਿੰਦਰ ਸਿੰਘ ਨੇ ਬਤੌਰ ਜੱਜਮੈਂਟ ਦੀ ਸੇਵਾ ਨਿਭਾਈ ਇਸ ਮੌਕੇ ਸਕੂਲ ਮੁਖੀ ਗੁਰਜਤਿੰਦਰ ਸਿੰਘ ,ਅਨਾਮਿਕਾ ਸਾਇੰਸ ਮਿਸਟ੍ਰੇਸ, ਸੀਮਾ ਜੱਸਲ ਲੈਕਚਰਾਰ , ਜਸਵਿੰਦਰ ਕੌਰ ਸਾਇੰਸ ਮਿਸਟ੍ਰੇਸ ,ਸ੍ਰੀ ਓਮ ਪ੍ਰਕਾਸ਼ ਬਲਾਕ ਕੋਆਰਡੀਨੇਟਰ, ਸਰਦਾਰ ਸੁਖਵਿੰਦਰ ਸਿੰਘ ਬਲਾਕ ਕੋਆਰਡੀਨੇਟਰ, ਕੁਲਵੰਤ ਸਿੰਘ ਐਸ ਐਸ ਮਾਸਟਰ, ਮਨਦੀਪ ਕੌਰ ਸਾਇੰਸ ਮਿਸਟ੍ਰੇਸ ,ਕੁਲਵਿੰਦਰ ਕੌਰ ਕੰਪਿਊਟਰ ਫੈਕਲਟੀ, ਅਨੁਰੀਤ ਕੌਰ ਮੈਥ ਮਿਸਟ੍ਰੇਸ, ਗੁਰਸੇਵਕ ਸਿੰਘ, ਦਵਿੰਦਰ ਸਿੰਘ ਤੋਂ ਇਲਾਵਾ ਜ਼ਿਲ੍ਹੇ ਦੇ ਵੱਖ ਵੱਖ ਬਲਾਕਾਂ ? ਤੋਂ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

# ਖੇਤੀਬਾੜੀ ਵਿਭਾਗ ਵੱਲੋਂ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਕੀਤਾ ਜਾਗਰੂਕ



**ਬਟਾਲਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਗੁਰਦਾਸਪੁਰ, ਦੇ ਦਿਸ਼ਾ- ਨਿਰਦੇਸ਼ਾਂ ਹੇਠ ਜ਼ਿਲ੍ਹੇ ਭਰ ਅੰਦਰ ਵੱਖ- ਵੱਖ ਵਿਭਾਗਾਂ ਵੱਲੋਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕਰਨ ਦੇ ਨਾਲ- ਨਾਲ ਜਿਥੇ ਕਿੱਤੇ ਵੀ ਪਰਾਲੀ ਸਾੜਨ ਦੀ ਘਟਨਾ ਸਾਹਮਣੇ ਆਉਂਦੀ ਹੈ ਤਾਂ ਫਲਾਇੰਗ ਸਕੈਡ ਟੀਮਾਂ ਵੱਲੋਂ ਮੌਕੇ ਤੇ ਜਾ ਕੇ ਕਾਰਵਾਈ ਕੀਤੀ ਜਾਂਦੀ ਹੈ ਇਸ ਸਬੰਧੀ ਜਾਣਕਾਰੀ ਦਿੰਦਿਆ ਐੱਸ.ਡੀ. ਐੱਮ. ਬਟਾਲਾ, ਸ਼੍ਰੀ ਵਿਰਕਮਜੀਤ ਸਿੰਘ ਨੇ ਦੱਸਿਆ ਕਿ ਬਟਾਲਾ ਬਲਾਕ ਦੇ ਪਿੰਡ ਕਾਲਾ ਨੰਗਲ ਸਮੇਤ ਵੱਖ- ਵੱਖ ਪਿੰਡਾਂ ਵਿੱਚ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਕਿਸਾਨਾਂ ਨੂੰ ਮਿਲ ਕੇ ਪਰਾਲੀ ਦੀ ਸਾਭ- ਸੰਭਾਲ ਲਈ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਕਿਸਾਨਾਂ ਵੱਲੋਂ ਵੀ ਪ੍ਰਸ਼ਾਸਨ ਨਾਲ ਸਹਿਯੋਗ ਕਰਨ ਦਾ ਯਕੀਨ ਦਵਾਇਆ ਜਾ ਰਿਹਾ ਹੈ।

# ਪਰਾਲੀ ਨੂੰ ਅੱਗ ਲਗਾਉਣ ਦੀ ਪ੍ਰਥਾ ਦਾ ਖਾਤਮਾ ਕਰਨ ਵਿੱਚ ਸਹਿਯੋਗ ਦੇਣ ਪੰਚਾਇਤਾਂ: ਐਸ.ਡੀ.ਐਮ.

**ਫ਼ਤਹਿਗੜ੍ਹ ਸਾਹਿਬ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪਰਾਲੀ ਨੂੰ ਅੱਗ ਲਗਾਉਣ ਦੀ ਪ੍ਰਥਾ ਦਾ ਖਾਤਮਾ ਕਰਨ ਲਈ ਬਲਾਕ ਸਰਹਿੰਦ ਤੇ ਖੇੜਾ ਦੀਆਂ ਪੰਚਾਇਤਾਂ ਨਾਲ ਬੱਚਤ ਭਵਨ ਵਿਖੇ ਐਸ.ਡੀ.ਐਮ. ਫ਼ਤਹਿਗੜ੍ਹ ਸਾਹਿਬ ਸ਼੍ਰੀ ਅਰਵਿੰਦ ਗੁਪਤਾ ਨੇ ਵਿਸ਼ੇਸ਼ ਮੀਟਿੰਗ ਕੀਤੀ। ਮੀਟਿੰਗ ਦੌਰਾਨ ਸ਼੍ਰੀ ਗੁਪਤਾ ਨੇ ਸਮੂਹ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਜਿਥੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਵਿਸ਼ੇਸ਼ ਤੌਰ ਤੇ ਜਾਗਰੂਕਤਾ ਮੁਹਿੰਮ ਉਲੀਕੀ ਗਈ ਹੈ ਉਥੇ ਸਮੂਹ ਪੰਚਾਇਤਾਂ ਨੂੰ ਮਾਨਵਤਾ ਭਲਾਈ ਦੇ ਇਸ ਕਾਰਜ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰਦੂਸ਼ਣ ਰਹਿਤ ਮਾਹੌਲ ਦੇਣ ਲਈ ਸਾਨੂੰ ਸਾਰਿਆਂ ਨੂੰ ਅੱਗੇ ਆਉਣਾ ਪਵੇਗਾ ਜੋ ਕਿ ਸਾਡੀ ਸਾਰਿਆਂ ਦੀ ਨੈਤਿਕ ਜਿੰਮੇਵਾਰੀ ਵੀ ਹੈ।

ਸ਼੍ਰੀ ਗੁਪਤਾ ਨੇ ਕਿਹਾ ਕਿ ਕਿਸਾਨ ਖੇਤੀਬਾੜੀ ਵਿਭਾਗ ਦੀ ਇੰਨ ਸੀਟੂ ਪ੍ਰਣਾਲੀ ਨਾਲ ਪਰਾਲੀ ਨੂੰ ਖੇਤ ਵਿੱਚ ਹੀ ਵਾਹ ਸਕਦੇ ਹਨ। ਇਸ ਪ੍ਰਣਾਲੀ ਤਹਿਤ ਹੈਪੀ ਸੀਡਰ, ਸੁਪਰ ਸੀਡਰ, ਰੋਟਾਵੇਟਰ ਤੇ ਕੰਬਾਇਨਾਂ ਪਿੱਛੇ ਐਸ.ਐਮ.ਐਸ. ਸਿਸਟਮ ਲਗਾ ਕੇ ਪਰਾਲੀ ਦੇ ਕੁਤਰੇ ਕਰਕੇ ਖੇਤਾਂ ਵਿੱਚ ਹੀ ਵਾਹਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪਰਾਲੀ ਦੀਆਂ ਗੰਢਾਂ ਬਣਾ ਕੇ ਵੀ ਰੱਖੀਆਂ ਜਾ ਸਕਦੀਆਂ ਹਨ ਜੋ ਕਿ ਪਰਾਲੀ ਦੀ ਵਰਤੋਂ ਵਾਲੇ ਉਦਯੋਗਾਂ ਨੂੰ ਦੇ ਕੇ ਮੁਨਾਫਾ ਕਮਾਇਆ ਜਾ ਸਕਦਾ ਹੈ। ਉਨ੍ਹਾਂ ਸਰਪੰਚਾਂ ਨੂੰ ਕਿਹਾ ਕਿ ਪਰਾਲੀ ਦੀ ਸੁਚੱਜੀ ਸੰਭਾਲ ਲਈ ਸਰਕਾਰ ਵੱਲੋਂ 80 ਫੀਸਦੀ ਤੱਕ ਦੀ ਸਬਸਿਡੀ ਤੇ ਦਿੱਤੀਆਂ ਜਾ ਰਹੀਆਂ ਖੇਤੀ ਮਸ਼ੀਨਾਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

# ਪਿੰਡ ਬੁਰਜ ਮੁਹਾਰ ਵਿਖੇ ਲਗਾਏ ਗਏ ਕਿਸਾਨ ਸਿਖਲਾਈ ਕੈਂਪ ਦੌਰਾਨ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਕੀਤੀ ਸ਼ਮੂਲੀਅਤ



ਫਾਜ਼ਿਲਕਾ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਿਸਾਨ ਵੀਰਾਂ ਨੂੰ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਪ੍ਰਤੀ ਪ੍ਰੇਰਿਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਤੇ ਖੇਤੀਬਾੜੀ ਵਿਭਾਗ ਲਗਾਤਾਰ ਪਿੰਡਾਂ ਵਿਚ ਪਹੁੰਚ ਕਰਕੇ ਜਾਗਰੂਕਤਾ ਫੈਲਾ ਰਿਹਾ ਹੈ।

ਪ੍ਰਸ਼ਾਸਨਿਕ ਅਧਿਕਾਰੀ ਨਿਜੀ ਤੌਰ *ਤੇ ਪਿੰਡਾਂ ਵਿਚ ਪਹੁੰਚ ਕੇ ਕਿਸਾਨਾਂ ਨਾਲ ਰਾਬਤਾ ਕਾਇਮ ਕਰ ਰਹੇ ਹਨ ਤੇ ਅਪੀਲ ਕਰ ਰਹੇ ਹਨ ਆਪਣੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਝੋਨੇ ਦੀ ਪਰਾਲੀ ਤੇ ਰਹਿੰਦ-ਖੂਹੰਦ ਨੂੰ ਅਗ ਨਾ ਲਗਾਉਣ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਉਪ ਮੰਡਲ ਮੈਜਿਸਟ੍ਰੇਟ ਅਬੋਹਰ ਸ੍ਰੀ ਕ੍ਰਿਸ਼ਨ ਪਾਲ ਰਾਜਪੂਤ ਨੇ ਪਿੰਡ ਬੁਰਜ ਮੁਹਾਰ ਵਿਖੇ ਕਿਸਾਨ ਸਿਖਲਾਈ ਕੈਂਪ ਦੌਰਾਨ ਕਿਸਾਨਾ ਨੂੰ ਪ੍ਰੇਰਿਤ ਕਰਦਿਆਂ ਕੀਤਾ।

ਉਪ ਮੰਡਲ ਮੈਜਿਸਟ੍ਰੇਟ ਅਬੋਹਰ ਸ੍ਰੀ ਕ੍ਰਿਸ਼ਨ ਪਾਲ ਰਾਜਪੂਤ ਨੇ ਕੈਂਪ ਦੌਰਾਨ ਕਿਸਾਨਾ ਨੂੰ ਵਾਤਾਵਰਣ ਨੂੰ ਦੂਸ਼ਿਤ ਹੋਣ ਤੋ ਬਚਾਉਣ ਲਈ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਅਪੀਲ ਕੀਤੀ ਅਤੇ ਕੁਦਰਤੀ ਸੋਮਿਆਂ ਦੀ ਸੰਭਾਲ ਵਿੱਚ ਯੋਗਦਾਨ ਕਰਨ ਲਈ ਸੁਝਾਅ ਦਿੱਤੇ।

ਉਨ੍ਹਾਂ ਕਿਸਾਨਾ ਨੂੰ ਪਰਾਲੀ ਨੂੰ ਅੱਗ ਲਗਾਉਣ ਨਾਲ ਹੋਣ ਵਾਲੇ ਨੁਕਸਾਨਾ (ਵਾਤਾਵਰਣ ਪਲੀਤ, ਸਾਹ ਦੀਆ ਬੀਮਾਰੀਆ, ਖੁਰਾਕੀ ਤੱਤਾ ਦਾ ਨਸ਼ਟ ਹੋਣਾ) ਬਾਰੇ ਜਾਗਰੂਕ ਕੀਤਾ।

ਇਸ ਮੋਕੇ ਮੁੱਖ ਖੇਤੀਬਾੜੀ ਅਫਸਰ, ਫਾਜਿਲਕਾ ਸੰਦੀਪ ਕੁਮਾਰ ਰਿਣਵਾ ਨੇ ਵਿਭਾਗ ਵੱਲੋ ਕਿਸਾਨਾ ਲਈ ਚੱਲ ਰਹੀਆਂ ਸਕੀਮਾ ਅਤੇ ਸਹਾਇਤਾ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਇਸ ਕੈਂਪ ਵਿੱਚ ਪਿੰਡ ਦੇ ਨਵੇ ਚੁਣੇ ਗਏ ਮਹਿਲਾ ਸਰਪੰਚ ਸ੍ਰੀਮਤੀ ਵੀਰਪਾਲ ਕੋਰ ਅਤੇ ਵੱਡੀ ਗਿਣਤੀ ਵਿੱਚ ਕਿਸਾਨਾ ਨੇ ਭਾਗ ਲਿਆ ਅਤੇ ਵਿਸ਼ਵਾਸ਼ ਦਵਾਇਆ ਕਿ ਉਹ ਅਪਣੇ ਖੇਤਾ ਵਿੱਚ ਪਰਾਲੀ ਨੂੰ ਅੱਗ ਨਹੀ ਲਗਾਉਣਗੇ।

ਕੈਂਪ ਵਿੱਚ ਸ੍ਰੀ ਰਜਿੰਦਰ ਕੁਮਾਰ ਵਰਮਾ ਏ.ਡੀ.ਓ. ਅਤੇ ਸ੍ਰੀ ਵਿਪਨ ਕੁਮਾਰ, ਏ.ਐਸ.ਆਈ ਨੇ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਲਈ ਸੁਪਰ ਸੀਡਰ, ਹੈਪੀ ਸੀਡਰ, ਐਮ.ਬੀ. ਪਲੋਅ ਆਦਿ ਸੰਦਾ ਦੀ ਵਰਤੋਂ ਕਰਕੇ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਜਜਬ ਕਰਕੇ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਦੀ ਸਲਾਹ ਦਿੱਤੀ ਗਈ ਅਤੇ ਬੇਲਰ ਨਾਲ ਪਰਾਲੀ ਦੀ ਗੰਢਾ ਬਣਾ ਕੇ ਪਰਾਲੀ ਦੀ ਸਾਂਭ ਸੰਭਾਲ ਕਰਨ ਬਾਰੇ ਜਾਗਰੂਕ ਕੀਤਾ।

# ਕੈਂਪ ਵਿੱਚ 76 ਯੂਨਿਟ ਖ਼ੂਨ ਦਾਨ



ਪਟਿਆਲਾ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬੀ ਯੂਨੀਵਰਸਿਟੀ ਦੇ ਐੱਨਐੱਸਐੱਸ ਵਿਭਾਗ ਵੱਲੋਂ ਕੈਂਪਸ 'ਚ ਖ਼ੂਨਦਾਨ ਕੈਂਪ ਲਾਇਆ ਗਿਆ। ਗੁਰੂ ਤੇਗ ਬਹਾਦਰ ਹਾਲ ਵਿੱਚ ਚੇਅਰਮੈਨ ਨੈਬ ਸਿੰਘ ਸਰਾਓ ਦੀ ਅਗਵਾਈ ਹੇਠਲੀ ਐੱਨਜੀਓ 'ਪੰਜਾਬ ਯੂਨੀਸਨ ਫਾਰ ਸੋਸ਼ਲ ਹੈਲਪ (ਪੁਸ਼)' ਅਤੇ ਰੋਟਰੀ ਕਲੱਬ ਪਟਿਆਲਾ ਸਮੇਤ ਛਾਤਰ ਯੁਵਾ ਸੰਘਰਸ਼ ਸਮਿਤੀ ਦੇ ਸਹਿਯੋਗ ਨਾਲ ਲਾਏ ਗਏ ਇਸ ਕੈਂਪ 'ਚ 76 ਯੂਨਿਟ ਖ਼ੂਨਦਾਨ ਕੀਤਾ ਗਿਆ।

ਖ਼ੂਨਦਾਨੀਆਂ 'ਚ ਯੂਨੀਵਰਸਿਟੀ ਦੇ ਸੰਪਰਕ ਵਿਭਾਗ ਦੇ ਕਰਮਚਾਰੀ ਚੰਦਰ ਕੰਬੋਜ ਵੀ ਸ਼ਾਮਲ ਸਨ। ਇਸ ਮੌਕੇ ਐੱਨ.ਐੱਸ.ਐੱਸ. ਪ੍ਰੋਗਰਾਮ ਅਫ਼ਸਰਾਂ ਅਤੇ 27 ਵਾਲੰਟੀਅਰਾਂ ਸਮੇਤ ਹੋਰਨਾਂ ਨੇ ਵੀ ਸ਼ਿਰਕਤ ਕੀਤੀ। ਐੱਨਐੱਸਐੱਸ ਦੇ ਪ੍ਰੋਗਰਾਮ ਕੋਆਰਡੀਨੇਟਰ ਡਾ. ਅਨਹਦ ਸਿੰਘ ਗਿੱਲ ਨੇ ਕਿਹਾ ਕਿ ਖ਼ੂਨ ਦਾਨ ਨਾਲ ਸਰੀਰ ਨੂੰ ਕੋਈ ਨੁਕਸਾਨ ਨਹੀਂ ਹੁੰਦਾ।

# ਸਾਈਨ ਬੋਰਡਾਂ ਨੂੰ ਪੰਜਾਬੀ ਭਾਸ਼ਾ 'ਚ ਲਿਖਣ ਨੂੰ ਤਰਜੀਹ ਦਿੱਤੀ ਜਾਵੇ: ਜ਼ਿਲ੍ਹਾ ਭਾਸ਼ਾ ਅਫ਼ਸਰ

ਹੁਸ਼ਿਆਰਪੁਰ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਜਸਵੰਤ ਰਾਏ ਨੇ ਦੱਸਿਆ ਕਿ ਭਾਸ਼ਾ ਵਿਭਾਗ ਵਲੋਂ ਰਾਜ ਵਿੱਚ ਸਾਰੇ ਸਾਈਨ ਬੋਰਡਾਂ ਨੂੰ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਵਿਚ ਲਿਖਵਾਏ ਜਾਣ ਦੀ ਮੁਹਿੰਮ ਤਹਿਤ ਜ਼ਿਲ੍ਹੇ ਵਿਚ ਸੂਚਨਾ ਬੋਰਡ ਲਿਖਣ ਸਮੇਂ ਪੰਜਾਬੀ ਸ਼ਬਦ ਜੋੜਾਂ ਸਬੰਧੀ ਕਿਸੇ ਕਿਸਮ ਦੀ ਪੁੱਛਗਿਛ ਜਾਂ ਜਾਣਕਾਰੀ ਬਾਰੇ ਜ਼ਿਲ੍ਹਾ ਭਾਸ਼ਾ ਦਫ਼ਤਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਡਾ. ਜਸਵੰਤ ਰਾਏ ਨੇ ਦੱਸਿਆ ਕਿ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ-ਨਿਰਦੇਸਾਂ ਅਨੁਸਾਰ ਸਮੂਹ ਸਰਕਾਰੀ, ਅਰਧ ਸਰਕਾਰੀ ਦਫ਼ਤਰਾਂ, ਵਿਭਾਗਾਂ, ਅਦਾਰਿਆਂ, ਸੰਸਥਾਵਾਂ, ਵਿਦਿਅਕ ਅਦਾਰਿਆਂ, ਬੋਰਡਾਂ, ਨਿਗਮਾਂ ਅਤੇ ਗੈਰ ਸਰਕਾਰੀ ਸੰਸਥਾਵਾਂ, ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਤੇ ਵਪਾਰਕ ਅਦਾਰਿਆਂ ਆਦਿ ਦੇ ਨਾਮ ਪੰਜਾਬੀ 'ਚ ਲਿਖੋ।

# ਅਨਾਜ ਮੰਡੀਆਂ ਵਿਚ ਝੋਨੇ ਦੀ ਆਮਦ, ਖਰੀਦ, ਲਿਫਟਿੰਗ, ਅਦਾਇਗੀ ਨਿਰੰਤਰ ਜਾਰੀ:ਆਪ ਆਗੂ

ਨੰਗਲ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਕਿਸਾਨਾ ਨਾਲ ਵਾਅਦਾ ਕੀਤਾ ਹੈ ਕਿ ਅਨਾਜ ਮੰਡੀਆਂ ਵਿੱਚ ਉਨ੍ਹਾਂ ਦੀ ਫਸਲ ਦਾ ਦਾਨਾ ਦਾਨਾ ਖਰੀਦਿਆਂ ਜਾਵੇਗਾ। ਮੰਡੀਆਂ ਵਿੱਚ ਝੋਨੇ ਦੀ ਆਮਦ, ਖਰੀਦ, ਲਿਫਟਿੰਗ, ਅਦਾਇਗੀ ਲਈ ਕੀਤੇ ਪ੍ਰਬੰਧਾਂ ਤੇ ਖੁੱਦ ਹਰਜੋਤ ਬੈਂਸ ਕੈਬਨਿਟ ਮੰਤਰੀ ਨਿਗਰਾਨੀ ਰੱਖ ਰਹੇ ਹਨ। ਸਾਡੇ ਕਿਸਾਨ ਵੀਰ ਬਿਲਕੁੱਲ ਨਿਸ਼ਚਿਤ ਰਹਿਣ ਫਸਲ ਦਾ ਦਾਨਾ ਦਾਨਾ ਖਰੀਦ ਕੇ ਅਦਾਇਗੀ ਕੀਤੀ ਜਾਵੇਗੀ।

ਇਹ ਪ੍ਰਗਟਾਵਾ ਡਾ.ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੂਰਵੈਦ ਯੂਨੀਵਰਸਿਟੀ ਸਮੇਤ ਸੀਨੀਅਰ ਆਪ ਆਗੂਆਂ ਨੇ ਕਰਦੇ ਹੋਏ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਲੋਂ ਪੰਜਾਬ ਦੇ ਕਿਸਾਨਾਂ ਨੂੰ ਖੇਤੀ ਕਾਨੂੰਨ ਰੱਦ ਕਰਵਾਉਣ ਦੇ ਮਾਮਲੇ ਵਿਚ ਬਦਲਾ ਲੈਣ ਦੀ ਮਾਨਸਿਕਤਾ ਨਾਲ ਝੋਨੇ ਦੀ ਖਰੀਦ ਨੂੰ ਸਿੱਧੇ/ ਅਸਿੱਧੇ ਢੰਗ ਨਾਲ ਪ੍ਰਭਾਵਿਤ ਕੀਤਾ ਗਿਆ ਹੈ। ਇਸ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਤੈਅ ਸਮੇਂ ਵਿੱਚ ਝੋਨੇ ਦੀ ਖ਼ਰੀਦ ਨੂੰ ਯਕੀਨੀ ਬਣਾਇਆ ਗਿਆ ਹੈ।

ਸ.ਚੰਨਣ ਸਿੰਘ ਪੰਮੂ ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਫ਼ਸਲ ਦੀ ਤੁਰੰਤ ਖਰੀਦ ਅਤੇ ਚੁਕਾਈ ਨੂੰ ਯਕੀਨੀ ਬਣਾਉਣ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ ਪ੍ਰੰਤੂ ਕੇਂਦਰ ਸਰਕਾਰ ਵੱਲੋਂ ਪਿਛਲੇ ਸੀਜ਼ਨਾਂ ਦੌਰਾਨ ਖਰੀਦੀਆਂ ਗਈਆਂ ਫਸਲਾਂ ਨੂੰ ਗੋਦਾਮਾਂ ਤੋਂ ਨਾ ਚੁੱਕਣ ਕਾਰਨ ਭੰਡਾਰਨ ਦੀ ਸਮਰੱਥਾ ਘੱਟ ਗਈ ਸੀ, ਜਿਸ ਕਾਰਨ ਝੋਨੇ ਦੀ ਖਰੀਦ ਅਤੇ ਚੁਕਾਈ ਸਬੰਧੀ ਕਾਰਜ ਪ੍ਰਭਾਵਿਤ ਹੋਏ। ਉਨ੍ਹਾਂ ਨੇ ਕਿਹਾ ਕਿ ਇਸ ਦੇ ਬਾਵਜੂਦ ਕਿਸਾਨ ਵੀਰ ਬਿਲਕੁੱਲ ਨਾ ਚਿੰਤਾਂ ਕਰਨ ਸਾਡੇ ਕੈਬਨਿਟ ਮੰਤਰੀ ਹਰਜੋਤ ਬੈਂਸ ਲਗਾਤਾਰ ਅਨਾਜ ਮੰਡੀਆਂ ਤੇ ਨਜ਼ਰ ਰੱਖ ਰਹੇ ਹਨ। ਨੰਗਲ ਅਨਾਜ ਮੰਡੀ ਵਿਚ ਹੁਣ ਤੱਕ 9000 ਕੁਇੰਟਲ ਝੋਨੇ ਦੀ ਆਮਦ ਹੋਈ ਹੈ, ਜਿਸ ਵਿਚੋ 8650 ਕੁਇੰਟਲ ਦੀ ਖਰੀਦ ਕੀਤੀ ਜਾ ਚੁੱਕੀ ਹੈ ਤੇ 3360 ਕੁਇੰਟਲ ਝੋਨੇ ਦੀ ਲਿਫਟਿੰਗ ਮੁਕੰਮਲ ਹੋ ਚੁੱਕੀ ਹੈ। ਸਥਿਤੀ ਨੂੰ ਪੰਜਾਬ ਸਰਕਾਰ ਨੇ ਸੰਭਾਲਿਆ ਹੋਇਆ ਹੈ ਅਤੇ ਕਿਸਾਨਾ ਦੀ ਜਿਣਸ ਦਾ ਦਾਨਾ ਖਰੀਦਿਆਂ ਜਾਵੇਗਾ।

# ਕਿਸਾਨ ਸਿਖਲਾਈ ਕੈਂਪ ਆਯੋਜਿਤ

ਬਠਿੰਡਾ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਬਲਾਕ ਦਫਤਰ ਸੰਗਤ ਵਿਖੇ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ।

ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਬਠਿੰਡਾ ਡਾ ਜਗਸੀਰ ਸਿੰਘ ਵੱਲੋ ਪਿਛਲੇ ਸਾਲਾ ਦੌਰਾਨ ਝੋਨੇ ਦੀ ਪਰਾਲੀ ਨੂੰ ਬਿਨਾਂ ਅੱਗ ਲਗਾਏ ਖੇਤ ਚ ਮਿਲਾਉਣ ਵਾਲੇ ਕਿਸਾਨਾ ਨੂੰ ਸਨਮਾਨਿਤ ਕੀਤਾ ਗਿਆ ਅਤੇ ਹੋਰ ਕਿਸਾਨਾ ਨੂੰ ਵਾਤਾਵਰਣ ਅਤੇ ਮਿੱਟੀ ਨੂੰ ਪ੍ਰਦੂਸ਼ਣ ਤੋ ਬਚਾਉਣ ਦੀ ਮੁਹਿੰਮ ਨਾਲ ਜੋੜਣ ਦੀ ਅਪੀਲ ਕੀਤੀ।

ਕੈਂਪ ਦੀ ਸ਼ੁਰੂਆਤ ਕਰਦਿਆ ਏ. ਡੀ. ਓ. ਡਾ. ਭਰਪੂਰ ਸਿੰਘ ਸਿੱਧੂ ਨੇ ਕਿਸਾਨਾਂ ਨੂੰ ਝੋਨੇ ਦਾ ਘਰੇਲੂ ਬੀਜ ਰੱਖਣ ਲਈ ਕਿਹਾ ਹੈ ਤੇ ਨਾਲ ਹੀ ਬੀਜ ਤਿਆਰ ਕਰਨ ਦਾ ਸਹੀ ਢੰਗ ਤਰੀਕਾ ਵੀ ਦੱਸਿਆ।

ਕਣਕ ਦੇ ਬੀਜਾਂ ਬਾਰੇ ਜਾਣਕਾਰੀ ਦਿੰਦਿਆ ਘਰੇਲੂ ਬੀਜ ਦੀ ਵਰਤੋ ਅਤੇ ਬੀਜ ਦੀ ਉਗਣ ਸ਼ਕਤੀ ਚੈਕ ਕਰਨ ਤੇ ਵੀ ਜ਼ੋਰ ਦਿੱਤਾ ਤਾ ਜੋ ਬੇਲੋੜੇ ਖਰਚੇ ਆ ਤੋ ਬਚਿਆ ਜਾ ਸਕੇ। ਕਣਕ ਦੇ ਬੀਜ ਨੂੰ ਸੋਧਣ ਬਾਰੇ ਜਾਣਕਾਰੀ ਦਿੰਦਿਆ ਕੀਟਨਾਸ਼ਕ ਉਲੀਨਾਸ਼ਕ ਦਵਾਈਆ ਦੀ ਮਾਤਰਾ ਅਤੇ ਸੋਧਣ ਦੇ ਢੰਗ ਬਾਰੇ ਦੱਸਿਆ ਅਤੇ ਨਾਲ ਹੀ ਪਰਾਲੀ ਨੂੰ ਖੇਤ ਚ ਮਿਲਾ ਕੇ ਕਣਕ ਬੀਜਣ ਦੇ ਵੱਖ ਵੱਖ ਤਰੀਕੇ ਆ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਡਾ ਮਨੋਜ ਕੁਮਾਰ ਖੇਤੀਬਾੜੀ ਅਫਸਰ ਨੇ ਕਿਸਾਨ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਕੇ ਖੇਤ ਚ ਮਿਲਾਉਣ ਦੇ ਫਾਈਦੇਂ ਜਿਵੇਂ ਮਿੱਟੀ ਦੀ ਉਪਜਾਊ ਸ਼ਕਤੀ ਚ ਵਾਧਾ, ਮਿੱਟੀ ਦੀ ਪਾਣੀ ਸੰਭਾਲਣ ਦੀ ਸ਼ਕਤੀ ਚ ਵਾਧਾ ਅਤੇ ਸੂਖਮ ਤੱਤਾਂ ਅਤੇ ਸੂਖਮ ਜੀਵਾਂ ਦੀ ਗਿਣਤੀ ਚ ਵਾਧਾ ਬਾਰੇ ਦੱਸਦਿਆ। ਢੰਗ ਤਰੀਕੇ ਬਾਰੇ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕਰਦਿਆ ਸੁਪਰ ਐਸ ਐਮ ਐਸ ਬਾਰੇ, ਸਰਫੇਸ ਸੀਡਰ ਨਾਲ ਬਿਜਾਈ ਬਾਰੇ ਦੱਸਿਆ।

ਉਹਨਾਂ ਵੱਲੋ ਖੇਤੀ ਦੇ ਬੇਲੋੜੇ ਖਰਚੇ ਘਟਾ ਕੇ ਸੁਚੱਜੀ ਖੇਤੀ ਕਰਨ ਦੀ ਸਲਾਹ ਦਿੱਤੀ ਤਾ ਜੋ ਖੇਤੀ ਨੂੰ ਲਾਹੇਵੰਦ ਧੰਦਾ ਬਣਾਇਆ ਜਾ ਸਕੇ।

# ਵਧੀਕ ਜ਼ਿਲ੍ਹਾ ਮੈਜਿਸਟਰੇਟ, ਨੇ ਭਰਤੀ ਪ੍ਰੀਖਿਆਵਾਂ ਕੇਂਦਰਾਂ ਦੇ ਆਲੇ ਦੁਆਲੇ 100 ਮੀਟਰ ਦੇ ਘੇਰੇ ਵਿੱਚ ਲੋਕਾਂ ਦੇ ਇਕੱਠੇ ਹੋਣ ਤੇ ਪਾਬੰਦੀ ਦੇ ਹੁਕਮ ਜਾਰੀ



ਗੁਰਦਾਸਪੁਰ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੀ ਸੁਰਿੰਦਰ ਸਿੰਘ, ਵਧੀਕ ਜਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆ ਹੋਇਆ ਜਿਲਾ ਗੁਰਦਾਸਪੁਰ ਵਿਖੇ ਸਥਾਪਿਤ ਕੀਤੇ ਗਏ ਪ੍ਰੀਖਿਆਵਾਂ ਕੇਂਦਰਾਂ ਦੇ ਆਲੇ ਦੁਆਲੇ 100 ਮੀਟਰ ਦੇ ਘੇਰੇ ਵਿੱਚ ਲੋਕਾਂ ਦੇ ਇਕੱਠੇ ਹੋਣ ਤੇ 27 ਅਕਤੂਬਰ 2024 ਨੂੰ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਉਹਨਾਂ ਵਿਅਕਤੀਆਂ ਤੇ ਲਾਗੂ ਨਹੀਂ ਹੋਵੇਗਾ ਜੋ ਇਹਨਾਂ ਪ੍ਰੀਖਿਆਵਾਂ ਵਿਚ ਡਿਊਟੀ ਤੇ ਹੋਣਗੇ।

ਹੁਕਮਾਂ ਵਿੱਚ ਅੱਗੇ ਕਿਹਾ ਗਿਆ ਕਿ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਗੁਰਦਾਸਪੁਰ ਸੂਚਿਤ ਕੀਤਾ ਹੈ ਕਿ Warder Marton ਦੀ ਭਰਤੀ ਲਈ ਪ੍ਰੀਖਿਆ 27 ਅਕਤੂਬਰ 2024 ਨੂੰ ਦਿਨ ਐਤਵਾਰ ਜਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਪ੍ਰੀਖਿਆ ਕੇਂਦਰਾਂ ਵਿੱਚ ਕਰਵਾਈ ਜਾ ਰਹੀ ਹੈ । ਇਹ ਪ੍ਰੀਖਿਆ ਦਿਨ ਐਤਵਾਰ ਸਮਾਂ ਸਵੇਰੇ 10.30 ਵਜੇ ਤੋਂ ਦੁਪਿਹਰ 01.00 ਵਜੇ ਤੱਕ ਹੋਵੇਗੀ ।

ਹੁਕਮਾਂ ਵਿੱਚ ਅੱਗੇ ਕਿਹਾ ਗਿਆ ਹੈ ਕਿ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ ਵਿਘਨ ਪਾਉਣ ਵਾਲੇ ਅਨਸਰ ਇਕੱਠੇ ਹੋ ਜਾਂਦੇ ਹਨ । ਇਸ ਲਈ ਪ੍ਰੀਖਿਆ ਵਿੱਚ ਵਿਘਨ ਪਾਉਣ ਵਾਲੇ ਅਨਸਰਾਂ ਦੇ ਵਿਰੁੱਧ ਕਾਨੂੰਨੀ ਕਾਰਵਾਈ ਕਰਨ, ਟਰੈਫਿਕ ਦੀ ਵਿਵਸਥਾ ਨੂੰ ਸੁਚਾਰੂ ਬਣਾਈ ਰੱਖਣ ਅਤੇ ਸਮਾਜਿਕ ਦੂਰੀ ਬਣਾਈ ਰੱਖਣ ਦੇ ਲਈ ਇਹਨਾਂ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਅੰਦਰ ਸੁਰੱਖਿਆ ਦੇ ਪੁਖਤਾ ਪ੍ਰਬੰਧ ਕਰਨ ਦੀ ਲੋੜ ਹੈ ਅਤੇ ਸਾਰੇ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ ਦੇ 100 ਮੀਟਰ ਦੇ ਘੇਰੇ ਅੰਦਰ ਆਮ ਪਬਲਿਕ ਦੇ ਇਕੱਠੇ ਹੋਣ ਦੀ ਮਨਾਹੀ ਕਰਨਾ ਅਤਿ ਜਰੂਰੀ ਹੈ, ਤਾਂ ਕਿ ਅਜਿਹੀ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ।

# ਮੀਡੀਆ ਵੈਲਫੇਅਰ ਕਲੱਬ ਘਨੌਰ ਨੇ ਚਾਰ ਜਰੂਰਤਮੰਦ ਲੜਕੀਆਂ ਦੇ ਸਮੂਹਿਕ ਅਨੰਦ ਕਾਰਜ ਕਰਵਾਏ



ਘਨੌਰ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੀਡੀਆ ਵੈਲਫੇਅਰ ਕਲੱਬ ਘਨੌਰ ਦੇ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਸ੍ਰੀ ਧੰਨਾ ਭਗਤ ਸਿੰਘ ਲਾਛੜੂ ਖੁਰਦ ਵਿਖੇ ਹਲਕਾ ਦੇ ਪਤਵੰਤੇ ਸੱਜਣਾਂ ਦੇ ਸਹਿਯੋਗ ਦੇ ਨਾਲ ਕਲੱਬ ਦੇ ਪ੍ਰਧਾਨ ਭਾਗ ਸਿੰਘ ਅੰਟਾਲ ਦੀ ਅਗਵਾਈ ਹੇਠ ਚਾਰ ਜਰੂਰਤਮੰਦ ਕੁੜੀਆਂ ਦੇ ਸਮੂਹਿਕ ਆਨੰਦ ਕਾਰਜ ਕਰਵਾਏ ਗਏ। ਇਹ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਨਾਇਬ ਤਹਿਸੀਲਦਾਰ ਘਨੋਰ ਹਰੀਸ਼ ਕੁਮਾਰ,ਸੀਨੀਅਰ ਕਾਂਗਰਸੀ ਆਗੂ ਹਰਿੰਦਰ ਵਿਰਕ,ਟਰੈਫਿਕ ਇੰਚਾਰਜ ਇਕਬਾਲ ਸਿੰਘ ਦੇ ਵੱਲੋਂ ਹਾਜ਼ਰੀ ਲਗਵਾਈ ਗਈ। ਇਸ ਮੌਕੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਹੋਇਆਂ ਕਲੱਬ ਦੇ ਪ੍ਰਧਾਨ ਭਾਗ ਸਿੰਘ ਅੰਟਾਲ,ਸਰਦਾਰਾ ਸਿੰਘ ਲਾਛੜੂ,ਅਭਿਸ਼ੇਕ ਸੂਦ,ਮੁਹੰਮਦ ਸਲੀਮ,ਰੇਸ਼ਮ ਸਿੰਘ, ਓਮਕਾਰ ਸ਼ਰਮਾ ਕਲੱਬ ਮੈਂਬਰਾਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮੀਡੀਆ ਵੈਲਫੇਅਰ ਕਲੱਬ ਵੱਲੋਂ ਤੀਜਾ ਜਰੂਰਤਮੰਦ ਕੁੜੀਆਂ ਦੇ ਸਮੂਹਿਕ ਆਨੰਦ ਕਾਰਜ ਕਰਵਾਏ ਗਏ।

ਉਹਨਾਂ ਕਿਹਾ ਕਿ ਅਸੀਂ ਲੋਕਾਂ ਦੀ ਆਵਾਜ਼ ਸਰਕਾਰਾਂ ਦੇ ਕੰਨਾਂ ਤੱਕ ਪਹੁੰਚਾਉਣ ਦੇ ਨਾਲ ਨਾਲ ਆਪਣੀ ਸਮਾਜਿਕ ਜਿੰਮੇਵਾਰੀ ਨੂੰ ਸਮਝਦਿਆਂ ਹੋਇਆਂ ਆਪਣੇ ਹਲਕੇ ਦੀਆਂ ਜਰੂਰਤਮੰਦ ਕੁੜੀਆਂ ਦੇ ਸਮੂਹਿਕ ਆਨੰਦ ਕਾਰਜ ਕਰਵਾਉਣ ਦਾ ਛੋਟਾ ਜਿਹਾ ਉਪਰਾਲਾ ਕੀਤਾ ਹੈ ਅਤੇ ਇਸ ਵਿੱਚ ਹਲਕਾ ਘਨੋਰ ਦੇ ਪਤਵੰਤੇ ਸੱਜਣਾਂ ਦਾ ਉਹਨਾਂ ਨੂੰ ਭਰਪੂਰ ਸਹਿਯੋਗ ਮਿਲਦਾ ਹੈ ਜਿਨਾਂ ਦੇ ਸਹਿਯੋਗ ਦੇ ਨਾਲ ਕੁੜੀਆਂ ਨੂੰ ਘਰ ਵਿੱਚ ਵਰਤਣ ਵਾਲਾ ਹਰ ਸਮਾਨ ਡਬਲ ਬੈਡ,ਗੱਦੇ,ਬਿਸਤਰੇ, ਫਰਿਜ,ਸਿਲਾਈ ਮਸ਼ੀਨ,ਪ੍ਰੈਸ,ਸਿਰਹਾਣੇ, ਕੰਬਲ,ਐਚ.ਐਮ.ਟੀ ਘੜੀਆਂ, ਮਿਕਸੀ,ਸੂਟ ਕੇਸ,ਚਾਂਦੀ ਦੀਆਂ ਪੰਜੇਬਾਂ,ਸੂਟ,ਡਿਨਰ ਸੈੱਟ, ਮੇਜ ਕੁਰਸੀਆਂ ਆਦਿ ਹੋਰ ਵੀ ਘਰ ਵਿੱਚ ਵਰਤਣ ਵਾਲੀਆਂ ਚੀਜ਼ਾਂ ਦਿੱਤੀਆਂ । ਉਹਨਾਂ ਕਿਹਾ ਕਿ ਸਮੂਹ ਮੀਡੀਆ ਕਲੱਬ ਦੇ ਮੈਂਬਰਾਂ ਤੇ ਪਤਵੰਤੇ ਸੱਜਣਾਂ ਦੇ ਸਹਿਯੋਗ ਦੇ ਨਾਲ ਇਹ ਕਾਰਜ ਨੇਪਰੇ ਚੜਿਆ।

ਇਸ ਮੌਕੇ ਘਨੌਰ ਦੇ ਨਾਇਬ ਤਹਿਸੀਲਦਾਰ ਹਰੀਸ਼ ਕੁਮਾਰ ਨੇ ਕਿਹਾ ਕਿ ਜਿੱਥੇ ਪੱਤਰਕਾਰ ਭਾਈਚਾਰੇ ਦੇ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਲੋਕਾਂ ਦੀ ਆਵਾਜ਼ ਚੱਕੀ ਜਾ ਰਹੀ ਹੈ ਉੱਥੇ ਹੀ ਸਮਾਜ ਸੇਵਾ ਦੇ ਵਿੱਚ ਵੀ ਅਹਿਮ ਭੂਮਿਕਾ ਨਿਭਾ ਰਹੇ ਹਨ ਉਹਨਾਂ ਕਿਹਾ ਕਿ ਅੱਜ ਮੀਡੀਆ ਵੈਲਫੇਅਰ ਕਲੱਬ ਘਨੌਰ ਦੇ ਵੱਲੋਂ ਕੀਤੇ ਗਏ ਚਾਰ ਜਰੂਰਤਮੰਦ ਕੁੜੀਆਂ ਦੇ ਸਮੂਹਿਕ ਆਨੰਦ ਕਾਰਜ ਦੇਖ ਕੇ ਮਨ ਨੂੰ ਬਹੁਤ ਸਕੂਨ ਮਿਲਿਆ ਕਿਉਂਕਿ ਜਿਸ ਤਰ੍ਹਾਂ ਅਸੀਂ ਆਪਣੇ ਘਰਾਂ ਦੇ ਵਿੱਚ ਹਰ ਖਾਣ ਪੀਣ ਦਾ ਸਮਾਨ ਕਰਦੇ ਹਾਂ ਉਸੇ ਤਰ੍ਹਾਂ ਆਈ ਹੋਈ ਬਰਾਤਾਂ ਦਾ ਵੀ ਕਲੱਬ ਦੇ ਵੱਲੋਂ ਪੂਰਾ ਸਨਮਾਨ ਕੀਤਾ ਗਿਆ। ਉਹਨਾਂ ਕਿਹਾ ਵੀ ਸਾਨੂੰ ਵੀ ਇਸ ਤਰ੍ਹਾਂ ਦੇ ਸਮਾਜਿਕ ਕੰਮਾਂ ਦੇ ਵਿੱਚ ਹਿੱਸਾ ਬਣਨਾ ਚਾਹੀਦਾ ਅਤੇ ਜਿੰਨਾਂ ਵੀ ਸਹਿਯੋਗ ਦੇ ਸਕਦੇ ਹਾਂ ਉਹ ਜਰੂਰ ਦੇਣਾ ਚਾਹੀਦਾ ਹੈ।ਪਟਿਆਲਾ ਤੇ ਰਾਜਪੁਰਾ ਤੋਂ ਪਹੁੰਚੇ ਪੱਤਰਕਾਰ ਭਾਈਚਾਰੇ ਦਾ ਧੰਨਵਾਦ ਕੀਤਾ।ਸੂਬਾ ਖੇਡ ਸਕੱਤਰ ਜਸਵਿੰਦਰ ਸਿੰਘ ਚਪੜ ਵਲੋਂ ਸਟੇਜ ਸੈਕਟਰੀ ਦੀ ਸੇਵਾ ਬਾਖੂਬੀ ਨਿਭਾਉਣ ਲਈ ਕਲੱਬ ਦੇ ਅਹੁਦੇਦਾਰਾਂ ਨੇ ਧੰਨਵਾਦ ਕੀਤਾ। ਇਸ ਮੌਕੇ ਇੰਦਰਜੀਤ ਸਿੰਘ ਸਿਆਲੂ, ਸਮਾਜ ਸੇਵੀ ਗੌਰਵ ਜੈਨ, ਸਮਾਜ ਸੇਵੀ ਮਨਦੀਪ ਸਿੰਘ, ਪਿੰਦਰ ਸਰਪੰਚ, ਗੁਰਮਿਤ ਸਿੰਘ ਢੰਡਾ,ਕੁਲਵਿੰਦਰ ਸਿੰਘ ਮਰਦਾਂਪੁਰ, ਹਰਿੰਦਰ ਵਿਰਕ, ਟ੍ਰੈਫਿਕ ਇੰਚਾਰਜ ਘਨੌਰ ਇੱਕਬਾਲ ਸਿੰਘ,ਗੀਤਿਕਾ ਸ਼ਰਮਾ ਪਿ?ਸੀਪਲ ਗੁਰੂਕੁਲ ਇੰਟਰਨੈਸ਼ਨਲ ਸਕੂਲ,ਐਡਵੋਕੇਟ ਹੇਮੰਤ ਸਿੰਗਲਾ,ਸਮਾਜ ਸੇਵੀ ਸੁਰਜਨ ਸਿੰਘ,ਸੀਸਪਾਲ ਸਿੰਘ ਘਾਗਰੂ, ਹਰਨੇਕ ਸਿੰਘ ਸ਼ੇਖੂਪੁਰ, ਦਵਿੰਦਰ ਸਿੰਘ, ਮੱਖਣ ਖਾਨ, ਸੁਰਿੰਦਰ ਤੁਲੀ ਆਦਿ ਅਨੇਕਾਂ ਸੁਭ ਚਿੰਤਕ ਮੌਜੂਦ ਸੀ।

# ਆਤਿਸ਼ਬਾਜੀ ਚਲਾਉਣ/ਵਰਤੋਂ ਕਰਨ ਸਬੰਧੀ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਪਾਬੰਦੀ ਦੇ ਹੁਕਮ ਜਾਰੀ

ਤਰਨ ਤਾਰਨ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਮੈਜਿਸਟਰੇਟ, ਤਰਨ ਤਾਰਨ ਸ੍ਰੀ ਪਰਮਵੀਰ ਸਿੰਘ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜਾਰੀ ਹੁਕਮ ਦੁਆਰਾ ਜ਼ਿਲ੍ਹਾ ਤਰਨ ਤਾਰਨ ਦੀ ਹਦੂਦ ਅੰਦਰ ਮਿਤੀ 31 ਅਕਤੂਬਰ, 2024 (ਦਿਵਾਲੀ ਦੇ ਦਿਨ) ਸ਼ਾਮ 08:00 ਵਜੇ ਤੋਂ ਰਾਤ 10:00 ਵਜੇ ਤੱਕ ਅਤੇ ਮਿਤੀ 15 ਨਵੰਬਰ, 2024 (ਗੁਰਪੁਰਬ ਦੇ ਦਿਨ) ਨੂੰ ਸਵੇਰੇ 4 ਵਜੇ ਤੋਂ ਸਵੇਰੇ 5 ਵਜੇ ਤੱਕ ਅਤੇ ਰਾਤ 09:00 ਵਜੇ ਤੋਂ ਰਾਤ 10:00 ਵਜੇ ਤੱਕ, ਕ੍ਰਿਸਮਿਸ ਵਾਲੇ ਦਿਨ ਮਿਤੀ 25 ਦਸੰਬਰ, 2024 ਅਤੇ ਨਵੇਂ ਸਾਲ ਦੇ ਮੌਕੇ 'ਤੇ ਮਿਤੀ 31 ਦਸੰਬਰ, 2024 ਦੀ ਰਾਤ ਨੂੰ 11:55 ਵਜੇ ਤੋਂ ਸਵੇਰੇ 12:30 ਤੱਕ ਦੇ ਸਮੇਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਆਤਿਸ਼ਬਾਜੀ ਚਲਾਉਣ/ ਵਰਤੋਂ ਕਰਨ 'ਤੇ ਮੁਕੰਮਲ ਪਾਬੰਦੀ ਲਗਾਈ ਹੈ।ਇਸ ਤੋਂ ਇਲਾਵਾ ਸਾਈਲੈਂਸ ਜ਼ੋਨ ਜਿਵੇਂ ਕਿ ਸਰਕਾਰੀ ਦਫਤਰਾਂ, ਜੰਗਲਾਤ, ਹਸਪਤਾਲਾਂ, ਵਿੱਦਿਅਕ ਸੰਸਥਾਵਾਂ, ਅਦਾਲਤਾਂ, ਧਾਰਮਿਕ ਸੰਸਥਾਵਾਂ ਜਾਂ ਕੋਈ ਏਰੀਆ ਜਿਹੜਾ ਕਿ ਸਮਰੱਥ ਅਧਿਕਾਰੀ ਵੱਲੋ ਸਾਈਲੈਂਸ ਜ਼ੋਨ ਐਲਾਨਿਆ ਗਿਆ ਹੋਵੇ, ਦੇ 100 ਮੀਟਰ ਦੇ ਘੇਰੇ ਵਿੱਚ ਆਤਿਸ਼ਬਾਜੀ/ ਪਟਾਕਿਆਂ ਨੂੰ ਚਲਾਉਣ ਤੇ ਵੀ ਮੁਕੰਮਲ ਪਾਬੰਦੀ ਲਗਾਈ ਗਈ ਹੈ।

# ਗ੍ਰਾਮ ਪੰਚਾਇਤ ਸਮਲਾਹ ਦੇ ਨਵੇਂ ਚੁਣੇ ਸਰਪੰਚ ਪਵਨਾ ਕੁਮਾਰੀ ਪਹੁੰਚੇ ਬਾਸ ਕੱਲਰ



ਸ੍ਰੀ ਆਨੰਦਪੁਰ ਸਾਹਿਬ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਬਾਸ ਕੱਲਰ ਦੇ ਲੋਕ ਉਸ ਸਮੇਂ ਖੁਸ਼ੀ ਵਿੱਚ ਝੂਮ ਉੱਠੇ ਜਦੋਂ ਉਨਾਂ ਦੀ ਪੰਚਾਇਤ ਦੇ ਨਵੇਂ ਚੁਣੇ ਸਰਪੰਚ ਪਵਨਾ ਕੁਮਾਰੀ ਉਹਨਾਂ ਦਾ ਧੰਨਵਾਦ ਕਰਨ ਲਈ ਉਹਨਾਂ ਵਿੱਚ ਪਹੁੰਚ ਗਏ।ਬੀਤੀ 15 ਅਕਤੂਬਰ ਨੂੰ ਪੰਚਾਇਤੀ ਚੋਣਾਂ ਦੌਰਾਨ ਪਵਨਾ ਕੁਮਾਰੀ ਨੇ ਆਪਣੇ ਵਿਰੋਧੀ ਨੂੰ 103 ਵੋਟਾਂ ਨਾਲ ਹਰਾ ਕੇ ਸਰਪੰਚੀ ਵਿੱਚ ਜਿੱਤ ਪ੍ਰਾਪਤ ਕੀਤੀ ਸੀ। ਅਤੇ ਹੁਣ ਉਹ ਪੰਚਾਇਤ ਦੇ ਵੱਖ ਵੱਖ ਬਾਸਾਂ ਵਿੱਚ ਜਾ ਕੇ ਲੋਕਾਂ ਦਾ ਧੰਨਵਾਦ ਕਰ ਰਹੇ ਹਨ।

ਹਿੱਸੇ ਦੌਰਾਨ ਅੱਜ ਉਹ ਬਾਸ ਕੱਲਰ ਵਿਖੇ ਪਹੁੰਚੇ, ਜਿੱਥੇ ਪਿੰਡ ਵਾਸੀਆਂ ਵੱਲੋਂ ਉਨਾਂ ਦਾ ਜੋਰਦਾਰ ਸਵਾਗਤ ਕੀਤਾ ਗਿਆ। ਅਤੇ ਜਿੱਤ ਦੀ ਖੁਸ਼ੀ ਵਿੱਚ ਲੋਕਾਂ ਨੇ ਢੋਲ ਦੀ ਥਾਪ ਤੇ ਭੰਗੜਾ ਵੀ ਪਾਇਆ। ਅਤੇ ਲੋਕਾਂ ਵਿੱਚ ਮਠਿਆਈ ਵੀ ਵੰਡੀ ਗਈ। ਇਸ ਦੌਰਾਨ ਨਵੇਂ ਚੁਣੇ ਗਏ ਪੰਚਾਂ ਦਾ ਵੀ ਜੋਰਦਾਰ ਸਵਾਗਤ ਕੀਤਾ ਗਿਆ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪਿੰਡ ਕੱਲਰ ਇੱਕ ਪਹਾੜੀ ਖੇਤਰ ਵਿੱਚ ਵਸਿਆ ਹੋਇਆ ਹੈ ਜਿਸ ਵਿੱਚ ਲਗਭਗ 50 ਘਰ ਹਨ ਅਤੇ ਹਾਲੇ ਤੱਕ ਵੀ ਪਿੰਡ ਕੱਲਰ ਦੇ ਵਸਨੀਕਾਂ ਨੂੰ ਸੜਕ ਪ੍ਰਾਪਤ ਨਹੀਂ ਹੋ ਸਕੀ। ਜਿਸ ਲਈ ਪਿੰਡ ਵਾਸੀ ਲਗਾਤਾਰ ਸੰਘਰਸ਼ ਕਰ ਰਹੇ ਹਨ।

ਇਸ ਦੌਰਾਨ ਹਾਜ਼ਰ ਪਿੰਡ ਵਾਸੀਆਂ ਦਾ ਨਵੇਂ ਚੁਣੇ ਸਰਪੰਚ ਪਵਨਾ ਕੁਮਾਰੀ ਵੱਲੋਂ ਉਨਾਂ ਨੂੰ ਜਿਤਾਉਣ ਲਈ ਧੰਨਵਾਦ ਕੀਤਾ ਗਿਆ। ਅਤੇ ਇਹ ਵਿਸ਼ਵਾਸ ਦਵਾਇਆ ਗਿਆ ਕਿ ਕੱਲਰ ਬਾਸ ਦੀਆਂ ਸਾਰੀਆਂ ਸਮੱਸਿਆਵਾਂ ਪਹਿਲ ਦੇ ਆਧਾਰ ਤੇ ਹੱਲ ਕੀਤੀਆਂ ਜਾਣਗੀਆਂ। ਅਤੇ ਪੰਜਾਬ ਸਰਕਾਰ ਦੀਆਂ ਸਾਰੀਆਂ ਯੋਜਨਾਵਾਂ ਦਾ ਲਾਭ ਪਿੰਡ ਵਾਸੀਆਂ ਤੱਕ ਪਹੁੰਚਾਇਆ ਜਾਵੇਗਾ। ਉਹਨਾਂ ਕਿਹਾ ਕਿ ਪਿੰਡ ਵਾਸੀ ਆਪਣੀਆਂ ਸਮੱਸਿਆਵਾਂ ਨੂੰ ਲੈ ਕੇ ਕਿਸੇ ਵੀ ਸਮੇਂ ਉਹਨਾਂ ਨਾਲ ਸੰਪਰਕ ਸਕਦੇ ਹਨ, ਅਤੇ ਮੌਕੇ ਤੇ ਹੀ ਉਹਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

ਇਸ ਸਮੇਂ ਸ੍ਰੀਮਤੀ ਪਵਨਾ ਕੁਮਾਰੀ ਸਰਪੰਚ ਗਰਾਮ ਪੰਚਾਇਤ ਸਮਲਾਹ ਸ੍ਰੀ ਗੁਰਬਚਨ ਸਿੰਘ, ਸ੍ਰੀ ਸ਼ਾਮ ਲਾਲ ਸਾਬਕਾ ਬਲਾਕ ਸੰਮਤੀ ਮੈਂਬਰ, ਨਰਿੰਦਰ ਠਾਕੁਰ, ਹਾਜ਼ਰ ਸਨ।

# ਨਗਰ ਕੌਂਸਲ ਵੱਲੋਂ ਮਨਾਇਆ ਜਾ ਰਿਹਾ ਹੈ ਸਵੱਛਤਾ ਪੰਦਰਵਾੜਾ

ਸ੍ਰੀ ਆਨੰਦਪੁਰ ਸਾਹਿਬ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰ ਅਤੇ ਪੀ.ਐਮ.ਆਈ.ਡੀ. ਸੀ ਦੀਆਂ ਹਦਾਇਤਾਂ ਅਨੁਸਾਰ ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ ਦੀ ਅਗਵਾਈ ਵਿੱਚ ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ ਦੀ ਦੇਖ ਰੇਖ ਹੇਠ ਗੁਰੂ ਨਗਰੀ ਸ਼੍ਰੀ ਅਨੰਦਪੁਰ ਸਾਹਿਬ ਨੂੰ ਸਾਫ ਸੁਥਰਾ ਬਣਾਉਣ ਲਈ ਸਵੱਛਤਾ ਦੀ ਲਹਿਰ ਪੰਦਰਵਾੜਾ ਜੋ ਕਿ 29 ਅਕਤੂਬਰ ਤੋਂ 7 ਨਵੰਬਰ 2024 ਤੱਕ ਦਿਸ਼ ਅਮਾਨ ਸਵੱਛਤਾ ਮਨਾਇਆ ਜਾ ਰਿਹਾ ਹੈਮਦਨ ਲਾਲ ਸੈਂਨਟਰੀ ਇੰਸਪੈਕਟਰ ਅਤੇ ਐਡਵੋਕੇਟ ਮਨਦੀਪ ਸਿੰਘ ਸੀ.ਐਫ ਅਤੇ ਸਮੂਹ ਨਗਰ ਕੌਂਸਲ ਦੀ ਟੀਮ ਵੱਲੋਂ ਅੱਜ ਸ਼ਹਿਰ ਦੇ ਪ੍ਰਵੇਸ਼ ਦੁਆਰ ਮਾਤਾ ਨਾਨਕੀ ਚੈਰੀਟੇਬਲ ਹਸਪਤਾਲ ਅਤੇ ਦੂਜਾ ਨਿਕਾਸੀ ਦੁਆਰ ਅਗੰਮਪੁਰ ਚੌਕ ਵਿਖੇ ਗਿੱਲੇ ਸੁੱਕੇ ਕੂੜੇ ਨੂੰ ਅਲੱਗ ਅਲੱਗ ਚੁਣਨਾ ਤੇ ਪ੍ਰੋਸੈਸਿੰਗ ਕਰਨ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਲਗਾਤਾਰ ਲੋਕਾਂ ਨੂੰ ਗਿੱਲੇ ਅਤੇ ਸੁੱਕੇ ਕੂੜੇ ਅਤੇ ਸਿੰਗਲ ਯੂਜ ਪਲਾਸਟਿਕ ਦੇ ਨਾ ਵਰਤੋ ਕਰਨ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਦੇ ਲੋਕਾਂ ਨੂੰ ਇਹ ਅਪੀਲ ਕੀਤੀ ਗਈ ਕਿ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ।

ਇਸ ਮੌਕੇ ਪਰਮਜੀਤ ਝੱਜ, ਰਜਿੰਦਰ ਮਲਿਕ, ਓਮ ਪ੍ਰਕਾਸ਼ ,ਲੋਕੇਸ਼ ਕੁਮਾਰ, ਸੰਦੀਪ ਕੁਮਾਰ ਸਮੀਰ, ਲੱਕੀ ਸਤੀਸ਼ ਬਬਲੂ, ਸਾਗਰ, ਵਿਜੇ ਸਰਾਂ, ਸੰਜੂ ,ਰੋਹਿਤ ਹਾਜ਼ਰ ਸਨ।

# ਵਿਧਾਇਕ ਫਾਜ਼ਿਲਕਾ ਵੱਲੋਂ ਸਵੱਛਤਾ ਦੀ ਲਹਿਰ ਸਫਾਈ ਪੰਦਰਵਾੜੇ ਦੀ ਸ਼ੁਰੂਆਤ, 7 ਨਵੰਬਰ ਤੱਕ ਚਲਾਇਆ ਜਾਵੇਗਾ ਅਭਿਆਨ




ਫਾਜ਼ਿਲਕਾ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਪਣੇ ਆਲੇ-ਦੁਆਲੇ ਨੂੰ ਸਾਫ-ਸੁਥਰਾ ਤੇ ਗੰਦਗੀ ਮੁਕਤ ਬਣਾਉਣਾ ਹਰ ਇਕ ਦੀ ਨੈਤਿਕ ਤੇ ਮੁੱਢਲੀ ਜਿੰਮੇਵਾਰੀ ਹੈ ਜਿਸ ਤਹਿਤ ਲਗਾਤਾਰ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਕੌਂਸਲ ਵਿਭਾਗ ਗਤੀਵਿਧੀਆਂ ਉਲੀਕ ਰਿਹਾ ਹੈ। ਇਸੇ ਕੜੀ ਤਹਿਤ ਸਵੱਛਤਾ ਦੀ ਲਹਿਰ ਸਫਾਈ ਪੰਦਰਵਾੜੇ ਦੀ ਸ਼ੁਰੂਆਤ ਹਲਕਾ ਫਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਵੱਲੋਂ ਸ਼ਹਿਰ ਦੇ ਐਂਟਰੀ ਪੁਆਇੰਟਾਂ ਦੀ ਸਫਾਈ ਕਰਵਾ ਕੇ ਕੀਤੀ ਗਈ।

ਫਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਆਲੇ-ਦੁਆਲੇ ਦੀ ਸਫਾਈ ਰੱਖਣ ਨਾਲ ਜਿਥੇ ਉਥੋਂ ਦਾ ਇਲਾਕਾ ਗੰਦਗੀ ਮੁਕਤ ਬਣੇਗਾ ਇਸ ਦੇ ਨਾਲ-ਨਾਲ ਬਿਮਾਰੀਆਂ ਦੀ ਪੈਦਾਵਾਰ ਨਹੀਂ ਹੋਵੇਗੀ। ਤੇ ਅਸੀਂ ਤੰਦਰੁਸਤ ਰਹਾਂਗੇ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ *ਤੇ ਗਤੀਵਿਧੀਆਂ ਉਲੀਕੀਆਂ ਜਾਂਦੀਆਂ ਰਹਿੰਦੀਆਂ ਹਨ ਜਿਸ ਨਾਲ ਸਾਰਿਆਂ ਅੰਦਰ ਸਫਾਈ ਪੱਖੋਂ ਜਾਗਰੂਕਤਾ ਪੈਦਾ ਹੁੰਦੀ ਹੈ।

ਸ੍ਰੀ ਸਵਨਾ ਨੇ ਲੋਕਾਂ ਨੂੰ ਅਪੀਲ ਤੇ ਜਾਗਰੂਕ ਕਰਦਿਆਂ ਕਿਹਾ ਕਿ ਸਾਫ-ਸਫਾਈ ਦੀ ਗਤੀਵਿਧੀ ਪੰਦਰਵਾੜੇ ਤੱਕ ਸੀਮਿਤ ਹੋ ਕੇ ਨਹੀਂ ਰਹਿਣੀ ਚਾਹੀਦੀ ਸਗੋਂ ਰੋਜਾਨਾ ਪੱਧਰ *ਤੇ ਆਪਣੀ ਜਿੰਮੇਵਾਰੀ ਸਮਝਦਿਆਂ ਘਰਾਂ ਅੰਦਰ ਡਸਟਬਿਨਾ ਵਿਚ ਕੂੜਾ ਰਖਿਆ ਜਾਵੇ, ਅਜਾਂਈ ਸੜਕਾਂ *ਤੇ ਨਾ ਸੁਟਿਆ ਜਾਵੇ। ਉਨ੍ਹਾਂ ਕਿਹਾ ਕਿ ਘਰਾਂ ਵਿਚ ਕੂੜਾ ਵੱਖਰਾ-ਵੱਖਰਾ ਰਖਿਆ ਜਾਵੇ ਤੇ ਵੱਖਰਾ-ਵੱਖਰਾ ਹੀ ਜਮ੍ਹਾਂ ਕਰਵਾਇਆ ਜਾਵੇ।

ਇਸ ਮੌਕੇ ਨਗਰ ਕੌਂਸਲ ਦੇ ਸੁਪਰਡੰਟ ਨਰੇਸ਼ ਖੇੜਾ ਨੇ ਦੱਸਿਆ ਕਿ ਸਰਕਾਰ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਵਿਭਾਗ ਵੱਲੋਂ 15 ਦਿਨ ਦੀ ਡਰਾਈਵ 24 ਅਕਤੂਬਰ ਤੋਂ 7 ਨਵੰਬਰ 2024 ਤੱਕ ਚਲਾਈ ਜਾਵੇਗੀ ਜਿਸ ਵਿੱਚ ਵੱਖ-ਵੱਖ ਗਤੀਵਿਧੀਆਂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪਹਿਲੇ ਦਿਨ ਸ਼ਹਿਰ ਦੇ ਐਂਟਰੀ ਪੁਆਇੰਟਾਂ *ਤੇ ਸਫਾਈ ਦੀ ਗਤੀਵਿਧੀ ਕਰਵਾਈ ਗਈ।

ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸ਼ਹਿਰ ਵਿਖੇ ਸਾਫ-ਸਫਾਈ ਦੀ ਵਿਵਸਥਾ ਨੂੰ ਸੁਚਜਾ ਬਣਾਉਣ ਲਈ ਨਗਰ ਕੌਂਸਲ ਦਾ ਸਹਿਯੋਗ ਦਿਤਾ ਜਾਵੇ ਅਤੇ ਜਿਥੇ ਪੁਆਇੰਟਾ *ਤੇ ਸਫਾਈ ਹੋ ਚੁੱਕੀ ਹੈ ਉਥੇ ਵਿਸ਼ੇਸ਼ ਤੌਰ *ਤੇ ਕੂੜਾ ਨਾ ਸੁਟਿਆ ਜਾਵੇ।

ਇਸ ਮੌਕੇ ਪਵਣ ਕੁਮਾਰ ਸੀ ਐਫ, ਸਾਹਿਲ, ਬਗੀਚ, ਰਾਜਕੁਮਾਰੀ ,ਸੰਤੋਸ਼ ,ਬੇਬੀ ਮੋਟੀਵੇਟਰ ਅਤੇ ਦਵਿੰਦਰ ਕੁਮਾਰ ਰਾਹੁਲ ਕੁਮਾਰ ਸੁਪਰਵਾਈਜ਼ਰ, ਸੁਨੀਲ ਮੈਨੀ,ਵਿਜੇ ਨਾਗਪਾਲ, ਬੌਬੀ ਸੇਤੀਆ, ਸ਼ਾਮ ਲਾਲ ਗਾਂਧੀ, ਸੰਦੀਪ ਚਲਾਨਾ, ਬੰਸੀ ਸਾਮਾ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਪੰਜਾਬ ਪੁਲਿਸ ਦੇ ਬਹਾਦਰ ਜਵਾਨਾਂ ਨੇ ਹਮੇਸ਼ਾਂ ਵੱਡੀਆਂ ਕੁਰਬਾਨੀਆਂ ਦੇ ਕੇ ਸ਼ਾਨਾਮੱਤਾ ਇਤਿਹਾਸ ਸਿਰਜਿਆ: ਐੱਸ.ਐੱਸ.ਪੀ

ਬਟਾਲਾ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਪੁਲਿਸ ਦੇ ਬਹਾਦਰ ਜਵਾਨਾਂ ਨੇ ਹਮੇਸ਼ਾਂ ਹੀ ਸੂਬੇ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਦਿਆਂ ਵੱਡੀਆਂ ਕੁਰਬਾਨੀਆਂ ਦੇ ਕੇ ਸ਼ਾਨਾਮੱਤਾ ਇਤਿਹਾਸ ਸਿਰਜਿਆ ਹੈ।

ਇਹ ਪ੍ਰਗਟਾਵਾ ਐੱਸ.ਐੱਸ.ਪੀ.ਬਟਾਲਾ, ਸੁਹੇਲ ਕਾਸਿਮ ਮੀਰ ਨੇ ਅੱਜ ਸਥਾਨਕ ਪੁਲਸ ਲਾਈਨ ਵਿਖੇ ਪੁਲਿਸ ਸ਼ਹੀਦੀ ਦਿਵਸ ਮੌਕੇ, ਸ਼ਹੀਦ ਹੋਏ ਪੰਜਾਬ ਪੁਲਸ ਤੇ ਹੋਰ ਸੁਰੱਖਿਆ ਬਲਾਂ ਦੇ ਜਵਾਨਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇ?ਟ ਕਰਦਿਆਂ ਆਪਣੇ ਸੰਬੋਧਨ ਦੌਰਾਨ ਕੀਤਾ। ਇਸ ਮੌਕੇ ਹਰਪ੍ਰੀਤ ਸਿੰਘ, ਐਡੀਸ਼ਨਲ ਸ਼ੈਸ਼ਨ ਜੱਜ, ਬਟਾਲਾ, ਵਿਕਰਮਜੀਤ ਸਿੰਘ, ਐਸਡੀਐਮ, ਬਟਾਲਾ, ਸ੍ਰੀਮਤੀ ਜਸਵੰਤ ਕੋਰ, ਐਸ ਪੀ (ਐੱਚ), ਸਮੂਹ ਡੀ ਐਸ ਪੀਜ਼, ਸਮੂਹ ਐਸ ਐਚ ਉਜ ਅਤੇ ਸ਼ਹੀਦ ਜਵਾਨਾਂ ਦੇ ਪਰਿਵਾਰਕ ਮੈਂਬਰ ਅਤੇ ਸਾਬਕਾ ਪੁਲਿਸ ਅਧਿਕਾਰੀ ਮੌਜੂਦ ਸਨ।

ਐੱਸ.ਐੱਸ.ਪੀ, ਸੁਹੇਲ ਕਾਸਿਮ ਮੀਰ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਨ ਕਰਦਿਆਂ ਕਿਹਾ ਕਿ ਸ਼ਹੀਦ ਦੇਸ਼ ਤੇ ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਪੂਰਾ ਦੇਸ਼ ਹਮੇਸ਼ਾਂ ਆਪਣੇ ਸ਼ਹੀਦਾਂ ਦਾ ਰਿਣੀ ਰਹੇਗਾ।

ਉਨਾਂ ਦੱਸਿਆ ਕਿ ਪੰਜਾਬ ਪੁਲਿਸ ਨੇ ਅੱਤਵਾਦ ਨੂੰ ਖਤਮ ਕਰਨ ਲਈ ਬੜੀ ਬਹਾਦਰੀ ਨਾਲ ਲੜਾਈ ਲੜੀ ਹੈ ਅਤੇ ਪੰਜਾਬ ਪੁਲਿਸ ਦੇ ਵੱਡੇ ਅਧਿਕਾਰੀ ਤੋਂ ਲੈ ਕੇ ਸਿਪਾਹੀ ਤੱਕ ਨੇ ਸ਼ਹਾਦਤ ਦਾ ਜਾਮ ਪੀਤਾ ਹੈ।

ਐਸ ਐਸ ਪੀ ਬਟਾਲਾ ਨੇ ਅੱਗੇ ਕਿਹਾ ਸ਼ਹੀਦਾਂ ਦੇ ਪਰਿਵਾਰ ਸਾਡੇ ਆਪਣੇ ਪਰਿਵਾਰ ਹਨ ਅਤੇ ਪੁਲਿਸ ਵਿਭਾਗ ਸ਼ਹੀਦ ਪਰਿਵਾਰਾਂ ਦੇ ਹਰ ਦੁੱਖ-ਸੁੱਖ ਦੀ ਘੜੀ ਵਿੱਚ ਉਨਾਂ ਦੇ ਨਾਲ ਖੜਾ ਹੈ।

ਐਸ ਐਸ ਪੀ ਬਟਾਲਾ ਨੇ ਅੱਜ ਦੇ ਦਿਨ 21 ਅਕਤੂਬਰ ਦੇ ਇਤਿਹਾਸ ਦਾ ਜਿਕਰ ਕਰਦਿਆਂ ਦੱਸਿਆ ਕਿ 1959 ਨੂੰ ਲੱਦਾਖ ਦੇ ਹੌਟ ਸਪਰਿੰਗਜ਼ ਵਿਖੇ ਚੀਨ ਦੇ ਬਾਰਡਰ 'ਤੇ ਪੈਟਰੋਲਿੰਗ ਕਰ ਰਹੀ ਸੀ.ਆਰ.ਪੀ.ਐੱਫ ਦੀ ਟੁੱਕੜੀ 'ਤੇ ਚੀਨੀ ਫੌਜੀਆਂ ਨੇ ਘਾਤ ਲਗਾ ਕੇ ਹਮਲਾ ਕੀਤਾ ਸੀ, ਜਿਸਦਾ ਸਾਡੇ ਦੇਸ਼ ਦੇ ਜਵਾਨਾਂ ਨੇ ਬੜੀ ਦਲੇਰੀ ਤੇ ਬਹਾਦਰੀ ਨਾਲ ਮੁਕਾਬਲਾ ਕੀਤਾ ਅਤੇ ਦੇਸ਼ ਦੀ ਰਾਖੀ ਲਈ ਇਹ ਜਵਾਨ ਸ਼ਹਾਦਤ ਪ੍ਰਾਪਤ ਕਰ ਗਏ ਸਨ। ਉਨਾਂ ਸ਼ਹੀਦਾਂ ਦੀ ਯਾਦ ਵਿਚ ਸਾਲ 1960 ਤੋਂ ਦੇਸ਼ ਦੀਆਂ ਸਾਰੀਆਂ ਪੁਲਿਸ ਫੋਰਸਿਜ਼, ਸੁਰੱਖਿਆ ਬਲਾਂ ਵਲੋਂ ਲਏ ਗਏ ਫੈਸਲੇ ਮੁਤਾਬਕ ਹਰ ਸਾਲ 21 ਅਕਤੂਬਰ ਦਾ ਦਿਨ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਜਾਨਾਂ ਵਾਰਨ ਵਾਲੇ ਬਹਾਦਰ ਜਵਾਨਾਂ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਤੇਜਿੰਦਰਪਾਲ ਸਿੰਘ, ਡੀ.ਐੱਸ.ਪੀ. (ਐੱਚ)ਦੀ ਕਮਾਂਡ ਹੇਠ ਪੁਲਿਸ ਦੇ ਜਵਾਨਾਂ ਨੇ ਸ਼ੋਕ ਸਲਾਮੀ ਦੌਰਾਨ ਹਥਿਆਰ ਉਲਟੇ ਕਰਕੇ ਸ਼ਹੀਦ ਅਫਸਰਾਂ ਤੇ ਜਵਾਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਦੋ ਮਿੰਟ ਦਾ ਮੌਨ ਧਾਰਨ ਕੀਤਾ।

ਇਸ ਮੌਕੇ ਸ੍ਰੀ ਰਿਪੁਤਮਨ ਸਿੰਘ, ਡੀ ਐਸ ਪੀ (ਡੀ) ਵਲੋਂ ਪਿਛਲੇ ਇੱਕ ਸਾਲ ਦੌਰਾਨ ਦੇਸ਼ ਭਰ ਵਿੱਚ ਸ਼ਹੀਦ ਹੋਏ ਸੁਰੱਖਿਆ ਜਵਾਨਾਂ ਦੇ ਨਾਮ ਪੜ੍ਹ ਕੇ ਉਨਾਂ ਨੂੰ ਸ਼ਰਧਾਂਜਲੀ ਦਿੱਤੀ।

ਉਪਰੰਤ ਐਸ ਐਸ ਪੀ ਬਟਾਲਾ ਵਲੋਂ ਸ਼ਹੀਦਾਂ ਜਵਾਨਾਂ ਦੇ ਪਰਿਵਾਰਕ ਮੈਂਬਰਾਂ ਦੀਆਂ ਦੁੱਖ ਤਕਲੀਫ਼ਾਂ ਵੀ ਸੁਣੀਆਂ ਤੇ ਕਿਹਾ ਕਿ ਪੁਲਿਸ ਵਿਭਾਗ, ਸ਼ਹੀਦ ਪਰਿਵਾਰ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਵਚਨਬੱਧ ਹੈ।

# ਸ੍ਰੀ ਅਨੰਦਪੁਰ ਸਾਹਿਬ ਦੀ ਮਾਰਸ਼ਲ ਅਕੈਡਮੀ ਵਿਖੇ ਚੱਲ ਰਹੇ ਜ਼ਿਲ ?ਾ ਪੱਧਰੀ ਪ੍ਰਾਈਮਰੀ ਸਕੂਲ ਖੇਡਾਂ ਦੇ ਦੂਜੇ ਦਿਨ ਹੋਏ ਫਸਵੇਂ ਮੁਕਾਬਲੇ

ਸ੍ਰੀ ਆਨੰਦਪੁਰ ਸਾਹਿਬ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਿੱਥੋਂ ਦੀ ਸ੍ਰੀ ਦਸ਼ਮੇਸ਼ ਮਾਰਸ਼ਲ ਆਰਟ ਅਤੇ ਖੇਡ ਅਕੈਡਮੀ ਵਿਖੇ ਚੱਲ ਰਹੇ ਜ਼ਿਲ ?ਾ ਪੱਧਰੀ ਖੇਡ ਮੁਕਾਬਲਿਆਂ ਦੇ ਦੂਜੇ ਦਿਨ ਫਸਵੇਂ ਮੁਕਾਬਲੇ ਹੋਏ। ਜਿਨਾਂ ਵਿੱਚ ਖਿਡਾਰੀਆਂ ਨੂੰ ਅਸ਼ੀਰਵਾਦ ਦੇਣ ਲਈ ਮਾਰਕੀਟ ਕਮੇਟੀ ਸ਼੍ਰੀ ਅਨੰਦਪੁਰ ਸਾਹਿਬ ਦੇ ਚੇਅਰਮੈਨ ਕਮਿੱਕਰ ਸਿੰਘ ਢਾਡੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਉਹਨਾਂ ਕਿਹਾ ਕਿ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਸੁਪਨਾ ਹੈ ਕਿ ਸਰਕਾਰੀ ਸਕੂਲਾਂ ਨੂੰ ਵਧੀਆ ਮਾਹੌਲ ਪ੍ਰਦਾਨ ਕੀਤਾ ਜਾਵੇ। ਜਿਸ ਲੜੀ ਤਹਿਤ ਸਕੂਲਾਂ ਵਿੱਚ ਵਧੀਆ ਵਿੱਦਿਅਕ ਢਾਂਚਾ ਵਿਕਸਿਤ ਕੀਤਾ ਜਾ ਰਿਹਾ ਹੈ।

ਸਾਰੇ ਸਕੂਲ ਅਤੀ ਆਧੁਨਿਕ ਸਹੂਲਤਾਂ ਨਾਲ ਭਰਪੂਰ ਹੋ ਰਹੇ ਹਨ। ਉਹਨਾਂ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਦੇ ਵਧੀਆ ਭਵਿੱਖ ਲਈ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਓ। ਉਹਨਾਂ ਖਿਡਾਰੀਆਂ ਨੂੰ ਅਸ਼ੀਰਵਾਦ ਦਿੰਦੇ ਹੋਏ ਕਿਹਾ ਕਿ ਬਹੁਤ ਹੀ ਮਾਣ ਦੀ ਗੱਲ ਹੈ ਕਿ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਵਰਸੋਈ ਅਤੇ ਦਸ਼ਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਇਸ ਧਰਤੀ ਨੂੰ ਜਿਲਾ ਪੱਧਰੀ ਖੇਡਾਂ ਕਰਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਹਨਾਂ ਕਿਹਾ ਕਿ ਵਿਦਿਆਰਥੀ ਦੇ ਜੀਵਨ ਵਿੱਚ ਖੇਡਾਂ ਦਾ ਬਹੁਤ ਵੱਡਾ ਰੋਲ ਹੁੰਦਾ ਹੈ ਹੈ। ਜੋ ਕਿ ਵਿਦਿਆਰਥੀਆਂ ਨੂੰ ਅਨੁਸ਼ਾਸਨ ਭਾਵਨਾ ਅਤੇ ਸਖਤ ਮਿਹਨਤ ਕਰਨ ਦੀ ਪ੍ਰੇਰਨਾ ਦਿੰਦੀਆਂ ਹਨ। ਇਸ ਤੋਂ ਬਾਅਦ ਉਹਨਾਂ ਖਿਡਾਰੀਆਂ ਨਾਲ ਜਾਣ ਪਹਿਚਾਣ ਵੀ ਕੀਤੀ।ਮੰਚ ਸੰਚਾਲਨ ਦੀ ਸੇਵਾ ਸੀ ਐਚ ਟੀ ਮਨਜੀਤ ਸਿੰਘ ਮਾਵੀ ਨੇ ਕੀਤੀ। ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਜਸਵੀਰ ਸਿੰਘ ਨੇ ਨਤੀਜੇ ਜਾਰੀ ਕਰਦੇ ਹੋਏ ਦੱਸਿਆ ਕਿ ਸ਼ਤਰੰਜ ਲੜਕੇ ਵਿੱਚ ਮੋਰਿੰਡਾ ਬਲਾਕ ਨੇ ਪਹਿਲਾਂ ਅਤੇ ਸ਼੍ਰੀ ਅਨੰਦਪੁਰ ਸਾਹਿਬ ਨੇ ਦੂਜਾ, ਹਾਕੀ ਲੜਕਿਆਂ ਅਤੇ ਕੁੜੀਆਂ ਵਿੱਚ ਸ਼੍ਰੀ ਅਨੰਦਪੁਰ ਸਾਹਿਬ ਨੇ ਪਹਿਲਾਂ ਅਤੇ ਸਲੋਰਾ ਨੇ ਦੂਜਾ ਸਥਾਨ ਹਾਸਿਲ ਕੀਤਾ । ਰਿਦਮਿਕ ਜਿਮਨਾਸਟਿਕ ਲੜਕੀਆਂ ਵਿੱਚ ਨੰਗਲ ਨੇ ਪਹਿਲਾ ਅਤੇ ਝੱਜ ਨੇ ਦੂਜਾ ਸਥਾਨ ਹਾਸਿਲ ਕੀਤਾ। ਇਸ ਮੌਕੇ ਠੇਕੇਦਾਰ ਜਗਜੀਤ ਸਿੰਘ ਜੱਗੀ, ਵਪਾਰ ਮੰਡਲ ਦੇ ਪ੍ਰਧਾਨ ਦੀਪਕ ਆਂਗਰਾ, ਸ਼ਮੀ ਬਰਾਰੀ, ਰਵੀ ਹੰਸ ਗੁਰਸੇਵਕ ਸਿੰਘ ਰਾਣਾ, ਸੋਨੂ ਚੌਧਰੀ, ਤੋਂ ਇਲਾਵਾ ਮਨਿੰਦਰ ਸਿੰਘ ਰਾਣਾ, ਕੁਲਦੀਪ ਸਿੰਘ ਪਰਮਾਰ, ਛਿੰਦਾ ਭਟਨਾਗਰ, ਬਲਵਿੰਦਰ ਸਿੰਘ ਲੋਦੀਪੁਰ, ਗੁਰਿੰਦਰ ਪਾਲ ਸਿੰਘ ਖੇੜੀ, ਰਕੇਸ਼ ਕੁਮਾਰ ਰਣਵੀਰ ਸਿੰਘ ਗੱਜਪੁਰ ਮਦਨ ਲਾਲ,ਰਾਜ ਕੁਮਾਰ, ਨੀਲਮ ਰਾਣੀ, ਸੋਨੀਆ ਸ਼ਰਮਾ ,ਗੁਰਜੀਤ ਕੌਰ, ਫਲੇਸ਼ਵਰ ਕੁਮਾਰ ,ਗੁਰਚਰਨ ਸਿੰਘ ਫਾਂਟਵਾਂ ,ਪਵਨ ਕੁਮਾਰ, ਨਰਿੰਦਰ ਨਿੰਦੀ, ਹਰਪ੍ਰੀਤ ਕੌਰ, ਸੰਜੀਤ ਕੌਰ, ਕਮਲਜੀਤ ਕੌਰ ,ਸੁਮਨ ਲਤਾ, ਬਲਜਿੰਦਰ ਸਿੰਘ ਢਿੱਲੋਂ, ਜਸਵੀਰ ਸਿੰਘ ਮਾਨ ,ਕਮਿੰਦਰ ਸਿੰਘ, ਛਿੰਦਾ ਜਿੰਦਬੜੀ ,ਸਰਬਜੀਤ ਸਿੰਘ ਹਵੇਲੀ, ਨੀਰਜ ਸ਼ਰਮਾ ਮਨਜੋਤ ਸਿੰਘ, ਮਲਕੀਤ ਸਿੰਘ ਭੱਠਲ, ਤਨੂ ਸ਼ਰਮਾ,ਵਿਕਾਸ ਸੋਨੀ ,ਬਿਕਰਮ ਸ਼ਰਮਾ, ਵਰੁਣ ਕੁਮਾਰ, ਰਜਨੀ ਬਾਲਾ ਨਰੇਸ਼ ਭਾਰਦਵਾਜ ,ਮੋਹਣ ਲਾਲ , ਹਰਜਿੰਦਰ ਸਿੰਘ ,ਜੱਸੀ ਸਿੱਧੂ, ਗੁਰਚਰਨ ਸਿੰਘ ਆਲੋਵਾਲ, ਇੰਦਰਪਾਲ ਸਿੰਘ ਸੈਣੀ ਇੰਦਰਦੀਪ ਸਿੰਘ, ਚਰਨਜੀਤ ਸਿੰਘ ਬੰਗਾ, ਲੱਕੀ ਕੋਟੜਾ ਹਰਜੀਤ ਸਿੰਘ ਸੈਣੀ ,ਮਨਜੀਤ ਸਿੰਘ ,ਲਖਵਿੰਦਰ ਸਿੰਘ ਸੈਣੀ ਮਾਜਰਾ, ਅਮਰਜੀਤ ਸਿੰਘ ਸੈਣੀ ਮਾਜਰਾ, ਰਕੇਸ਼ ਭੰਡਾਰੀ, ਜਸਵੀਰ ਸਿੰਘ ਡੂਮੇਵਾਲ,, ਬਲਜਿੰਦਰ ਸਿੰਘ ਸੁਖਬੀਰ ਸਿੰਘ ਕੋਚ, ਜਗਮੋਹਣ ਸਿੰਘ,ਅਵਨੀਤ ਚੱਢਾ , ਹਰਪ੍ਰੀਤ ਸਿੰਘ ਪਰਮਜੀਤ ਕੁਮਾਰ, ਦਵਿੰਦਰ ਗਰਦਲੇ, ਅਮਨਪ੍ਰੀਤ ਕੌਰ, ਜਗਪਾਲ ਸਿੰਘ ,ਸੁਨੀਤਾ ਧਿਮਾਨ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਅਤੇ ਵੱਖ ਵੱਖ ਬਲਾਕਾਂ ਤੋਂ ਆਏ ਵਿਦਿਆਰਥੀ ਹਾਜ਼ਰ ਸਨ॥

# ਮੀਜਲਸ/ਰੂਬੈਲਾ ਅਤੇ ਰੂਟੀਨ ਇੰਮੂਨਾਈਜੇਸ਼ਨ ਸਬੰਧੀ ਜਿਲ੍ਹਾ ਟਾਸਕ ਫੋਰਸ ਦੀ ਹੋਈ ਮੀਟਿੰਗ

ਤਰਨ ਤਾਰਨ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜਿਲ੍ਹਾ ਪ੍ਰਸ਼ਾਸ਼ਨ ਤਰਨ ਤਾਰਨ ਵੱਲੋ ਮਾਨਯੋਗ ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਜੀ ਦੀ ਅਗਵਾਈ ਹੇਠ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਵੱਲੋ ਜ਼ਿਲ੍ਹਾ ਪ੍ਰਬੰਧਕੀ ਕੰਪੈਲਕਸ ਮੀਟਿੰਗ ਹਾਲ ਤਰਨ ਤਾਰਨ ਵਿਖੇ ਰੁਟੀਨ ਇੰਮੂਨਾਈਜੇਸ਼ਨ ਅਤੇ ਮੀਜਲਸ ਰੂਬੇਲਾ ਦਾ ਖਾਤਮਾ ਮੁਹਿੰਮ ਸਬੰਧੀ ਜਿਲ੍ਹਾ ਟਾਸਕ ਫੋਰਸ ਦੀ ਮੀਟਿੰਗ ਆਯੋਜਤ ਕੀਤੀ ਗਈ ।

ਇਸ ਮੀਟਿੰਗ ਵਿੱਚ ਜਿਲ੍ਹਾ ਟੀਕਾਕਰਨ ਅਫਸਰ ਡਾ. ਵਰਿੰਦਰਪਾਲ ਕੌਰ , ਡਬਲਯੂ ਐਚ.ਓ. ਵੱਲੋ ਡਾ. ਇਸ਼ਤਾ ਸਮੂਹ ਸਿਹਤ ਅਧੀਕਾਰੀਆਂ ਸਮੂਹ ਸੀਨੀਅਰ ਮੈਡੀਕਲ ਅਫਸਰ ਅਤੇ ਲਗਭਗ ਸਾਰੇ ਵਿਭਾਗਾਂ ਦੇ ਨੁਮਾਇੰਦੇ ਸ਼ਾਮਿਲ ਹੋਏ ਇਸ ਮੋਕੇ ਤੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆਂ ਕਿ ਰੂਟੀਨ ਇੰਮੂਨਾਈਜੇਸ਼ਨ 12 ਕਿਸਮ ਦੀਆ ਮਾਰੂ ਬੀਮਾਰੀਆਂ ਤੇ ਅਸੀ ਆਪਣੇ ਬੱਚਿਆਂ ਨੂੰ ਸੁਰੱਖਿਅਤ ਰੱਖ ਸਕਦੇ ਹਾਂ ।

ਇਸ ਤੋ ਇਲਾਵਾ ਮੀਜਲ ਅਤੇ ਰੂਬੈਲਾ ਦੇ ਅਜਿਹਿਆ ਬੀਮਾਰੀਆਂ ਹਨ ਜਿਨਾਂ ਕਰਕੇ ਭਾਰਤ ਵਿੱਚ ਬਹੁਤ ਸਾਰੇ ਬੱਚੇ ਹਰ ਸਾਲ ਬੀਮਾਰੀਆਂ ਦਾ ਸਿ?ਕਾਰ ਹੋ ਜਾਦੇ ਹਨ । ਉਨਾਂ ਨੇ ਆਮ ਲੋਕਾ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਇਹ ਟੀਕੇ ਜਰੂਰ ਲਗਵਾਉਣ ।ਉਨਾ ਕਿਹਾ ਕਿ ਰੂਬੇਲਾ ਬੀਮਾਰੀ ਜੇਕਰ ਇੱਕ ਗਰਭਵਤੀ ਨੂੰ ਹੋ ਜਾਵੇ ਤਾ ਉਸਦਾ ਬੱਚਾ ਜਮਾਦਰੂ ਅਪੰਗ ਜਿਵੇ ਕਿ ਅੰਨਾ , ਬੋਲਾ ਤੇ ਦਿਲ ਦੀਆ ਬੀਮਾਰੀਆ ਦਾ ਸਿ?ਕਾਰ ਹੋ ਸਕਦਾ ਹੈ ।

ਇਹ ਟੀਕਾ ਪੂਰੀ ਤਰ੍ਹਾਂ ਸੁਰੱਖਿਅਤ ਹੈ ਉਹਨਾ ਨੇ ਸਾਰੇ ਵਿਭਾਗਾ ਨੂੰ ਅਪੀਲ ਕੀਤੀ ਕਿ ਉਹ ਸਾਰੇ ਮਿਲ ਕੇ ਸਿਹਤ ਵਿਭਾਗ ਦੇ ਇਸ ਮਿਸ਼ਨ ਵਿੱਚ ਸਿਹਤ ਅਧੀਕਾਰੀਆਂ ਸਮੂਹ ਸੀਨੀਅਰ ਮੈਡੀਕਲ ਅਫਸਰ ਅਤੇ ਲਗਭਗ ਸਾਰੇ ਵਿਭਾਗਾਂ ਦੇ ਨੁਮਾਇੰਦੇ ਸ਼ਾਮਿਲ ਹੋਏ ਇਸ ਮੋਕੇ ਤੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਆਪਣਾ ਸਹਿਯੋਗ ਦੇਣ ।

# ਐਡਵੋਕੇਟ ਧਾਮੀ ਲਗਾਤਾਰ ਚੌਥੀ ਵਾਰ ਬਣੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਸ਼ੇਰ ਸਿੰਘ ਮੰਡ ਜਨਰਲ ਸਕੱਤਰ ਬਣੇ

## ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ 107 ਅਤੇ ਬੀਬੀ ਜਗੀਰ ਕੌਰ ਨੂੰ 33 ਵੋਟਾਂ ਪਈਆਂ

**ਅੰਮ੍ਰਿਤਸਰ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਈ ਸਲਾਨਾ ਚੋਣ ਵਿੱਚ ਸੋਮਵਾਰ ਨੂੰ ਇਥੇ ਸ਼੍ਰੋਮਣੀ ਅਕਾਲੀ ਦਲ ਦੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਲਗਾਤਾਰ ਚੌਥੀ ਵਾਰ ਪ੍ਰਧਾਨ ਚੁਣੇ ਗਏ ਹਨ।

ਉਨ੍ਹਾਂ ਤੋਂ ਇਲਾਵਾ ਰਘੂਜੀਤ ਸਿੰਘ ਵਿਰਕ ਸੀਨੀਅਰ ਮੀਤ ਪ੍ਰਧਾਨ, ਬਲਦੇਵ ਸਿੰਘ ਕਲਿਆਣ ਜੂਨੀਅਰ ਮੀਤ ਪ੍ਰਧਾਨ ਅਤੇ ਸ਼ੇਰ ਸਿੰਘ ਮੰਡ ਨੂੰ ਜਨਰਲ ਸਕੱਤਰ ਚੁਣਿਆ ਗਿਆ ਹੈ।

ਸਲਾਨਾ ਜਨਰਲ ਇਜਲਾਸ ਦੌਰਾਨ ਕੁੱਲ 142 ਮੈਂਬਰਾਂ ਨੇ ਵੋਟ ਪਾਈ ਅਤੇ ਐਡਵੋਕੇਟ ਧਾਮੀ ਨੂੰ 107 ਵੋਟਾਂ ਹਾਸਲ ਹੋਈਆਂ। ਪ੍ਰਧਾਨ ਦੇ ਅਹੁਦੇ



ਵਾਸਤੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀ ਉਮੀਦਵਾਰ ਬੀਬੀ ਜਗੀਰ ਕੌਰ ਨੂੰ 33 ਵੋਟਾਂ ਹੀ ਮਿਲੀਆਂ ਜਦੋਂਕਿ 2 ਵੋਟਾਂ ਰੱਦ ਕਰ ਦਿੱਤੀਆਂ ਗਈਆਂ। ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਹੋਏ ਇਜਲਾਸ ਦੌਰਾਨ ਅਰਦਾਸ ਤੋਂ ਬਾਅਦ ਪ੍ਰਧਾਨ ਦੀ ਚੋਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ।

ਇਸ ਤੋਂ ਇਲਾਵਾ 11 ਮੈਂਬਰ ਅੰਤਰਿੰਗ ਕਮੇਟੀ ਵਾਸਤੇ ਚੁਣੇ ਗਏ ਹਨ। ਪ੍ਰਧਾਨ ਦੇ ਅਹੁਦੇ ਤੋਂ ਇਲਾਵਾ ਬਾਕੀ ਅਹੁਦਿਆਂ ਵਾਸਤੇ ਵਿਰੋਧੀ ਧਿਰ ਵੱਲੋਂ ਕੋਈ ਵੀ ਉਮੀਦਵਾਰ ਪੇਸ਼ ਨਹੀਂ ਕੀਤਾ ਗਿਆ, ਜਿਸ ਕਾਰਨ ਬਾਕੀ ਸਾਰੇ ਅਹੁਦੇਦਾਰ ਬਿਨਾਂ ਵਿਰੋਧ ਚੁਣੇ ਗਏ ਹਨ।

ਇਸ ਚੋਣ ਵਿੱਚ ਬੀਬੀ ਜਗੀਰ ਕੌਰ 74 ਵੋਟਾਂ ਨਾਲ ਹਾਰੇ ਹਨ। ਉਨ੍ਹਾਂ ਨੂੰ 2022 ਵਿੱਚ 42 ਵੋਟਾਂ ਮਿਲੀਆਂ ਸਨ, ਪਰ ਇਸ ਵਾਰ ਉਹ ਸਿਰਫ 33 ਵੋਟਾਂ ਹੀ ਹਾਸਲ ਕਰ ਸਕੇ।

# ਪ੍ਰਧਾਨ ਮੰਤਰੀ ਮੋਦੀ ਨੇ ਸਪੇਨ ਦੇ ਪ੍ਰਧਾਨ ਮੰਤਰੀ ਸਾਂਚੇਜ਼ ਦਾ ਲਕਸ਼ਮੀ ਵਿਲਾਸ ਪੈਲੇਸ 'ਚ ਕੀਤਾ ਸਵਾਗਤ

**ਵਡੋਦਰਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਾਟਾ-ਏਅਰਬੱਸ ਸੀ-295 ਏਅਰਕ੍ਰਾਫਟ ਪਲਾਂਟ ਦੇ ਉਦਘਾਟਨ ਤੋਂ ਬਾਅਦ ਸੋਮਵਾਰ ਨੂੰ ਵਡੋਦਰਾ ਦੇ ਮਸ਼ਹੂਰ ਲਕਸ਼ਮੀ ਵਿਲਾਸ ਪੈਲੇਸ ਦੇ ਦਰਬਾਰ ਹਾਲ ਵਿੱਚ ਸਪੇਨ ਦੇ ਰਾਸ਼ਟਰਪਤੀ ਪੇਡਰੋ ਸਾਂਚੇਜ਼ ਨਾਲ ਮੁਲਾਕਾਤ ਕੀਤੀ। ਪੇਡਰੋ ਸਾਂਚੇਜ਼ ਨਾਲ ਦੁਵੱਲੀ ਮੁਲਾਕਾਤ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਦਾ ਸਵਾਗਤ ਕੀਤਾ। ਸ੍ਰੀ ਮੋਦੀ ਨੇ ਸਾਂਚੇਜ਼ ਨੂੰ ਕਿਹਾ ਕਿ ਮੈਨੂੰ ਬਹੁਤ ਖੁਸ਼ੀ ਹੈ ਕਿ ਮੈਨੂੰ ਦੀਵਾਲੀ ਦੇ ਤਿਉਹਾਰ ਦੌਰਾਨ ਭਾਰਤ ਵਿੱਚ ਤੁਹਾਡਾ ਸੁਆਗਤ ਕਰਨ ਦਾ ਮੌਕਾ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਦੀਵਾਲੀ ਰੋਸ਼ਨੀ, ਉਤਸ਼ਾਹ,



ਆਨੰਦ, ਊਰਜਾ ਅਤੇ ਨਵੀਂ ਸ਼ੁਰੂਆਤ ਦਾ ਪ੍ਰਤੀਕ ਹੈ। ਇਸੇ ਤਰ੍ਹਾਂ ਤੁਹਾਡੀ ਫੇਰੀ ਨੇ ਸਾਡੇ ਸਬੰਧਾਂ ਵਿੱਚ ਨਵੀਂ ਊਰਜਾ ਅਤੇ ਉਤਸ਼ਾਹ ਭਰਿਆ ਹੈ।

ਇਸ ਤੋਂ ਪਹਿਲਾਂ ਵਡੋਦਰਾ ਵਿੱਚ ਟਾਟਾ-ਏਅਰਬੱਸ ਏਅਰਕ੍ਰਾਫਟ ਅਸੈਂਬਲੀ ਸਹੂਲਤ ਦੇ ਉਦਘਾਟਨ ਦੌਰਾਨ ਸਪੇਨ ਦੇ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਨੇ ਪ੍ਰਸਿੱਧ ਸਪੈਨਿਸ਼ ਗਿਟਾਰਿਸਟ ਪਾਕੋ ਡੇ ਦਾ ਜ਼ਿਕਰ ਕਰਦਿਆਂ ਭਾਰਤ ਅਤੇ ਸਪੇਨ ਦਰਮਿਆਨ ਸੱਭਿਆਚਾਰਕ ਅਤੇ ਉਦਯੋਗਿਕ ਸਬੰਧਾਂ ਬਾਰੇ ਭਾਸ਼ਨ ਦਿੱਤਾ ਕੀਤਾ। ਸਾਂਚੇਜ਼ ਨੇ ਕਿਹਾ, "1960 ਦੇ ਦਹਾਕੇ ਦੇ ਅਖੀਰ ਵਿੱਚ ਪ੍ਰਤਿਭਾਸ਼ਾਲੀ ਪਾਕੋ ਡੀ ਲੂਸੀਆ ਅਤੇ ਮਹਾਨ ਭਾਰਤੀ ਸੰਗੀਤਕਾਰ ਰਵੀ ਸ਼ੰਕਰ ਨੇ ਸੰਗੀਤ ਰਾਹੀਂ ਸਾਡੇ ਦੋਵਾਂ ਦੇਸ਼ਾਂ ਨੂੰ ਨੇੜੇ ਲਿਆਂਦਾ"। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਪੇਨ ਦੇ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਨੇ ਸੋਮਵਾਰ ਨੂੰ ਵਡੋਦਰਾ ਵਿੱਚ ਇੱਕ ਰੋਡ ਸ਼ੋਅ ਵਿੱਚ ਹਿੱਸਾ ਲਿਆ, ਉਹ ਟਾਟਾ ਐਡਵਾਂਸਡ ਸਿਸਟਮਜ਼ ਲਿਮਿਟਿਡ ਦੀ ਏਅਰਕ੍ਰਾਫਟ ਅਸੈਂਬਲੀ ਸਹੂਲਤ ਦਾ ਉਦਘਾਟਨ ਕਰਨ ਜਾ ਰਹੇ ਸਨ। ਇਸ ਦੌਰਾਨ ਆਗੂਆਂ ਦੇ ਸਵਾਗਤ ਲਈ ਸ਼ਹਿਰ ਨੂੰ ਲਾਈਟਾਂ ਨਾਲ ਸਜਾਇਆ ਗਿਆ। ਵਡੋਦਰਾ ਦੇ ਵਸਨੀਕਾਂ ਨੇ ਇਸ ਦੌਰੇ ਦਾ ਭਰਵਾਂ ਸਵਾਗਤ ਕਰਦਿਆਂ ਉਤਸ਼ਾਹ ਪ੍ਰਗਟ ਕੀਤਾ ਹੈ।

ਪ੍ਰਧਾਨ ਮੰਤਰੀ ਮੋਦੀ ਅਤੇ ਪ੍ਰਧਾਨ ਮੰਤਰੀ ਸਾਂਚੇਜ਼ ਅੱਜ ਵਡੋਦਰਾ ਵਿੱਚ ਟਾਟਾ-ਏਅਰਬੱਸ ਦੇ ਸੀ295 ਏਅਰਕ੍ਰਾਫਟ ਅਸੈਂਬਲੀ ਪਲਾਂਟ ਦਾ ਉਦਘਾਟਨ ਕਰਨਗੇ।

ਟਾਟਾ ਐਡਵਾਂਸਡ ਸਿਸਟਮਜ਼ ਲਿਮਿਟੇਡ ਅਤੇ ਏਅਰਬੱਸ ਸਪੇਨ ਵਿਚਕਾਰ ਇਹ ਸਹਿਯੋਗ ਫੌਜੀ ਜਹਾਜ਼ਾਂ ਲਈ ਭਾਰਤ ਦੀ ਪਹਿਲੀ ਨਿੱਜੀ ਖੇਤਰ ਦੀ ਫਾਈਨਲ ਅਸੈਂਬਲੀ ਲਾਈਨ (FAL) ਨੂੰ ਚਿੰਨ੍ਹਿਤ ਕਰੇਗਾ, ਜਿਸ ਨਾਲ ਦੇਸ਼ ਦੀ ਏਅਰੋਸਪੇਸ ਸਮਰੱਥਾਵਾਂ ਨੂੰ ਹੁਲਾਰਾ ਮਿਲੇਗਾ।

# ਜੰਮੂ-ਕਸ਼ਮੀਰ 'ਚ ਫ਼ੌਜੀ ਵਾਹਨ ਉਤੇ ਹਮਲੇ ਦੀ ਕੋਸ਼ਿਸ਼ ਕਰਨ ਵਾਲੇ ਤਿੰਨ ਦਹਿਸ਼ਤਗਰਦ ਹਲਾਕ

**ਜੰਮੂ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ-ਕਸ਼ਮੀਰ ਦੇ ਜੰਮੂ ਜ਼ਿਲ੍ਹੇ 'ਚ ਅਖ਼ਨੂਰ ਸੈਕਟਰ ਵਿਚ ਸੋਮਵਾਰ ਨੂੰ ਇਕ ਫ਼ੌਜੀ ਵਾਹਨ ਉਤੇ ਘਾਤ ਲਾ ਕੇ ਹਮਲਾ ਕਰਨ ਦੀ ਕੋਸ਼ਿਸ਼ ਵਿਚ ਸ਼ਾਮਲ ਤਿੰਨੋਂ ਦਹਿਸ਼ਤਗਰਦ ਸੁਰੱਖਿਆ ਦਸਤਿਆਂ ਨਾਲ ਹੋਏ ਮੁਕਾਬਲੇ ਵਿਚ ਮਾਰੇ ਗਏ ਹਨ। ਇਹ ਜਾਣਕਾਰੀ ਇਥੇ ਸਰਕਾਰੀ ਸੂਤਰਾਂ ਨੇ ਦਿੱਤੀ ਹੈ।

ਸੂਤਰਾਂ ਨੇ ਕਿਹਾ, "ਜੰਮੂ ਜ਼ਿਲ੍ਹੇ 'ਚ ਅਖ਼ਨੂਰ ਖੇਤਰ ਦੇ ਬੱਤਲ ਵਿਚ ਇਕ ਫ਼ੌਜੀ ਵਾਹਨ ਉਤੇ ਹਮਲਾ ਕਰਨ ਦੀ ਕੋਸ਼ਿਸ਼ ਕਰਨ ਵਾਲੇ ਸਾਰੇ ਤਿੰਨ ਦਹਿਸ਼ਤਗਰਦ ਮਾਰੇ ਗਏ ਹਨ। ਮਾਰੇ ਗਏ ਅਤਿਵਾਦੀਆਂ ਦੀਆਂ ਲਾਸ਼ਾਂ ਘਟਨਾ ਵਾਲੀ ਥਾਂ ਤੋਂ ਬਰਾਮਦ ਕੀਤੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦੀ ਸਹੀ ਸ਼ਨਾਖ਼ਤ ਦਾ ਪਤਾ ਲਾਸ਼ਾਂ ਮਿਲਣ ਤੋਂ ਬਾਅਦ ਹੀ ਲੱਗ ਸਕੇਗਾ।"

ਇਸ ਤੋਂ ਪਹਿਲਾਂ ਅੱਜ ਬੱਤਲ ਇਲਾਕੇ ਵਿਚ ਤਿੰਨ ਦਹਿਸ਼ਤਗਰਦਾਂ ਨੇ ਫ਼ੌਜ ਦੀ ਇਕ ਗੱਡੀ ਉਤੇ ਘਾਤ ਲਾ ਕੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਤੋਂ ਬਾਅਦ ਦੋਵੇਂ ਧਿਰਾਂ ਦਰਮਿਆਨ ਮੁਕਾਬਲਾ ਸ਼ੁਰੂ ਹੋ ਗਿਆ। ਫ਼ੌਜ ਅਤੇ ਪੁਲੀਸ ਸਣੇ ਸੁਰੱਖਿਆ ਦਸਤਿਆਂ ਨੇ ਫ਼ੌਰੀ ਇਲਾਕੇ ਨੂੰ ਚਾਰੇ ਪਾਸਿਉਂ ਘੇਰ ਲਿਆ। ਇਸ



ਜੰਮੂ ਜ਼ਿਲ੍ਹੇ 'ਚ ਅਖ਼ਨੂਰ ਖੇਤਰ ਵਿੱਚ ਦਹਿਸ਼ਤਗਰਦਾਂ ਖ਼ਿਲਾਫ਼ ਮੁਹਿੰਮ ਦੌਰਾਨ ਮੁਸਤੈਦੀ ਨਾਲ ਤਾਇਨਾਤ ਸੁਰੱਖਿਆ ਮੁਲਾਜ਼ਮ।

ਬਾਰੇ ਜਾਣਕਾਰੀ ਦਿੰਦਿਆਂ ਪਹਿਲਾਂ ਅਧਿਕਾਰੀਆਂ ਨੇ ਕਿਹਾ ਸੀ, "ਦਹਿਸ਼ਤਗਰਦਾਂ ਦੀ ਹਮਲੇ ਦੀ ਕੋਸ਼ਿਸ਼ ਨਾਕਾਮ ਰਹੀ, ਜਿਸ ਤੋਂ ਬਾਅਦ ਇਲਾਕੇ ਨੂੰ ਘੇਰਾ ਪਾ ਕੇ ਅਪਰੇਸ਼ਨ ਸ਼ੁਰੂ ਕੀਤਾ ਗਿਆ। ਦੋਵਾਂ ਧਿਰਾਂ ਦਰਮਿਆਨ ਗੋਲੀਬਾਰੀ ਜਾਰੀ ਹੈ ਅਤੇ ਦਹਿਸ਼ਤਗਰਦਾਂ ਦੇ ਬਚ ਨਿਕਲਣ ਦੇ ਸਾਰੇ ਰਾਹ ਬੰਦ ਕਰ ਦਿੱਤੇ ਗਏ ਹਨ।" ਪਰ ਬਾਅਦ ਵਿਚ ਗੋਲੀਬਾਰੀ ਰੁਕ ਗਈ।

ਗ਼ੌਰਤਲਬ ਹੈ ਕਿ ਜੰਮੂ-ਕਸ਼ਮੀਰ ਵਿਧਾਨ ਸਭਾ ਲਈ ਹੋਈਆਂ ਪੁਰਅਮਨ ਚੋਣਾਂ, ਜਿਨ੍ਹਾਂ ਵਿਚ ਲੋਕਾਂ ਨੇ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ ਤੋਂ ਬਾਅਦ ਦਹਿਸ਼ਤਗਰਦਾਂ ਨੇ ਸਰਹੱਦ-ਪਾਰੋਂ ਆਪਣੇ ਆਕਾਵਾਂ ਤੋਂ ਮਿਲੀਆਂ ਹਦਾਇਤਾਂ ਮੁਤਾਬਕ ਜੰਮੂ-ਕਸ਼ਮੀਰ ਵਿਚ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ।

ਬੀਤੇ ਵੀਰਵਾਰ ਨੂੰ ਦਹਿਸ਼ਤਗਰਦਾਂ ਨੇ ਗੁਲਮਰਗ ਵਿਚ ਫ਼ੌਜ ਦੇ ਇਕ ਵਾਹਨ ਉਤੇ ਹਮਲਾ ਕਰ ਦਿੱਤਾ ਸੀ, ਜਿਸ ਕਾਰਨ ਦੋ ਫ਼ੌਜੀ ਜਵਾਨਾਂ ਅਤੇ ਦੋ ਸਿਵਲ ਮਜ਼ਦੂਰਾਂ ਦੀ ਜਾਨ ਜਾਂਦੀ ਰਹੀ ਸੀ। ਅਜਿਹੀਆਂ ਹੋਰ ਵੀ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ।

# ਇੰਜੀਨੀਅਰ ਰਾਸ਼ਿਦ ਦੀ ਨਿਯਮਿਤ ਜ਼ਮਾਨਤ 'ਤੇ ਫ਼ੈਸਲਾ 19 ਨਵੰਬਰ ਤੱਕ ਮੁਲਤਵੀ

## ਇੰਜੀਨੀਅਰ ਰਾਸ਼ੀਦ ਨੇ ਤਿਹਾੜ ਜੇਲ੍ਹ ਵਿਚ ਆਤਮ ਸਮਰਪਣ ਕੀਤਾ

**ਨਵੀਂ ਦਿੱਲੀ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੀ ਇੱਕ ਅਦਾਲਤ ਵੱਲੋਂ ਜੰਮੂ-ਕਸ਼ਮੀਰ ਦੇ ਬਾਰਾਮੂਲਾ ਤੋਂ ਲੋਕ ਸਭਾ ਸੰਸਦ ਮੈਂਬਰ ਇੰਜੀਨੀਅਰ ਰਾਸ਼ਿਦ ਦੀ ਜ਼ਮਾਨਤ ਦੀ ਅਰਜ਼ੀ 'ਤੇ ਫੈ ?ਸਲਾ 19 ਨਵੰਬਰ ਤੱਕ ਮੁਲਤਵੀ ਕਰ ਦਿੱਤਾ ਹੈ। ਅਤਿਵਾਦੀ ਫੰਡਿੰਗ ਦੇ ਇੱਕ ਕਥਿਤ ਮਾਮਲੇ ਵਿੱਚ ਵਧੀਕ ਸੈਸ਼ਨ ਜੱਜ ਚੰਦਰ ਜੀਤ ਸਿੰਘ ਨੇ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ। ਜੱਜ ਨੇ 10 ਸਤੰਬਰ ਨੂੰ ਸ਼ੇਖ ਅਬਦੁਲ ਰਾਸ਼ਿਦ ਉਰਫ਼ ਇੰਜੀਨੀਅਰ ਰਾਸ਼ਿਦ ਨੂੰ ਜੰਮੂ-ਕਸ਼ਮੀਰ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਕਰਨ ਦੇ ਯੋਗ ਬਣਾਉਣ ਲਈ ਉਸ ਦੀ



ਨਿਯਮਤ ਜ਼ਮਾਨਤ ਪਟੀਸ਼ਨ 'ਤੇ ਹੁਕਮਾਂ ਨੂੰ ਟਾਲਦਿਆਂ ਅੰਤ੍ਰਿਮ ਜ਼ਮਾਨਤ ਦਿੱਤੀ ਸੀ। ਰਾਸ਼ਿਦ ਦੀ ਅੰਤ੍ਰਿਮ ਜ਼ਮਾਨਤ ਪਹਿਲਾਂ ਉਸ ਦੇ ਪਿਤਾ ਦੀ ਖਰਾਬ ਸਿਹਤ ਦੇ ਆਧਾਰ 'ਤੇ 29 ਅਕਤੂਬਰ ਤੱਕ ਵਧਾ ਦਿੱਤੀ ਗਈ ਸੀ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨਆਈਏ) ਨੇ ਦਸਤਾਵੇਜ਼ਾਂ ਦੀ ਪੁਸ਼ਟੀ ਕਰਨ ਤੋਂ ਬਾਅਦ ਪਟੀਸ਼ਨ ਦਾ ਵਿਰੋਧ ਨਹੀਂ ਕੀਤਾ ਸੀ। ਜ਼ਿਕਰਯੋਗ ਹੈ ਕਿ ਰਾਸ਼ਿਦ 2019 ਤੋਂ ਤਿਹਾੜ ਜੇਲ੍ਹ ਵਿੱਚ ਬੰਦ ਹੈ। ਐੱਨਆਈਏ ਨੇ ਉਸਨੂੰ 2017 ਦੇ ਅੱਤਵਾਦੀ ਫੰਡਿੰਗ ਮਾਮਲੇ ਵਿੱਚ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੇ ਤਹਿਤ ਗ੍ਰਿਫ਼ਤਾਰ ਕੀਤਾ ਸੀ।

ਇਸ ਉਪਰੰਤ ਅੱਜ ਅੰਤਰਿਮ ਜ਼ਮਾਨਤ ਖਤਮ ਹੋਣ ਤੋਂ ਬਾਅਦ ਇੰਜੀਨੀਅਰ ਰਾਸ਼ੀਦ ਨੇ ਤਿਹਾੜ ਜੇਲ੍ਹ ਵਿਚ ਆਤਮ ਸਮਰਪਣ ਕੀਤਾ ਹੈ।

# ਵੜਿੰਗ ਵੱਲੋਂ ਮੁਆਫ਼ੀਨਾਮਾ ਭੇਜ ਕੇ ਸ੍ਰੀ ਅਕਾਲ ਤਖ਼ਤ ਵਿਖੇ ਖਿਮਾ ਯਾਚਨਾ

**ਅੰਮ੍ਰਿਤਸਰ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਤੇ ਮੈਂਬਰ ਲੋਕ ਸਭਾ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੁਆਫ਼ੀਨਾਮਾ ਭੇਜ ਕੇ ਖਿਮਾ ਯਾਚਨਾ ਕੀਤੀ ਹੈ।

ਉਨ੍ਹਾਂ ਬੀਤੇ ਦਿਨੀਂ ਇੱਕ ਚੈਨਲ 'ਤੇ ਗੱਲਬਾਤ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਪ੍ਰਤੀ ਕੁਝ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਸਨ, ਜਿਸ ਦਾ ਸ੍ਰੀ ਅਕਾਲ ਤਖ਼ਤ ਵੱਲੋਂ ਸਖ਼ਤ ਨੋਟਿਸ ਲਿਆ ਗਿਆ ਸੀ ਅਤੇ ਉਨ੍ਹਾਂ ਨੂੰ ਇਸ ਦੀ ਖਿਮਾ ਯਾਚਨਾ ਕਰਨ ਵਾਸਤੇ ਆਖਿਆ ਗਿਆ ਸੀ।

ਭਾਵੇਂ ਰਾਜਾ ਵੜਿੰਗ ਨੇ ਉਸੇ ਸ਼ਾਮ ਹੀ ਜਨਤਕ ਤੌਰ 'ਤੇ ਮੁਆਫੀ ਮੰਗ ਲਈ ਸੀ ਪਰ ਅੱਜ ਉਨ੍ਹਾਂ ਇੱਕ ਮੁਆਫ਼ੀਨਾਮਾ ਪੱਤਰ ਸੀਨੀਅਰ ਕਾਂਗਰਸੀ ਆਗੂ ਭਗਵੰਤ ਪਾਲ ਸਿੰਘ ਸੱਚਰ ਰਾਹੀਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜਿਆ ਹੈ, ਜਿਸ ਨੂੰ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਸੌਂਪ ਦਿੱਤਾ ਗਿਆ।

ਪੱਤਰ ਵਿੱਚ ਕਾਂਗਰਸੀ ਆਗੂ ਨੇ ਸਾਫ ਤੌਰ 'ਤੇ ਲਿਖਿਆ: 'ਮਨੁੱਖ ਭੁੱਲਣਹਾਰ ਹੈ ਪਰ ਗੁਰੂ ਬਖਸ਼ਿੰਦ ਹੈ, ਕ੍ਰਿਪਾ ਕਰਕੇ ਮੇਰੀ ਖੁਨਾਮੀ ਨੂੰ ਬਖਸ਼ ਦਿੱਤਾ ਜਾਵੇ।'

# 'ਆਪ' ਸਰਕਾਰ ਦੀ ਨਲਾਇਕੀ ਕਾਰਨ ਮੰਡੀਆਂ 'ਚ ਰੁਲ ਰਿਹੈ ਕਿਸਾਨ : ਕਾਲਾ ਢਿੱਲੋਂ



**ਬਰਨਾਲਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੀ ਨਲਾਇਕੀ ਸਦਕਾ ਪੰਜਾਬ ਦਾ ਅੰਨਦਾਤਾ ਅਨਾਜ਼ ਮੰਡੀਆਂ 'ਚ ਰੁਲ ਰਿਹਾ ਹੈ, ਜਿਸਦੀ ਬਾਂਹ ਫੜ੍ਹਨੀ ਤਾਂ ਦੂਰ ਦੀ ਗੱਲ, ਸੱਤਾਧਾਰੀ ਪਾਰਟੀ ਦੇ ਆਗੂ ਅਨਾਜ਼ ਮੰਡੀਆਂ 'ਚ ਆ ਕੇ ਕਿਸਾਨਾਂ ਨਾਲ ਗੱਲਬਾਤ ਕਰਨਾ ਵੀ ਮੁਨਾਸਿਬ ਨਹੀਂ ਸਮਝ ਰਹੇ। ਅਜਿਹੇ 'ਚ ਕਿਸਾਨ ਆਪਣੀ ਪੁੱਤਾਂ ਵਾਂਗ ਪਾਲੀ ਫ਼ਸਲ ਖੁੱਲ੍ਹੇ ਅਸਮਾਨ ਹੇਠ ਲੈ ਕੇ ਦਿਨ-ਰਾਤ ਮੰਡੀਆਂ 'ਚ ਖੱਜ਼ਲ-ਖ਼ੁਆਰ ਹੋ ਰਹੇ ਹਨ। ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਤੇ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਜਵੰਧਾ ਪਿੰਡੀ ਵਿਖੇ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ 70 ਸਾਲਾਂ 'ਚ ਕਿਸਾਨਾਂ ਨਾਲ ਅਜਿਹਾ ਨਹੀਂ ਹੋਇਆ, ਜੋ ਆਮ ਆਦਮੀ ਪਾਰਟੀ ਦੀ ਬਦਲਾਅ ਵਾਲੀ ਸਰਕਾਰ ਦੇ ਰਾਜ 'ਚ ਹੋ ਰਿਹਾ ਹੈ ਤੇ ਕਿਸਾਨ ਪਿਛਲੇ 25 ਦਿਨਾਂ ਤੋਂ ਮੰਡੀਆਂ 'ਚ ਰੁਲ ਰਹੇ ਹਨ। ਉਨ੍ਹਾਂ ਕਿਹਾ ਕਿ ਮੰਡੀਆਂ 'ਚ ਫ਼ਸਲ ਦੇ ਲੱਗੇ ਵੱਡੇ-ਵੱਡੇ ਅੰਬਾਰ ਜਿੱਥੇ ਸਰਕਾਰ ਦੀ ਨਲਾਇਕੀ ਬਿਆਨ ਕਰ ਰਹੇ ਹਨ, ਉੱਥੇ ਹੀ ਜੇਕਰ ਕੁਦਰਤ ਦੀ ਮਾਰ ਮੀਂਹ/ਹਨੇਰੀ ਆਉਂਦੇ ਹਨ ਤਾਂ ਉਸ ਦੀ ਜ਼ਿੰਮੇਵਾਰ ਵੀ ਸੱਤਾਧਾਰੀ ਪਾਰਟੀ ਹੀ ਹੋਵੇਗੀ। ਕਿਉਂਕਿ ਅਜਿਹੀ ਸਥਿਤੀ ਨੂੰ ਪੈਦਾ ਕਰਨ ਲਈ ਪੂਰੀ ਤਰ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਜ਼ਿੰਮੇਵਾਰ ਹੈ। ਝੋਨੇ ਦੀ ਪੀ.ਆਰ-126 ਕਿਸਮ ਦੇ ਹਾਈਬ੍ਰਿਡ ਬੀਜ਼ ਨੂੰ ਮੰਜ਼ੂਰੀ ਦੇਣ ਦੇ ਸਰਕਾਰ ਦੇ ਫ਼ੈਸਲੇ ਨੇ ਸਥਿਤੀ ਨੂੰ ਹੋਰ ਵਿਗਾੜ ਦਿੱਤਾ ਹੈ। ਇਸ ਕਿਸਮ ਦਾ ਬੀਜ਼ ਨਾ ਸਿਰਫ਼ ਮਹਿੰਗਾ ਹੈ, ਸਗੋਂ ਬਲਕਿ ਇਸ ਦੇ ਕਈ ਤਰ੍ਹਾਂ ਦੀਆਂ ਬੀਮਾਰੀਆਂ ਨਾਲ ਗ੍ਰਸਤ ਹੋਣ ਦੀਆਂ ਸੰਭਾਵਨਾਵਾਂ ਵੱਧ ਹਨ। ਜਿਸ ਕਾਰਨ ਕਿਸਾਨਾਂ ਨੂੰ ਕੀਟਨਾਸ਼ਕ ਦਵਾਈਆਂ 'ਤੇ ਵਾਧੂ ਖ਼ਰਚ ਕਰਨਾ ਪਿਆ ਹੈ। ਢਿੱਲੋਂ ਨੇ ਕਿਹਾ ਕਿ ਕਾਂਗਰਸ ਦੀ ਸਰਕਾਰ ਸਮੇਂ ਕਿਸਾਨਾਂ ਦੀ ਖੱਜ਼ਲ-ਖ਼ੁਆਰੀ ਨਹੀਂ ਹੋਣ ਦਿੱਤੀ ਗਈ ਸੀ ਤੇ ਉਨ੍ਹਾਂ ਦੀ ਫ਼ਸਲ 24 ਘੰਟਿਆਂ ਦੇ ਅੰਦਰ-ਅੰਦਰ ਖ਼ਰੀਦ ਕਰਕੇ ਪੈਸੇ ਖਾਤਿਆਂ 'ਚ ਟਰਾਂਸਫ਼ਰ ਕਰ ਦਿੱਤੇ ਜਾਂਦੇ ਸਨ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਰਾਜ ਨੂੰ ਲੋਕ ਅੱਜ ਵੀ ਯਾਦ ਕਰ ਰਹੇ ਹਨ। ਜਿਸ ਤਰ੍ਹਾਂ ਲੋਕਾਂ ਨੇ ਲੰਘੀਆਂ ਲੋਕ ਸਭਾ ਦੀਆਂ ਚੋਣਾਂ 'ਚ ਸੂਬੇ ਦੀਆਂ 7 ਸੀਟਾਂ 'ਤੇ ਕਾਂਗਰਸ ਨੂੰ ਜਿੱਤ ਦਵਾਈ, ਉਸੇ ਤਰ੍ਹਾਂ ਇਸ ਵਾਰ ਦੀਆਂ ਜ਼ਿਮਨੀ ਚੋਣਾਂ 'ਚ ਚਾਰੇ ਸੀਟਾਂ 'ਤੇ ਕਾਂਗਰਸ ਦੀ ਜਿੱਤ ਯਕੀਨੀ ਹੈ।

# ਪਰਮਜੀਤ ਸਿੰਘ ਖਾਲਸਾ ਸ਼੍ਰੋਮਣੀ ਕਮੇਟੀ ਦੇ ਅਤਰਿੰਗ ਮੈਂਬਰ ਨਿਯੁਕਤ

**ਬਰਨਾਲਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਤੋਂ ਬਾਅਦ ਚੌਥੀ ਵਾਰ ਹਰਜਿੰਦਰ ਸਿੰਘ ਧਾਮੀ ਮੁੜ ਤੋਂ ਪ੍ਰਧਾਨਗੀ ਦੀ ਕੁਰਸੀ ਸੰਭਾਲਣਗੇ। ਜ਼ਿਕਰ ਯੋਗ ਹੈ ਕਿ ਬਰਨਾਲਾ ਤੋਂ ਪਰਮਜੀਤ ਸਿੰਘ ਖਾਲਸਾ ਜੋ ਕਿ ਸ਼੍ਰੋਮਣੀ ਕਮੇਟੀ ਦੇ ਪਹਿਲਾਂ ਅਤਰਿੰਗ ਮੈਂਬਰ ਸਨ ਮੁੜ ਤੋਂ ਇੱਕ ਵਾਰੀ ਉਹਨਾਂ ਦੀ ਨਿਯੁਕਤੀ ਸ਼੍ਰੋਮਣੀ ਕਮੇਟੀ ਦੇ ਅਤਰਿੰਗ ਮੈਂਬਰ ਵਜੋਂ ਕੀਤੀ ਗਈ ਹੈ।

ਗੱਲਬਾਤ ਕਰਦੇ ਹੋਏ ਪਰਮਜੀਤ ਸਿੰਘ ਖਾਲਸਾ ਨੇ ਕਿਹਾ ਕਿ ਉਹ ਪਰਮਾਤਮਾ ਦਾ ਬਹੁਤ ਸ਼ੁਕਰ ਗੁਜ਼ਾਰ ਕਰਦੇ ਹਨ ਕਿ ਉਹਨਾਂ ਨੂੰ ਆਪਣੀ ਸੇਵਾ ਲਈ ਚੁਣਿਆ ਹੈ। ਖਾਲਸਾ ਨੇ ਕਿਹਾ



ਕਿ ਉਹਨਾਂ ਵੱਲੋਂ ਹਮੇਸ਼ਾ ਤਨ ਮਨ ਲਗਾ ਕੇ ਉਹ ਵਿਚਾਰ ਸੇਵਾ ਦੀ ਭਾਵਨਾ ਰੱਖਦੇ ਹਨ ਅਤੇ ਹਮੇਸ਼ਾ ਗੁਰੂ ਸਾਹਿਬ ਵੱਲੋਂ ਦਿੱਤੇ ਗਏ ਜਿੰਨੇ ਸਾਹ ਹਨ ਉਸ ਨਾਲ ਸੇਵਾ ਕਰਦੇ ਰਹਿਣਗੇ।

# ਮੰਡੀਆਂ ਵਿੱਚ ਖੱਜਲ-ਖੁਆਰ ਹੋ ਰਹੇ ਕਿਸਾਨ: ਪਰਨੀਤ ਕੌਰ ਕੈਪਟਨ ਤੋਂ ਬਾਅਦ ਪਰਨੀਤ ਕੌਰ ਵੱਲੋਂ ਵੀ ਦਾਣਾ ਮੰਡੀ ਦਾ ਦੌਰਾ



**ਪਟਿਆਲਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਖੰਨਾ ਅਨਾਜ ਮੰਡੀ ਦੇ ਦੌਰੇ ਤੋਂ ਕੁਝ ਦਿਨ ਬਾਅਦ ਉਨ੍ਹਾਂ ਦੀ ਪਤਨੀ ਅਤੇ ਪਟਿਆਲਾ ਤੋਂ ਸਾਬਕਾ ਸੰਸਦ ਮੈਂਬਰ ਪਰਨੀਤ ਕੌਰ ਨੇ ਸਰਹਿੰਦ ਰੋਡ 'ਤੇ ਸਥਿਤ ਅਨਾਜ ਮੰਡੀ ਦਾ ਦੌਰਾ ਕੀਤਾ। ਇਸ ਮੌਕੇ ਉਹ ਝੋਨੇ ਦੀ ਢਿੱਲੀ ਖਰੀਦ ਸਬੰਧੀ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਸੂਬਾ ਸਰਕਾਰ 'ਤੇ ਵਰ੍ਹੇ।

ਪਰਨੀਤ ਕੌਰ ਨੇ ਕਿਹਾ ਕਿ ਕੇਂਦਰ ਨੇ ਸਤੰਬਰ ਵਿੱਚ ਖਰੀਦ ਲਈ ਫੰਡ ਜਾਰੀ ਕੀਤੇ ਸਨ, ਪਰ 'ਆਪ' ਸਰਕਾਰ ਨੇ ਆਉਣ ਵਾਲੇ ਸਟੋਰੇਜ ਸਪੇਸ ਸੰਕਟ ਨਾਲ ਨਜਿੱਠਣ ਲਈ ਕੋਈ ਉਪਾਅ ਨਹੀਂ ਕੀਤੇ।

ਉਨ੍ਹਾਂ ਦੋਸ਼ ਲਾਇਆ ਕਿ ਸੂਬਾ ਸਰਕਾਰ ਝੋਨੇ ਦੀ ਬੰਪਰ ਫਸਲ ਅਤੇ ਜਗ੍ਹਾ ਦੀ ਘਾਟ ਤੋਂ ਜਾਣੂ ਸੀ, ਪਰ ਭਗਵੰਤ ਮਾਨ ਸਰਕਾਰ ਨੇ ਸਥਿਤੀ ਵਿਗੜਨ ਦਿੱਤੀ, ਜਿਸ ਕਾਰਨ ਅਨਾਜ ਮੰਡੀਆਂ ਵਿੱਚ ਕਿਸਾਨ ਖੱਜਲ-ਖੁਆਰ ਹੋ ਰਹੇ ਹਨ। ਭਾਜਪਾ ਆਗੂ ਨੇ ਕਿਹਾ, ਸਭ ਤੋਂ ਮਾੜੀ ਗੱਲ ਇਹ ਹੈ ਕਿ ਮੰਡੀਆਂ ਵਿੱਚ ਪਾਣੀ ਦੀ ਕੋਈ ਸਹੂਲਤ ਨਹੀਂ ਹੈ ਅਤੇ ਬਾਰਦਾਨੇ ਦੀ ਗੰਭੀਰ ਘਾਟ ਹੈ।

ਉਧਰ ਕੈਪਟਨ ਅਮਰਿੰਦਰ ਦੇ ਖੰਨਾ ਮੰਡੀ ਦੇ ਦੌਰੇ ਨੂੰ ਵੀ ਕਿਸਾਨਾਂ ਨਾਲ ਜੁੜਨ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਗਿਆ। ਆਪਣੇ ਦੌਰੇ ਦੌਰਾਨ ਉਨ੍ਹਾਂ ਨੇ ਸਥਾਨਕ ਕਿਸਾਨਾਂ ਨਾਲ ਗੱਲਬਾਤ ਕੀਤੀ ਅਤੇ ਫਸਲਾਂ ਦੇ ਭਾਅ ਅਤੇ ਸਰਕਾਰੀ ਨੀਤੀਆਂ ਸਮੇਤ ਵੱਖ-ਵੱਖ ਖੇਤੀ ਮੁੱਦਿਆਂ 'ਤੇ ਚਰਚਾ ਕੀਤੀ।

# ਖਰੀਦ ਏਜੰਸੀਆਂ ਨੂੰ ਜ਼ਿਲ੍ਹੇ ਦੀਆਂ ਮੰਡੀਆਂ 'ਚੋਂ ਖਰੀਦੇ ਝੋਨੇ ਦੀ ਲਿਫਟਿੰਗ ਦਾ ਰੋਜ਼ਾਨਾ ਦਾ ਮਿੱਥਿਆ ਟੀਚਾ ਪੂਰਾ ਕਰਨ ਦੀ ਸਖ਼ਤ ਹਦਾਇਤ

**ਪਟਿਆਲਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹੇ ਦੀਆਂ ਮੰਡੀਆਂ 'ਚ ਖਰੀਦ ਕੀਤੀ ਜਾ ਰਹੀ ਝੋਨੇ ਦੀ ਫ਼ਸਲ ਦੀ ਲਿਫਟਿੰਗ 'ਚ ਹੋਰ ਤੇਜੀ ਲਿਆਉਣ ਅਤੇ ਮਿਥੇ ਟੀਚੇ ਮੁਤਾਬਕ ਚੁਕਾਈ ਕਰਵਾਉਣ ਲਈ ਸਾਰੀਆਂ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਾਂ ਨੂੰ ਸਖ਼ਤ ਹਦਾਇਤ ਕੀਤੀ ਹੈ।



ਅੱਜ ਇੱਥੇ ਏ.ਡੀ.ਸੀ. (ਜ) ਇਸ਼ਾ ਸਿੰਗਲ, ਸਮੂਹ ਐਸ.ਡੀ.ਐਮਜ਼, ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ, ਖਰੀਦ ਏਜੰਸੀਆਂ, ਜ਼ਿਲ੍ਹਾ ਮੰਡੀ ਅਫ਼ਸਰ ਨਾਲ ਬੈਠਕ ਕਰਦਿਆਂ ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਲਿਫਟਿੰਗ ਵਿੱਚ ਤੇਜੀ ਲਿਆ ਕੇ ਮੰਡੀਆਂ ਖਾਲੀ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਮੰਡੀਆਂ 'ਚ ਖਰੀਦੀ ਜਾ ਰਹੀ ਝੋਨੇ ਦੀ ਫ਼ਸਲ ਦੀ ਤੁਰੰਤ ਲਿਫਟਿੰਗ 'ਚ ਕੋਈ ਢਿਲਮੱਠ ਬਰਦਾਸ਼ਤ ਨਹੀਂ ਹੋਵੇਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਮੂਹ ਐਸ.ਡੀ.ਐਮਜ਼ ਤੇ ਹੋਰ ਅਧਿਕਾਰੀ ਜਿੱਥੇ ਪਹਿਲਾਂ ਹੀ ਫੀਲਡ 'ਚ ਜਾ ਰਹੇ ਹਨ ਉਥੇ ਇਹ ਵੀ ਪਤਾ ਲਗਾਇਆ ਜਾਵੇ ਕਿ ਕਿਸਾਨਾਂ ਤੇ ਆੜ੍ਹਤੀਆਂ ਨੂੰ ਕੋਈ ਦਿੱਕਤ ਪ੍ਰੇਸ਼ਾਨੀ ਤਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਇਸ ਗੱਲੋਂ ਵਚਨਬੱਧ ਹੈ ਕਿ ਕਿਸੇ ਵੀ ਕਿਸਾਨ ਨੂੰ ਆਪਣੀ ਜਿਣਸ ਵੇਚਣ ਲਈ ਕੋਈ ਮੁਸ਼ਕਿਲ ਨਾ ਆਵੇ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਜਿਸ ਵੀ ਖਰੀਦ ਕੇਂਦਰ ਵਿੱਚ ਕੋਈ ਮੁਸ਼ਕਿਲ ਆ ਰਹੀ ਹੋਵੇ, ਉਸਦਾ ਤੁਰੰਤ ਹੱਲ ਕੱਢਿਆ ਜਾਵੇ ਪਰੰਤੂ ਖਰੀਦੇ ਝੋਨੇ ਦੀ ਲਿਫ਼ਟਿੰਗ 'ਚ ਕੋਈ ਰੁਕਾਵਟ ਨਹੀਂ ਆਉਣੀ ਚਾਹੀਦੀ।

# ਮਾਸਟਰ ਮਨਦੀਪ ਕੁਮਾਰ ਨੂੰ ਸੇਵਾਮੁਕਤ ਹੋਣ 'ਤੇ ਸਨਮਾਨਿਤ ਕੀਤਾ



**ਗੜ੍ਹਸ਼ੰਕਰ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਨਦੀਪ ਕੁਮਾਰ ਪੁੱਤਰ ਸਵਰਨ ਸਿੰਘ ਸਰਕਾਰੀ ਮਿਡਲ ਸਕੂਲ ਹਾਜੀਪੁਰ ਵਿਖੇ ਬਤੌਰ ਸਮਾਜਿਕ ਸਿੱਖਿਆ ਅਧਿਆਪਕ ਤਾਇਨਾਤ ਸਨ । ਉਹ ਲੰਬਾ ਸਮਾਂ, ਬੇਦਾਗ ਨੌਕਰੀ ਬਾਅਦ ਸੇਵਾਮੁਕਤ ਹੋਏ ਹਨ। ਉਨ੍ਹਾਂ ਦੀ ਸੇਵਾਮੁਕਤੀ 'ਤੇ ਇਕ ਸੰਖੇਪ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਵਿੱਚ ਵਿਦਿਆਰਥੀਆਂ ਨੇ ਸੱਭਿਆਚਾਰਕ ਪੇਸ਼ਕਾਰੀ ਦਿੱਤੀ ਅਤੇ ਸ਼੍ਰੀ ਮਨਦੀਪ ਕੁਮਾਰ ਦੀ ਖੁਸ਼ਹਾਲ ਅਤੇ ਸਿਹਤਮੰਦ ਜੀਵਨ ਦੀ ਕਾਮਨਾ ਕਰਦੇ ਹੋਏ ਸ਼ੁੱਭ ਕਾਮਨਾਵਾਂ ਦਿੱਤੀਆਂ ਗਈਆਂ। ਸਮਾਗਮ ਦੇ ਮੁੱਖ ਮਹਿਮਾਨ ਮਨਦੀਪ ਕੁਮਾਰ ਅਤੇ ਉਨ੍ਹਾਂ ਦੀ ਧਰਮ ਪਤਨੀ ਸਾਇੰਸ ਅਧਿਆਪਕਾ ਸ਼੍ਰੀਮਤੀ ਪਰਮਿੰਦਰ ਕੌਰ ਨੂੰ ਸਕੂਲ ਸਟਾਫ਼ ਅਤੇ ਆਸ-ਪਾਸ ਦੇ ਸਕੂਲਾਂ ਦੇ ਅਧਿਆਪਕਾਂ ਵੱਲੋਂ ਸੇਵਾ ਮੁਕਤੀ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ।

ਸਨਮਾਨਿਤ ਕਰਨ ਵਾਲਿਆਂ ਵਿੱਚ ਪ੍ਰਿੰਸੀਪਲ ਜਗਦੀਸ਼ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਖੋਵਾਲ ਬੀਹੜਾਂ, ਮੁੱਖ ਅਧਿਆਪਕਾ ਰੇਨੂੰ ਵਾਲਾ ਸਰਕਾਰੀ ਹਾਈ ਸਕੂਲ ਰਾਮਪੁਰ ਬਿਲੜੋਂ, ਇੰਚਾਰਜ ਜਸਵਿੰਦਰ ਸਿੰਘ ਸਰਕਾਰੀ ਮਿਡਲ ਸਕੂਲ ਹਾਜੀਪੁਰ, ਭਰਾ ਸਰਵਣ ਕੁਮਾਰ ਤੇ ਭਾਬੀ ਹਰਭਜਨ ਕੌਰ, ਭਰਾ ਅਜੈ ਕੁਮਾਰ ਅਤੇ ਭਾਬੀ ਬਲਜੀਤ ਕੌਰ, ਚਾਚਾ ਤੀਰਥ ਰਾਮ ਰੱਤੂ ਅਤੇ ਚਾਚੀ ਜਸਵਿੰਦਰ ਕੌਰ, ਊਸ਼ਾ ਰਾਣੀ ਪਤਨੀ ਸਵਰਗੀ ਬਲਦੇਵ ਰਾਜ ਤੋਂ ਇਲਾਵਾ ਅਧਿਆਪਕ ਯੂਨੀਅਨ ਦੇ ਆਗੂ ਨਰੇਸ਼ ਕੁਮਾਰ, ਰਾਜ ਕੁਮਾਰ, ਬਲਵੰਤ ਰਾਮ, ਸ਼ਿਆਮ ਸੁੰਦਰ ਕਪੂਰ, ਮੁਕੇਸ਼ ਕੁਮਾਰ, ਸੰਦੀਪ ਕੁਮਾਰ ਬਡੇਸਰੋਂ, ਹਰਦੀਪ ਕੁਮਾਰ, ਰਾਕੇਸ਼ ਕੁਮਾਰ ਜਲਹਨ ਆਦਿ ਸਮੇਤ ਵੱਡੀ ਗਿਣਤੀ ਵਿੱਚ ਵੱਖ-ਵੱਖ ਸਕੂਲਾਂ ਦੇ ਅਧਿਆਪਕ ਅਤੇ ਰਿਸ਼ਤੇਦਾਰ ਹਾਜ਼ਰ ਸਨ।

# ਮੀਤ ਹੇਅਰ ਦੀ ਕੋਠੀ ਅੱਗੇ ਲਾਠੀਚਾਰਜ ਦਾ ਸ਼ਿਕਾਰ ਹੋਏ ਅਧਿਆਪਕਾਂ ਦਾ ਹਾਲ ਚਾਲ ਜਾਣਨ ਪਹੁੰਚੇ : ਗੋਵਿੰਦ ਸਿੰਘ ਸੰਧੂ



**ਬਰਨਾਲਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਮੰਤਰੀ ਅਤੇ ਮੌਜੂਦਾ ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਦੀ ਕੋਠੀ ਅੱਗੇ ਜਿਵੇਂ ਹੀ ਅਧਿਆਪਕਾਂ ਉੱਪਰ ਲਾਠੀਚਾਰਜ ਹੋਣ ਦੀ ਸੂਚਨਾ ਬਾਰੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਪੰਥਕ ਜਥੇਬੰਦੀਆਂ ਦੇ ਉਮੀਦਵਾਰ ਸ. ਗੋਵਿੰਦ ਸਿੰਘ ਸੰਧੂ ਨੂੰ ਪਤਾ ਲੱਗਾ ਤਾਂ ਉਹ ਤੁਰੰਤ ਆਪਣੇ ਸਾਰੇ ਰੁਝੇਵੇਂ ਛੱਡ ਕੇ ਜਖਮੀ ਹੋਏ ਅਧਿਆਪਕਾਂ ਦਾ ਹਾਲ ਚਾਲ ਜਾਨਣ ਲਈ ਪਹੁੰਚੇ ਅਤੇ ਉਪਰੋਕਤ ਘਟਨਾ ਲਈ ਸਰਕਾਰ ਦੀ ਕਾਰਗੁਜ਼ਾਰੀ ਨੂੰ ਜਿੰਮੇਵਾਰ ਠਹਿਰਾਉਂਦਿਆਂ ਲਾਠੀ ਚਾਰਜ ਵਰਗੇ ਵਰਤਾਰਿਆਂ ਨੂੰ ਮੰਦਭਾਗਾ ਕਰਾਰ ਦਿੱਤਾ।

ਇਸ ਮੌਕੇ ਸ. ਸੰਧੂ ਨੇ ਕਿਹਾ ਬਹੁਤ ਬਹੁਤ ਹੀ ਸ਼ਰਮ ਦੀ ਗੱਲ ਹੈ ਕਿ ਹੱਕ ਮੰਗਦੇ ਲੋਕਾਂ ਦੀ ਗੱਲ ਸੁਣਨ ਦੀ ਬਜਾਏ ਉਨ੍ਹਾਂ ਉੱਪਰ ਲਾਠੀ ਚਾਰਜ ਕਰਵਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸਾਡੇ ਸਮਾਜ ਵਿੱਚ ਅਧਿਆਪਕਾਂ ਨੂੰ ਬਹੁਤ ਸਤਿਕਾਰ ਦਾ ਦਰਜਾ ਦਿੱਤਾ ਜਾਂਦਾ, ਕਿਉਂਕਿ ਬੱਚਿਆਂ ਨੂੰ ਪੜ੍ਹਾ ਲਿਖਾ ਕੇ ਉਹਨਾਂ ਦਾ ਭਵਿੱਖ ਸੰਵਾਰਨ ਵਾਲੇ ਅਧਿਆਪਕ ਹੀ ਹੁੰਦੇ ਹਨ, ਜਿੰਨਾ ਉੱਪਰ ਪੁਲਿਸ ਤੋਂ ਲਾਠੀਆਂ ਚਲਵਾਉਣਾ ਬਹੁਤ ਹੀ ਸ਼ਰਮ ਦੀ ਗੱਲ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਚੋਣਾਂ ਸਮੇਂ ਕੀਤੇ ਸਾਰੇ ਵਾਅਦੇ ਭੁੱਲ ਚੁੱਕੀ। ਚੋਣਾਂ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਕਰਨ ਸਮੇਤ ਅਨੇਕਾਂ ਵਾਅਦੇ ਕੱਚੇ ਮੁਲਾਜ਼ਮਾਂ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਕੀਤੇ ਗਏ ਸਨ, ਜਿਨਾਂ ਨੂੰ ਭੁੱਲ ਕੇ ਪੰਜਾਬ ਸਰਕਾਰ ਆਪਣੇ ਤਾਨਾਸ਼ਾਹੀ ਵਾਲੇ ਰਵਈਏ 'ਤੇ ਉਤਰ ਚੁੱਕੀ ਹੈ। ਸਾਰਾ ਧਿਆਨ ਠੱਗੀਆਂ, ਘਪਲੇ ਅਤੇ ਭ੍ਰਿਸ਼ਟਾਚਾਰੀ ਕਰਕੇ ਆਪਣੇ ਘਰ ਭਰਨ 'ਤੇ ਲਗਾਇਆ ਹੋਇਆ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਠੱਗਣ ਵਾਲੇ ਇਨ੍ਹਾਂ ਆਮ ਆਦਮੀ ਪਾਰਟੀ ਦੇ ਲੀਡਰਾਂ ਨੂੰ ਹੁਣ ਕੀ ਅਸੀਂ ਸਵਾਲ ਵੀ ਨਹੀਂ ਪੁੱਛ ਸਕਦੇ ?

ਕੀ ਆਪਣੇ ਹੱਕਾਂ ਲਈ ਆਵਾਜ਼ ਉਠਾਣਾ ਵੀ ਗੁਨਾਹ ਹੈ ? ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਲੋਕਾਂ 'ਤੇ ਕੀਤੇ ਜਾਣ ਵਾਲੇ ਤਸ਼ੱਦਦ ਅਤੇ ਧੱਕੇਸ਼ਾਹੀਆਂ ਦਾ ਖਾਮਿਆਜਾ ਭੁਗਤਣਾ ਪਵੇਗਾ। ਇਸ ਮੌਕੇ ਉਹਨਾਂ ਦੇ ਨਾਲ ਹੋਰ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਅਤੇ ਵਰਕਰ ਸਾਹਿਬਾਨ ਵੀ ਮੌਜੂਦ ਸਨ।

# ਮਲਟੀ ਸਪੈਸ਼ਲਿਟੀ ਹਸਪਤਾਲ ਬਰਨਾਲਾ ਤੋਂ ਕੈਂਸਲ ਹੋਣ ਦਾ ਜਵਾਬ ਲੋਕ ਜਿਮਨੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਦੇਣਗੇ : ਕੇਵਲ ਢਿੱਲੋਂ



**ਬਰਨਾਲਾ,29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਅਤੇ ਸਿੱਖਿਆ ਦੇਣ ਦਾ ਝੂਠਾ ਵਾਅਦਾ ਕਰਕੇ ਪੰਜਾਬ ਦੀ ਸੱਤਾ ਤੇ ਕਾਬਜ ਹੋਈ ਆਮ ਆਦਮੀ ਪਾਰਟੀ ਨੇ ਬਰਨਾਲੇ ਤੋਂ ਮਲਟੀ ਸੁਪਰ ਸਪੈਸ਼ਲਟੀ ਹਸਪਤਾਲ ਖੋ ਲਿਆ ਹੈ ਇਸ ਦਾ ਜਵਾਬ ਹੁਣ ਲੋਕ ਵਿਧਾਨ ਸਭਾ ਹਲਕਾ ਬਰਨਾਲਾ ਦੀਆਂ 13 ਨਵੰਬਰ ਨੂੰ ਹੋ ਰਹੀ ਜਿਮਣੀ ਚੋਣ ਵਿੱਚ ਦੇਣਗੇ। ਇਹ ਗੱਲ ਬਰਨਾਲਾ ਦੇ ਸਾਬਕਾ ਵਿਧਾਇਕ ਅਤੇ ਭਾਰਤੀ ਜਨਤਾ ਪਾਰਟੀ ਤੇ ਜਿਮਣੀ ਚੋਣ ਦੇ ਉਮੀਦਵਾਰ ਕੇਵਲ ਸਿੰਘ ਢਿੱਲੋ ਨੇ ਕਹੀ। ਉਨਾਂ ਨੇ ਉਸ ਜਗਹਾ ਦਾ ਦੌਰਾ ਕੀਤਾ ਜਿੱਥੇ ਇਸ ਹਸਪਤਾਲ ਦਾ ਨੀਂਹ ਪੱਥਰ ਰਖਵਾਇਆ ਗਿਆ ਸੀ। ਬਠਿੰਡਾ ਚੰਡੀਗੜ੍ਹ ਨੈਸ਼ਨਲ ਹਾਈਵੇ ਦੇ ਉੱਪਰ ਹੰਡਿਆਇਆ ਦੇ ਬਿਲਕੁਲ ਕੋਲ ਨਗਰ ਕੌਂਸਲ ਬਰਨਾਲਾ ਦੀ ਜਗ੍ਹਾ ਵਿੱਚ ਇਸ ਦਾ ਨੀਂਹ ਪੱਥਰ ਰਖਵਾਇਆ ਗਿਆ ਸੀ। ਉਹਨਾਂ ਕਿਹਾ ਕਿ ਉਹਨਾਂ ਨੇ ਆਪਣੀ ਮਿਹਨਤ ਸਦਕਾ ਬਰਨਾਲਾ ਵਿੱਚ ਮਲਟੀ ਸਪੈਸ਼ਲਟੀ ਹਸਪਤਾਲ ਦਾ ਨੀਂਹ ਪੱਥਰ ਰਖਵਾਇਆ ਸੀ। ਛੇ ਏਕੜ ਜਗਹਾ ਨੂੰ ਨਗਰ ਕੌਂਸਲ ਤੋਂ ਸਿਹਤ ਵਿਭਾਗ ਦੇ ਨਾਂ ਤੇ ਟਰਾਂਸਫਰ ਕਰਵਾਇਆ ਸੀ ਅਤੇ ਕਰੋੜਾਂ ਰੁਪਏ ਇਸ ਲਈ ਜਾਰੀ ਕਰਵਾਏ ਸੀ। ਲੇਕਿਨ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਇਹ ਪੂਰੀ ਤਰ੍ਹਾਂ ਵਿਸਾਰ ਦਿੱਤਾ ਗਿਆ। ਉਨਾ ਕਿਹਾ ਕਿ ਅਗਰ ਇਹ ਹਸਪਤਾਲ ਬਣ ਜਾਂਦਾ ਤਾਂ ਇਸ ਦਾ ਲਾਭ ਲੋਕਾਂ ਨੂੰ ਹੋਣਾ ਸੀ ਕਿਉਂਕਿ ਇਹ ਦਿੱਲੀ ਲੈਵਲ ਦਾ ਹਸਪਤਾਲ ਸੀ।

ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਇਸ ਨੂੰ ਸਿਰਫ ਇਸ ਲਈ ਰੋਕ ਦਿੱਤਾ ਕਿਉਂਕਿ ਇਸ ਹਸਪਤਾਲ ਦੇ ਬਣਨ ਨਾਲ ਇਸ ਦਾ ਕ੍ਰੈਡਿਟ ਕੇਵਲ ਸਿੰਘ ਢਿੱਲੋ ਨੂੰ ਜਾਣਾ ਸੀ। ਸਿਰਫ ਘਟੀਆ ਰਾਜਨੀਤੀ ਕਰਕੇ ਲੋਕਾਂ ਦਾ ਆਮ ਆਦਮੀ ਪਾਰਟੀ ਨੇ ਵੱਡਾ ਨੁਕਸਾਨ ਕਰ ਦਿੱਤਾ। ਉਹਨਾਂ ਕਿਹਾ ਕਿ ਇਸ ਦਾ ਜਵਾਬ ਆਮ ਆਦਮੀ ਪਾਰਟੀ ਨੂੰ ਦੇਣਾ ਪਵੇਗਾ। ਇਸ ਮੌਕੇ ਤੇ ਕਰਨ ਢਿੱਲੋਂ, ਨਰਿੰਦਰ ਗਰਗ ਨੀਟਾ, ਰਜਿੰਦਰ ਉਪਲ, ਅਸ਼ਵਨੀ ਆਸ਼ੂ ਆਦੀ ਹਾਜ਼ਰ ਸਨ।

# ਐਮਜੀਐਨ ਆਦਰਸ਼ ਨਗਰ ਦਾ 50ਵਾਂ ਸਲਾਨਾ ਇਨਾਮ ਵੰਡ ਸਮਾਗਮ

**ਜਲੰਧਰ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਐਮਜੀਐਨ ਪਬਲਿਕ ਸਕੂਲ ਆਦਰਸ਼ ਨਗਰ ਦਾ ਪੰਜਾਹਵਾਂ ਸਲਾਨਾ ਇਨਾਮ ਵੰਡ ਸਮਾਗਮ 26 ਨਵੰਬਰ ਨੂੰ ਬੜੀ ਧੂਮ ਧਾਮ ਨਾਲ ਮਨਾਇਆ ਗਿਆ । ਮੇਜਰ ਚਰਨਜੀਤ ਸਿੰਘ ਰਾਏ (ਚੇਅਰਮੈਨ ਐਮਜੀਐਨ ਐਜੂਕੇਸ਼ਨਲ ਟਰੱਸਟ ), ਕਰਨਲ ਡੀ.ਐਸ. ਅਨੰਦ (ਵਾਈਸ ਚੇਅਰਮੈਨ) ਸ. ਮੁਖਤਿਆਰ ਸਿੰਘ ਦਹੀਆ( ਸੈਕਟਰੀ ਐਮਜੀਐਨ ਐਜੂਕੇਸ਼ਨਲ ਟਰੱਸਟ ਅਤੇ ਮੈਨੇਜਰ ਸਕੂਲ ਮੈਨੇਜਿੰਗ ਕਮੇਟੀ ) ਐਮਜੀਐਨ ਦੀਆਂ ਵੱਖ-ਵੱਖ ਸੰਸਥਾਵਾਂ ਦੇ ਪ੍ਰਿੰਸੀਪਲਜ਼,ਐਮਜੀਐਨ ਦੇ ਪੁਰਾਣੇ ਵਿਦਿਆਰਥੀਆਂ ਦੀ ਸੰਸਥਾ ਦੇ ਮੈਂਬਰਾਂ ਮਾਪਿਆਂ ਅਤੇ ਹੋਰ ਪਤਵੰਤੇ ਸੱਜਣਾਂ ਨੂੰ ਸਭ ਤੋਂ ਪਹਿਲਾਂ ਜੀ ਆਇਆ ਕਿਹਾ ਗਿਆ ।ਇਸ ਮੌਕੇ ਤੇ ਮੁੱਖ ਮਹਿਮਾਨ ਸ੍ਰੀ ਸਾਗਰ ਸਿੰਘ ਕਲਸੀ( ਆਈਪੀਐਸ )ਅਤੇ ਗੈਸਟ ਆਫ ਆਨਰ ਸ੍ਰੀ ਨਵਨੀਤ ਸਿੰਘ ਮਾਹਲ (ਪੀਪੀਐਸ) ਸਨ । ਪ੍ਰਿੰਸੀਪਲ ਸ. ਕੰਵਲਜੀਤ ਸਿੰਘ ਰੰਧਾਵਾ ਨੇ ਮੁੱਖ ਮਹਿਮਾਨ ਅਤੇ ਗੈਸਟ ਆਫ ਆਨਰ ਨੂੰ ਕਿਤਾਬ ਅਤੇ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਜੀ ਆਇਆ ਕਿਹਾ । ਇਨਾਮ ਵੰਡ ਸਮਾਗਮ ਦੀ ਸ਼ੁਰੂਆਤ ਸਕੂਲ ਸ਼ਬਦ 'ਦੇਹਿ ਸ਼ਿਵਾ ਬਰ ਮੋਹਿ ਇਹੈ' ਨਾਲ ਹੋਈ ਅਤੇ ਨਾਟਕ 'ਗੋਲਡਨ ਰੂਟ' ਰਾਹੀਂ ਸਕੂਲ ਦੇ 50



ਵਰਿਆਂ ਦੀ ਸੁਨਹਿਰੀ ਉਡਾਨ ਨੂੰ ਸ਼ੁਰੂ ਕਰਕੇ ਵੱਖ ਵੱਖ ਰੂਪਾਂ ਕਵਾਲੀ, ਡਾਂਸ ਆਦਿ ਰਾਹੀਂ ਸਮੇਂ ਦੇ ਪਰਿਵਰਤਨ ਦੇ ਨਾਲ ਨਾਲ ਨਾਲ ਚਲਦੇ ਹੋਏ ਕਿਸ ਤਰ੍ਹਾਂ ਸਕੂਲ ਨੇ ਆਪਣੇ ਖੰਭ ਚਾਰੇ ਪਾਸੇ ਫੈਲਾ ਰਹੇ ਹਨ, ਨੂੰ ਬੜੇ ਸੁਹਜ ਭਰੇ ਤਰੀਕੇ ਨਾਲ ਦਰਸਾਇਆ ਗਿਆ। ਪ੍ਰਿੰਸੀਪਲ ਸ. ਕੇ.ਐਸ. ਰੰਧਾਵਾ ਨੇ ਸਕੂਲ ਦੇ ਬੁਨਿਆਦੀ ਢਾਂਚੇ ਤੇ ਹਰ ਖੇਤਰ ਦੀਆਂ ਪ੍ਰਾਪਤੀਆਂ ਤੇ ਚਾਨਣਾ ਪਾਉਂਦੇ ਹੋਏ ਸਕੂਲ ਦੀ ਸਲਾਨਾ ਰਿਪੋਰਟ ਪੜ੍ਹੀ। ਉਨਾਂ ਨੇ ਸਕੂਲ ਦੇ ਪੰਜ ਦਹਾਕਿਆਂ ਦੇ ਸਫ਼ਰ ਬਾਰੇ ਦੱਸਦਿਆਂ ਕਿਹਾ ਕਿ ਅੱਜ ਇਸ ਸਕੂਲ ਦੇ ਵਿਦਿਆਰਥੀ ਪੰਜਾਬ ਤਾਂ ਕੀ ਪੂਰੇ ਭਾਰਤ ਤੇ ਇਥੋਂ ਤੱਕ ਕਿ ਦੇਸ਼ਾਂ ਵਿਦੇਸ਼ਾਂ ਵਿੱਚ ਵੀ ਆਪਣਾ ਨਾਂ ਰੌਸ਼ਨ ਕਰ ਰਹੇ ਹਨ ।ਫਿਰ ਮੁਖ ਮਹਿਮਾਨ ਅਤੇ ਗੈਸਟ ਆਫ ਆਨਰ ਨੇ ਵੱਖ ਵੱਖ ਖੇਤਰਾਂ ਪੜ੍ਹਾਈ, ਖੇਡਾਂ ਆਦਿ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਤੇ ਇਸੇ ਤਰ੍ਹਾਂ ਅੱਗੇ ਵਧਦੇ ਰਹਿਣ ਦੀ ਪ੍ਰੇਰਨਾ ਦਿੱਤੀ । ਉਨਾਂ ਨੇ ਸਕੂਲ ਨੂੰ ਗੋਲਡਨ ਜੁਬਲੀ ਮਨਾਉਣ ਤੇ ਵਧਾਈ ਦਿੰਦੇ ਹੋਏ ਇਸ ਸਕੂਲ ਵਿੱਚ ਬਿਤਾਏ ਆਪਣੇ ਸਮੇਂ ਦੀਆਂ ਅਭੁੱਲ ਯਾਦਾਂ ਸਾਂਝੀਆਂ ਕਰਦੇ ਹੋਏ ਕਿਹਾ ਕਿ ਇਸ ਸਕੂਲ ਵਿਚ ਮੁੱਖ ਮਹਿਮਾਨ ਬਣ ਕੇ ਆਉਣਾ ਉਹਨਾਂ ਲਈ ਬੜੇ ਮਾਨ ਦੀ ਗੱਲ ਹੈ ਅਤੇ ਉਹਨਾਂ ਦੱਸਿਆ ਕਿ ਕਿਸ ਤਰ੍ਹਾਂ ਇਸ ਸਕੂਲ ਵਿਦਿਆਰਥੀਆਂ ਨੂੰ ਹਰ ਖੇਤਰ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਯੋਗ ਬਣਾਉਂਦੇ ਹੋਏ ਵੱਖ ਵੱਖ ਖੇਤਰਾਂ ਵਿੱਚ ਬੁਲੰਦੀਆਂ ਤੇ ਪਹੁੰਚਾ ਰਿਹਾ ਹੈ।

# ਨੌਨ ਸਟਾਪ ਹਰਿਆਣਾ ਲਈ ਤਿੰਨ ਗੁਣਾ ਰਫਤਾਰ ਨਾਲ ਕਰਣਗੇ ਕੰਮ:ਮੁੱਖ ਮੰਤਰੀ

## ਵਿਰੋਧੀ ਧਿਰ ਤੋਂ ਜਨਹਿਤ ਵਿਚ ਜੋ ਵੀ ਸੁਝਾਅ ਮਿਲਣਗੇ, ਉਨ੍ਹਾਂ ਦਾ ਪੂਰਾ ਸਨਮਾਨ ਕਰਣਗੇ : ਨਾਇਬ ਸਿੰਘ ਸੈਨੀ

**ਚੰਡੀਗੜ੍ਹ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਅਸੀਂ ਨੌਨ ਸਟਾਪ ਹਰਿਆਣਾ ਲਈ ਤਿੰਨ ਗੁਣਾ ਰਫਤਾਰ ਨਾਲ ਕੰਮ ਕਰਾਂਗੇ। ਇਸ ਕੰਮ ਵਿਚ ਵਿਰੋਧੀ ਧਿਰ ਦਾ ਵੀ ਅਹਿਮ ਯੋਗਦਾਨ ਰਹੇਗਾ। ਵਿਰੋਧੀ ਧਿਰ ਤੋਂ ਜਨਹਿਤ ਵਿਚ ਜੋ ਵੀ ਸੁਝਾਅ ਸਾਨੂੰ ਮਿਲਣਗੇ, ਅਸੀਂ ਉਨ੍ਹਾਂ ਦਾ ਪੂਰਾ ਮਾਨ-ਸਨਮਾਨ ਕਰਦੇ ਹੋਏ ਜਨਤਾ ਦੀ ਉਮੀਦਾਂ, ਆਸਾਂ ਨੂੰ ਪੂਰਾ ਕਰਨ ਦਾ ਹਰ ਸੰਭਵ ਯਤਨ ਕਰਣਗੇ।

ਮੁੱਖ ਮੰਤਰੀ ਜੋ ਸਦਨ ਦੇ ਨੇਤਾ ਵੀ ਹਨ, ਅੱਜ 15ਵੀਂ ਹਰਿਆਣਾ ਵਿਧਾਨਸਭਾ ਸੈਸ਼ਦੇ ਪਹਿਲੇ ਦਿਨ ਸਦਨ ਵੱਲੋਂ ਸਰਵਸੰਮਤੀ ਨਾਲ ਵਿਧਾਇਕ ਸ੍ਰੀ ਹਰਵਿੰਦਰ ਕਲਿਆਣ ਨੂੰ ਹਰਿਆਣਾ ਵਿਧਾਨਸਭਾ ਦਾ ਨਵਾਂ ਸਪੀਕਰ ਚੁਣੇ ਜਾਣ ਦੇ ਬਾਅਦ ਸਦਨ ਨੂੰ ਸੰਬੋਧਿਤ ਕਰ ਰਹੇ ਸਨ।

ਮੁੱਖ ਮੰਤਰੀ ਨੇ ਸ੍ਰੀ ਹਰਵਿੰਦਰ ਕਲਿਆਣ ਨੂੰ ਸਪੀਕਰ ਚੁਣੇ ਜਾਣ ਤੇ ਵਧਾਈ ਦਿੰਦੇ ਹੋਏ ਕਿਹਾ ਕਿ ਆਪਣੇ ਵਿਸਤਾਰ ਤਜਰਬੇ, ਅਨੋਖੀ ਕਾਰਜਸ਼ੈਲੀ ਅਤੇ ਨਿਮਰਤਾ ਅਤੇ ਵਿਵੇਕ ਵਰਗੇ ਵਿਲੱਖਣ ਸ਼ਖਸੀਅਤ ਦੇ ਅਨੇਕ ਗੁਣਾਂ ਨਾਲ ਸ੍ਰੀ ਹਰਵਿੰਦਰ ਕਲਿਆਣ ਸਪੀਕਰ ਅਹੁਦੇ ਦੀ ਗਰਿਮਾ ਨੂੰ ਨਵੀਂ ਉਚਾਈਆਂ ਤੇ ਲੈ ਜਾਣਗੇ। ਉਨ੍ਹਾਂ ਨੇ ਕਿਹਾ ਕਿ ਸ੍ਰੀ ਹਰਵਿੰਦਰ ਕਲਿਆਣ ਇਸ ਮਹਾਨ ਸਦਨ ਵਿਚ ਲਗਾਤਾਰ ਤੀਜੀ ਵਾਰ ਚੁਣ ਕੇ ਆਏ ਹਨ। ਉਨ੍ਹਾਂ ਦੇ ਕੋਲ ਰਾਜਨੀਤਕ ਅਤੇ ਸਮਾਜਿਕ ਜੀਵਨ ਦਾ ਨਵਾਂ ਤਜਰਬਾ ਹੈ। ਪਿਛਲੇ 10 ਸਾਲਾਂ ਵਿਚ ਅਨੇਕ ਸੰਸਦੀ ਕਮੇਟੀਆਂ ਵਿਚ ਉਨ੍ਹਾਂ ਨੇ ਵਿਧਾਈ ਕੰਮਕਾਜ ਨੂੰ ਪੂਰੀ ਜਿਮੇਵਾਰੀ ਨਾਲ ਕੀਤਾ ਹੈ। ਮਾਣ ਦੀ ਗਲ ਹੈ ਕਿ ਲ 2019 ਤੋਂ 2023 ਦੇ ਸਮੇਂ ਵਿਚ ਉਹ ਲੋਕ ਲੇਖਾ ਕਮੇਟੀ ਦੇ ਚੇਅਰਮੈਨ ਰਹੇ। ਇਸ ਤੋਂ ਇਲਾਵਾ, ਉਨ੍ਹਾਂ ਨੇ ਅੰਦਾਜਾ ਕਮੇਟੀ ਅਤੇ ਰਾਜਨੀਤਕ ਇੰਟਰਪ੍ਰਾਈਸਿਸ ਕਮੇਟੀ ਦੇ ਚੇਅਰਮੈਨ ਅਹੁਦੇ ਨੂੰ ਵੀ ਸ਼ਸੋਬਿਧ ਕੀਤਾ ਹੈ।

ਉਨ੍ਹਾਂ ਨੇ ਆਸ ਵਿਅਕਤ ਕਰਦੇ ਹੋਏ ਕਿਹਾ ਕਿ ਆਪਣੀ ਕਾਰਜਕੁਸ਼ਲਤਾ ਅਤੇ ਨਿਰਪੱਖ ਪ੍ਰਵਿਰਤੀ ਨਾਲ ਨਵੇਂ ਚੁਣ ਸਪੀਕਰ ਇਸ ਸਦਨ ਦੀ ਕਾਰਵਾਈ ਦਾ ਸੰਚਾਲਨ ਪ੍ਰਭਾਵੀ ਰੂਪ ਨਾਲ ਕਰਣਗੇ। ਇਸ ਨਾਲ ਲੋਕਤੰਤਰ ਰਿਵਾਇਤਾਂ ਹੋਰ ਮਜਬੂਤ ਹੋਣਗੀਆਂ। ਸਦਨ ਦੇ ਚੇਅਰਮੈਨ ਵਜੋ ਹਰ ਕਦਮ ਤੇ ਨਵੇਂ ਮੁਕਾਮ ਸਥਾਪਿਤ ਕਰਣਗੇ।

ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ 17ਵੀਂ ਲੋਕਸਭਾ ਦੇ ਸ਼ੁਰੂਆਤੀ ਸੈਸ਼ਨ ਵਿਚ ਕਿਹਾ ਸੀ ਕਿ ਅਸੀਂ ਗਿਣਤੀ ਦੇ ਜੋਰ ਦੇ ਆਧਾਰ ਤੇ ਨਹੀਂ, ਅਸੀਂ ਸਾਰਿਆਂ ਨੂੰ ਭਰੋਸੇ ਵਿਚ ਲੈ ਕੇ ਚਲਣਾ ਚਾਹੁੰਦੇ ਹਨ। ਪ੍ਰਧਾਨ ਮੰਤਰੀ ਦਾ ਇਹ ਵਾਕ ਸਾਡੇ ਲਈ ਆਦਰਸ਼ ਰਹੇਗਾ ਅਤੇ ਇਸ ਸਦਨ ਦੇ ਹਰ ਮੀਟਿੰਗ ਵਿਚ ਉਹ ਸਾਡਾ ਵੀ ਮੂਲ ਮੰਤਰ ਰਹੇਗਾ।

ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਲਗਾਤਾਰ ਤੀਜੀ ਵਾਰ ਬਹੁਮਤ ਪ੍ਰਾਪਤ ਕਰ ਜਨਸੇਵਾ ਦੀ ਜਿਮੇਵਾਰੀ ਸੰਭਾਲੀ ਹੈ। ਪਰ ਇਹ ਵੀ ਸੱਚ ਹੈ ਕਿ ਇਸ ਸਦਨ ਦਾ ਹਰੇਕ ਮੈਂਬਰ ਜਨਸੇਵਾ ਲਈ ਪ੍ਰਤੀਬੱਧ ਹੈ। ਉਨ੍ਹਾਂ ਨੇ ਪੱਖ-ਵਿਰੋਧੀ ਦੇ ਸਾਰੇ ਮੈਂਬਰਾਂ ਨੂੰ ਨਾਲ ਲੈ ਕੇ ਚੱਲਣ ਦਾ ਸੰਕਲਪ ਦੋਹਰਾਇਆ।

**40 ਮੈਂਬਰ ਪਹਿਲੀ ਵਾਰ ਬਣੇ ਵਿਧਾਇਕ, 13 ਮਹਿਲਾ ਵਿਧਾਇਕ ਵੀ ਚੁਣਕੇ ਆਈਆਂ**

ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ 15ਵੀਂ ਵਿਧਾਨਸਭਾ ਦੇ 90 ਮੈਂਬਰਾਂ ਵਿੱਚੋਂ 40 ਮੈਂਬਰ ਅਜਿਹੇ ਹਨ ਜੋ ਪਹਿਲੀ ਵਾਰ ਚੁਣ ਕੇ ਆਏ ਹਨ। ਜਿੱਥੇ ਇਕ ਪਾਸੇ ਨਵੇਂ ਮੈਂਬਰਾਂ ਨੂੰ ਪੁਰਾਣੇ ਮੈਂਬਰਾਂ ਤੋਂ ਬਹੁਤ ਕੁੱਝ ਸਿੱਖਣ ਨੂੰ ਮਿਲੇਗਾ। ਉੱਥੇ ਹੀ ਨਵੇਂ ਮੈਂਬਰਾਂ ਨੂੰ ਉਰਜਾ ਤੇ ਉਤਸਾਹ ਨਾਲ ਪੁਰਾਣੇ ਮੈਂਬਰਾਂ ਨੂੰ ਵੀ ਪ੍ਰੇਰਨਾ ਲੈਣ ਦਾ ਮੌਕਾ ਮਿਲੇਗਾ। ਉਨ੍ਹਾਂ ਨੇ ਕਿਹਾ ਕਿ ਪਹਿਲੀ ਵਾਰ ਚੁਣ ਕੇ ਆਏ ਵਿਧਾਇਕਾਂ ਨੂੰ ਬੋਲਣ ਦਾ ਕਾਫੀ ਮੌਕਾ ਜਰੂਰ ਦਿੱਤਾ ਜਾਵੇ। ਉਨ੍ਹਾਂ ਨੇ ਕਿਹਾ ਕਿ 14ਵੀਂ ਵਿਧਾਨਸਭਾ ਵਿਚ ਨਵਰਤਨ ਰੂਪੀ 9 ਮਹਿਲਾਵਾਂ ਮੈਂਬਰ ਚੁਣ ਕੇ ਆਈ ਸੀ। ਇਹ ਖੁਸ਼ੀ ਦੀ ਗਲ ਹੈ ਕਿ ਇਸ ਵਾਰ ਇਹ ਗਿਣਤੀ ਡੇਢ ਗੁਣਾ ਵੱਧ ਕੇ 13 ਹੋ ਗਈ ਹੈ।

ਮੁੱਖ ਮੰਤਰੀ ਨੇ ਸ੍ਰੀ ਕ੍ਰਿਸ਼ਣ ਲਾਲ ਮਿੱਢਾ ਨੂੰ ਸਰਵਸੰਮਤੀ ਨਾਲ ਡਿਪਟੀ ਸਪੀਕਰ ਚੁਣੇ ਜਾਣ ਤੇ ਵਧਾਈ ਦਿੰਦੇ ਹੋਏ ਕਿਹਾ ਕਿ ਹਰਿਆਣਾ ਦੇ ਇਤਿਹਾਸ ਵਿਚ ਪਹਿਲੀ ਵਾਰ ਵਿਧਾਨਸਭਾ ਦੇ ਸਪੀਕਰ ਇਕ ਇੰਜੀਨੀਅਰ ਅਤੇ ਡਿਪਟੀ ਸਪੀਕਰ ਇਕ ਡਾਕਟਰ ਚੁਣੇ ਗਏ ਹਨ। ਇਸ ਸੁਖਦ ਸੰਯੋਗ ਨਾਲ ਸੂਬੇ ਦੇ ਵਿਕਾਸ ਨੂੰ ਚਾਰ ਚੰਨ੍ਹ ਲੱਗਣਗੇ। ਉਨ੍ਹਾਂ ਨੇ ਕਿਹਾ ਕਿ ਡਿਪਟੀ ਸਪੀਕਰ ਸੱਭ ਨੂੰ ਨਾਲ ਲੈ ਕੇ ਚੱਲਣਗੇ।, ਸੱਭ ਨੂੰ ਆਪਣੀ ਗੱਲ ਰੱਖਣ ਦਾ ਪੂਰਾ ਮੌਕਾ ਦੇਣਗੇ ਅਤੇ ਸਦਨ ਦੀ ਮਰਿਆਦਾ ਨੂੰ ਪੂਰੀ ਤਰ੍ਹਾ ਨਾਲ ਕਾਇਮ ਰੱਖਣਗੇ।

ਮੁੱਖ ਮੰਤਰੀ ਨੇ ਸਮੂਚੇ ਸਦਨ ਵੱਲੋਂ ਤੇ ਕੈਬੀਨੇਟ ਵੱਲੋਂ ਭਰੋਸਾ ਦਿਵਾਉਂਦੇ ਹੋਏ ਕਿਹਾ ਕਿ ਸਦਨ ਦੀ ਕਾਰਵਾਈ ਦੇ ਸੁਚਾਰੂ ਸਚਾਲਨ ਵਿਚ ਲੋਕਤਾਂਤਰਿਕ ਮੁੱਲਾਂ ਦਾ ਪੂਰੀ ਜਿਮੇਵਾਰੀ ਨਾਲ ਪਾਲਣ ਕੀਤਾ ਜਾਵੇਗਾ।

ਉਨ੍ਹਾਂ ਨੇ ਅਪੀਲ ਕੀਤੀ ਕਿ ਮੈਂਬਰ ਕਿਸੇ ਵੀ ਰਾਜਨੀਤਕ ਪਾਰਟੀ ਨਾਲ ਸਬੰਧ ਰੱਖਦੇ ਹੋਣ, ਪਰ ਸਾਰੇ ਮੈਂਬਰ ਆਪਣਸ ਵਿਚ ਇਕ -ਦੂਜੇ ਦਾ ਸਹਿਯੋਗ ਕਰਨ ਤਾਂ ਜੋ ਸਦਨ ਦੀ ਸੁਚਾਰੂ ਰੁਪ ਨਾਲ ਚਲਾਇਆ ਜਾ ਸਕੇ। ਸਦਨ ਦੀ ਗਰਿਮਾ ਬਣਾਏ ਰੱਖਣ ਵਿਚ ਸਾਰੇ ਮੈਂਬਰਾਂ ਦਾ ਯੋਗਦਾਨ ਬਹੁਤ ਜਰੂਰੀ ਹੈ।

## ਮੁੱਖ ਮੰਤਰੀ ਨੇ ਖੁਰਾਕ ਅਤੇ ਸਪਲਾਈ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਕੀਤੀ ਅਹਿਮ ਮੀਟਿੰਗ

**ਚੰਡੀਗੜ੍ਹ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਸੂਬੇ ਦੇ ਕਿਸਾਨ ਭਰਾਵਾਂ ਦੇ ਹਿੱਤ ਨੂੰ ਸੱਭ ਤੋਂ ਉੱਪਰ ਰੱਖਦੇ ਹੋਏ ਅਧਿਕਾਰੀਆਂ ਨੂੰ ਸਖਤ ਨਿਰਦੇਸ਼ ਦਿੱਤੇ ਹਨ ਕਿ ਕਿਸਾਨ ਭਰਾਵਾਂ ਨੂੰ ਕਿਸੇ ਤਰ੍ਹਾ ਦੀ ਕੋਈ ਪਰੇਸ਼ਾਨੀ ਨਹੀਂ ਆਉਂਦੀ ਚਾਹੀਦੀ ਹੈ। ਸਬੰਧਿਤ ਅਧਿਕਾਰੀ ਇਹ ਯਕੀਨੀ ਕਰਨ ਕਿ ਮੰਡੀਆਂ ਵਿਚ ਖਰੀਦ ਏਜੰਸੀਆਂ 17 ਫੀਸਦੀ ਤਕ ਨਮੀ ਵਾਲੇ ਝੋਨੇ ਦਾ ਇਕ-ਇਕ ਦਾਨੇ ਨੂੰ ਘੱਟੋ ਘੱਟ ਸਹਾਇਕ ਮੁੱਲ (ਐਮਐਸਪੀ) ਤੇ ਖਰੀਦ ਕਰਨ।

ਮੁੱਖ ਮੰਤਰੀ ਅੱਜ ਇੱਥੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਅਹਿਮ ਮੀਟਿੰਗ ਕਰ ਰਹੇ ਸਨ।ਸ੍ਰੀ ਨਾਇਬ ਸਿੰਘ ਸੈਨੀ ਨੇ ਮੀਟਿੰਗ ਦੌਰਾਨ ਹੀ ਪੂਰੇ ਸੂਬੇ ਦੇ ਕੁੱਝ ਕਿਸਾਨਾਂ ਦੇ ਨਾਲ ਫੋਨ ਤੇ ਗਲ ਕੀਤੀ ਅਤੇ ਉਨ੍ਹਾਂ ਤੋਂ ਗਰਾਊਂਡ ਰਿਪੋਰਟ ਦੀ ਜਾਣਕਾਰੀ ਲਈ। ਕਿਸਾਨਾਂ ਨੇ ਮੁੱਖ ਮੰਤਰੀ ਨੂੰ ਝੋਨਾ ਖਰੀਦ ਦੌਰਾਨ ਕੱਟ ਲਗਾਉਣ ਦੀ ਜਾਣਕਾਰੀ ਦਿੱਤੀ। ਜਿਸ ਤੇ ਮੁੱਖ ਮੰਤਰੀ ਨੇ ਸਪਸ਼ਟ ਨਿਰਦੇਸ਼ ਦਿੱਤੇ ਕਿ ਸੂਬਾ ਸਰਕਾਰ ਦੇ ਲਈ ਕਿਸਾਨ ਹਿੱਤ ਸੱਭ ਤੋਂ ਉੱਪਰ ਹੈ ਅਤੇ ਅਧਿਕਾਰੀ ਇਹ ਯਕੀਨੀ ਕਰਨ ਕਿ ਕਿਸਾਨਾਂ ਨੂੰ ਕੱਟ ਲੱਗਣ ਦੀ ਸਮਸਿਆ ਦਾ ਸਾਹਮਣਾ ਨਾ ਕਰਨਾ ਪਵੇ।

ਮੁੱਖ ਮੰਤਰੀ ਆੜਤੀਆਂ ਨੂੰ ਆ ਰਹੀ ਸਮਸਿਆ ਦਾ ਹੱਲ ਕਰਦੇ ਹੋਏ ਅਧਿਕਾਰੀਆਂ ਨੂੰ ਪਿਛਲੇ ਸਾਲ ਦੀ ਕਣਕ ਕਟੌਤੀ ਦੀ ਰਕਮ ਤੁਰੰਤ ਪ੍ਰਭਾਵ ਨਾਲ ਜਾਰੀ ਕਰਨ ਦੇ ਨਿਰਦੇਸ਼ ਦਿੱਤੇ। ਨਾਲ ਹੀ ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਮੰਡੀਆਂ ਵਿਚ ਕਿਸਾਨਾਂ ਦੀ ਉਪਜ ਖਰੀਦ ਲਈ ਸਾਰੀ ਤਰ੍ਹਾ ਦੀ ਸਹੂਲਤਾਂ ਪ੍ਰਦਾਨ ਕਰ ਰਹੀ ਹੈ, ਤਾਂ ਜੋ ਖਰੀਦ ਪ੍ਰਕ੍ਰਿਆ ਸੁਚਾਰੂ ਰੂਪ ਨਾਲ ਚੱਲ ਸਕੇ। ਉਨ੍ਹਾਂ ਨੇ ਕਿਹਾ ਕਿ ਕਿਸਾਨ ਸਾਡਾ ਅੰਨਦਾਤਾ ਹੈ, ਇਸ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਸਾਡੀ ਨੀਤੀਆਂ ਦੇ ਕੇਂਦਰ ਬਿੰਦੂ ਵਿਚ ਹੈ।

ਸੂਬਾ ਸਰਕਾਰ ਕਿਸਾਨ ਨੂੰ ਫਸਲ ਦੀ ਬਿਜਾਈ ਤੋਂ ਲੈ ਕੇ ਉਸ ਨੂੰ ਬਾਜਾਰ ਵਿਚ ਵੇਚਣ ਤਕ ਹਰ ਕਦਮ ਤੇ ਮਦਦ ਦੇ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਫਸਲ ਖਰੀਦ ਦਾ ਪੈਸਾ ਵੀ ਕਿਸਾਨਾਂ ਨੂੰ ਸਿੱਧੇ ਉਨ੍ਹਾਂ ਦੇ ਖਾਤਿਆਂ ਵਿਚ ਭੁਗਤਾਨ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਦੇ ਨਾਲ ਮੋਢੇ ਨਾਲ ਮੌਢਾ ਮਿਲਾ ਕੇ ਖੜੀ ਹੈ, ਕਿਸਾਨਾਂ ਨੂੰ ਕਿਸੇ ਵੀ ਤਰ੍ਹਾ ਦੀ ਪਰੇਸ਼ਾਨੀ ਨਹੀ ਆਉਣ ਦਿੱਤੀ ਜਾਵੇਗੀ।

## 15ਵੀਂ ਵਿਧਾਨ ਸਭਾ ਦੇ ਪਹਿਲੇ ਦਿਨ ਪ੍ਰੋਟੇਮ ਸਪੀਕਰ ਡਾ. ਰਘੂਬੀਰ ਸਿੰਘ ਕਾਦਿਆਨ ਨੇ ਵਿਧਾਇਕਾਂ ਨੂੰ ਦਿਵਾਈ ਸਹੁੰ

**ਚੰਡੀਗੜ੍ਹ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ 15ਵੀਂ ਵਿਧਾਨਸਭਾ ਦੇ ਪਹਿਲੇ ਸੈਸ਼ਨ ਦੇ ਪਹਿਲੇ ਦਿਨ ਕਾਂਗਰਸ ਦੇ ਸੀਨੀਅਰ ਵਿਧਾਇਕ ਡਾ ਰਘੂਬੀਰ ਸਿੰਘ ਕਾਦਿਆਨ ਨੇ ਬਤੌਰ ਪ੍ਰੋਟੇਮ ਸਪੀਕਰ ਨਵੇਂ ਚੁਣੇ 90 ਵਿਧਾਇਕਾਂ ਨੂੰ ਵਿਧਾਨਸਭਾ ਮੈਂਬਰ ਵਜੋ ਸੁਹ ਦਿਵਾਈ।ਸੱਭ ਤੋਂ ਪਹਿਲਾਂ ਸਦਨ ਦੇ ਨੇਤਾ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਹਰਿਆਣਾ ਵਿਧਾਨਸਭਾ ਦੇ ਮੈਂਬਰ ਵਜੋ ਸੁਹ ਚੁੱਕੀ। ਇਸ ਤਰ੍ਹਾ ਕੈਬੀਨੇਟ ਮੰਤਰੀਆਂ ਸ਼ੀ ਅਨਿਲ ਵਿਜ, ਸ੍ਰੀ ਕ੍ਰਿਸ਼ਣ ਲਾਲ ਪੰਵਾਰ, ਰਾਓ ਨਰਬੀਰ ਸਿੰਘ, ਸ੍ਰੀ ਮਹੀਪਾਲ ਢਾਂਡਾਂ, ਸ੍ਰੀ ਵਿਪੁਲ ਗੋਇਲ, ਡ ? ਅਰਵਿੰਦ ਸ਼ਰਮਾ, ਸ੍ਰੀ ਸ਼ਾਮ ਸਿੰਘ ਰਾਣਾ, ਸ੍ਰੀ ਰਣਬੀਰ ਗੰਗਵਾ, ਸ੍ਰੀ ਕ੍ਰਿਸ਼ਣ ਕੁਮਾਰ ਬੇਦੀ, ਸ੍ਰੀਮਤੀ ਸ਼ਰੂਤੀ ਚੌਧਰੀ, ਅਤੇ ਕੁਮਾਰੀ ਆਰਤੀ ਰਾਓ ਨੇ ਵੀ ਹਰਿਆਣਾ ਵਿਧਾਨਸਭਾ ਦੇ ਮੈਂਬਰ ਵਜੋ ਸੁਹ ਲਈ। ਉਸ ਤੋਂ ਬਾਅਦ ਰਾਜ ਮੰਤਰੀ ਸ੍ਰੀ ਰਾਜੇਸ਼ ਨਾਗਰ, ਸ੍ਰੀ ਗੌਰਵ ਗੌਤਮ ਸਮੇਤ ਹੋਰ ਸਾਰੇ ਵਿਧਾਇਕ ਨੇ ਵੀ ਵਿਧਾਨਸਭਾ ਦੇ ਮੈਂਬਰ ਵਜੋ ਸੁਹ ਲਈ।ਸਦਨ ਦੀ ਕਾਰਵਾਈ ਦੌਰਾਨ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਵਿਧਾਨਸਭਾ ਸਪੀਕਰ ਦੇ ਅਹੁਦੇ ਲਈ ਵਿਧਾਇਕ ਸ੍ਰੀ ਹਰਵਿੰਦਰ ਕਲਿਆਣ ਦੇ ਨਾਂਅ ਦਾ ਪ੍ਰਸਤਾਵ ਰੱਖਿਆ। ਕੈਬੀਨੇਟ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਇਸ ਪ੍ਰਸਤਾਵ ਦਾ ਸਮਰਥਨ ਕੀਤਾ ਅਤੇ ਸਰਵਸੰਮਤੀ ਨਾਲ ਵਿਧਾਇਕ ਸ੍ਰੀ ਹਰਵਿੰਦਰ ਕਲਿਆਣ ਵਿਧਾਨਸਭਾ ਦੇ ਸਪੀਕਰ ਚੁਣੇ ਗਏ।ਕੈਬੀਨੇਟ ਮੰਤਰੀ ਸ੍ਰੀ ਕ੍ਰਿਸ਼ਣ ਲਾਲ ਪੰਵਾਰ ਨੇ ਵਿਧਾਨਸਭਾ ਡਿਪਟੀ ਸਪੀਕਰ ਅਹੁਦੇ ਲਈ ਵਿਧਾਇਕ ਸ੍ਰੀ ਕ੍ਰਿਸ਼ਣ ਲਾਲ ਮਿੱਢਾ ਦੇ ਨਾਂਅ ਦਾ ਪ੍ਰਸਤਾਵ ਰੱਖਿਆ। ਵਿਧਾਇਕ ਸ੍ਰੀ ਘਨਸ਼ਾਮ ਦਾਸ ਨੇ ਇਸ ਪ੍ਰਸਤਾਵ ਦਾ ਸਮਰਥਨ ਕੀਤਾ ਅਤੇ ਸਰਸੰਮਤੀ ਨਾਲ ਵਿਧਾਇਕ ਸ੍ਰੀ ਕ੍ਰਿਸ਼ਣ ਲਾਲ ਮਿੱਢਾ ਵਿਧਾਨਸਭਾ ਦੇ ਡਿਪਟੀ ਸਪੀਕਰ ਚੁਣੇ ਗਏ।ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ, ਸਾਬਕਾ ਮੁੱਖ ਮੰਤਰੀ ਸ੍ਰੀ ਭੁਪੇਂਦਰ ਸਿੰਘ ਹੁਡਾ, ਕੈਬੀਨੇਟ ਮੰਤਰੀ ਸ੍ਰੀ ਅਨਿਲ ਵਿਜ, ਸ੍ਰੀ ਮਹੀਪਾਲ ਢਾਂਡਾ, ਸ੍ਰੀ ਰਣਬੀਰ ਗੰਗਵਾ, ਸ੍ਰੀ ਕ੍ਰਿਸ਼ਣ ਕੁਮਾਰ ਬੇਦੀ ਅਤੇ ਵਿਧਾਇਕਕ ਡਾ ਰਘੂਬੀਰ ਕਾਦਿਆਨ ਸਮੇਤ ਹੋਰ ਸਾਰੇ ਮੈਂਬਰਾਂ ਨੇ ਵੀ ਹਰਵਿੰਦਰ ਕਲਿਆਣ ਨੂੰ ਸਪੀਕਰ ਅਤੇ ਡਾ ਕ੍ਰਿਸ਼ਣ ਲਾਲ ਮਿੱਢਾ ਨੂੰ ਡਿਪਟੀ ਸਪੀਕਰ ਚੁਣੇ ਜਾਣ ਤੇ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ।

## ਹਰਿਆਣਾ ਦੇ ਰਾਜਪਾਲ ਅਤੇ ਮੁੱਖ ਮੰਤਰੀ ਨੇ ਕਾਫੀ ਟੇਬਲ ਬੁੱਕ ਹਰਿਆਣਾ ਰਾਜਭਵਨ-ਏਕ ਦ੍ਰਿਸ਼ਟੀ ਦੀ ਘੁੰਡ ਚੁਕਾਈ

**ਚੰਡੀਗੜ੍ਹ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਰਾਜਪਾਲ ਸ੍ਰੀ ਬੰਡਾਰੂ ਦੱਤਾਤ੍ਰੇਅ ਅਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਅੱਜ ਰਾਜਭਵਨ ਵਿਚ ਪ੍ਰਬੰਧਿਤ ਇਕ ਸ਼ਾਨਦਾਰ ਸਮਾਰੋਹ ਵਿਚ ਸੰਯੁਕਤ ਰੂਪ ਨਾਲ ਹਰਿਆਣਾ ਰਾਜਭਵਨ-ਏਕ ਦ੍ਰਿਸ਼ਟੀ ਨਾਮਕ ਕਾਫੀ ਟੇਬਲ ਬੁੱਕ ਦੀ ਘੁੰਡ ਚੁਕਾਈ ਕੀਤੀ।

ਸ੍ਰੀ ਬੰਡਾਰੂ ਦੱਤਾਤ੍ਰੇਅ ਨੇ ਪੁਸਤਕ ਦੇ ਮਹਤੱਵ ਤੇ ਚਾਨਣ ਪਾਉਂਦੇ ਹੋਏ ਕਿਹਾ ਕਿ ਇਹ ਪ੍ਰਕਾਸ਼ਨ ਹਰਿਆਣਾ ਦੇ ਮੁੱਲਾਂ, ਵਿਰਾਸਤ ਅਤੇ ਪਰੰਪਰਾਵਾਂ ਦਾ ਇਕ ਸਥਾਈ ਪ੍ਰਮਾਣ ਹੈ ਜੋ ਸਾਡੇ ਨਾਗਰਿਕਾਂ ਨੂੰ ਰਾਜ ਦੀ ਪ੍ਰਸਾਸ਼ਨਿਕ ਅਤੇ ਸਭਿਆਚਾਰਕ ਵਿਰਾਸਤ ਨਾਲ ਜੋੜਦਾ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਕਾਫੀ ਟੇਬਲ ਬੁੱਕ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਹ ਇਕ ਮਹਤੱਵਪੂਰਨ ਉਪਲਬਧੀ ਹੈ ਜੋ ਹਰਿਆਣਾ ਦੀ ਖੁਸ਼ਹਾਲ ਸਭਿਆਚਾਰਕ ਲੋਕਾਚਾਰ ਅਤੇ ਸਾਸ਼ਨ ਵਿਚ ਰਾਜਭਵਨ ਦੀ ਮਹਤੱਵਪੂਰਨ ਭੂਮਿਕਾ ਨੂੰ ਦਰਸ਼ਾਉਂਦੀ ਹੈ।

ਇਸ ਮੌਕੇ ਤੇ ਰਾਜਪਾਲ ਦੇ ਸਕੱਤਰ ਅਤੁਲ ਦ੍ਵਿਵੇਦੀ, ਰਾਜਪਾਲ ਦੇ ਵਿਸ਼ੇਸ਼ ਕਾਰਜ ਅਧਿਕਾਰੀ ਬਖਵਿੰਦਰ ਸਿੰਘ, ਰਾਜਪਾਲ ਦੇ ਆਈ ਸਲਾਹਕਾਰ ਵੀ ਬੀਏ ਭਾਨੁਸ਼ ?ਕਰ ਅਤੇ ਹੋਰ ਅਧਿਕਾਰੀ ਅਤੇ ਮਾਣਯੋਗ ਮਹਿਮਾਨ ਮੌਜੂਦ ਸਨ।

## ਸੂਬਾ ਕਮੇਟੀ ਵੱਲੋਂ ਸੰਗਰੂਰ ਛੱਡ ਬਰਨਾਲਾ ਵਿਖੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ

**ਜ਼ੀਰਾ , 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

-ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਆਦਰਸ਼ ਸਕੂਲ ਟੀਚਿੰਗ ਨਾਨ ਟੀਚਿੰਗ ਮੁਲਾਜ਼ਮ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗਲੋਟੀ ਅਤੇ ਸੂਬਾ ਜਨਰਲ ਸਕੱਤਰ ਸੁਖਦੀਪ ਸਰਾਂ ਨੇ ਦੱਸਿਆ ਕਿ ਆਦਰਸ਼ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕਾਂ ਅਤੇ ਦਰਜਾ ਚਾਰ ਮੁਲਾਜ਼ਮਾਂ ਦਾ ਲੰਬੇ ਸਮੇਂ ਤੋਂ ਸਰਕਾਰਾਂ ਵੱਲੋਂ ਸ਼ੋਸ਼ਣ ਕੀਤਾ ਜਾ ਰਿਹਾ ਅਤੇ ਜਿਸ ਦੀ ਆਪ ਸਰਕਾਰ ਵੀ ਪੂਰਨ ਤੌਰ ਤੇ ਜਿੰਮੇਵਾਰ ਹੈ। ਉਹਨਾਂ ਕਿਹਾ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਆਈ ਹੈ, ਜਥੇਬੰਦੀ ਵੱਲੋਂ ਉਦੋਂ ਤੋਂ ਆਪਣੇ ਹੱਕਾਂ ਲਈ ਵਾਰ-ਵਾਰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ, ਜਿਹੜੀਆਂ ਕਿ ਬਿਲਕੁਲ ਬੇਸਿੱਟਾ ਰਹਿ ਰਹੀਆਂ ਹਨ।

ਆਦਰਸ਼ ਸਕੂਲਾਂ ਦੇ ਸੂਬਾ ਆਗੂਆਂ ਵੱਲੋਂ ਮੁੱਖ ਮੰਤਰੀ ਨਾਲ ਕੀਤੀ ਹੋਈ ਮੀਟਿੰਗ ਵੀ ਬੇਸਿੱਟਾ ਜਾਂਦੀ ਨਜ਼ਰ ਆ ਰਹੀ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਭਗਵੰਤ ਸਿੰਘ ਮਾਨ ਨੂੰ ਮੁੱਖ ਮੰਤਰੀ ਬਣਿਆ ਅੱਜ ਲਗਭਗ ਤਿੰਨ ਸਾਲ ਪੂਰੇ ਹੋਣ ਵਾਲੇ ਹਨ । ਪਿਛਲੇ ਤਿੰਨ ਸਾਲਾਂ ਤੋਂ ਹੀ ਸਿੱਖਿਆ ਮੰਤਰੀ ਸਾਹਿਬ ਦੇ ਕਹਿਣ ਦੇ ਮੁਤਾਬਿਕ ਆਦਰਸ਼ ਸਕੂਲਾਂ ਦੀ ਫਾਈਲ ਸੀ ਐੱਮ ਪੰਜਾਬ ਦੇ ਟੇਬਲ ਤੇ ਰੁਲ ਰਹੀ ਪਰ ਉਹਨਾਂ ਦਾ ਹਰਾ ਪੈੱਨ ਨਹੀਂ ਚੱਲਿਆ । ਆਦਰਸ਼ ਸਕੂਲਾਂ ਦਾ ਪਰਨਾਲਾ ਉਥੇ ਦਾ ਉਥੇ ਹੈ। ਅਧਿਆਪਕਾਂ ਤੇ ਦਰਜਾ ਚਾਰ ਮੁਲਾਜ਼ਮਾਂ ਦੀਆਂ ਨਿਗੁਣੀਆਂ ਤਨਖਾਹਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ । ਜਸਵੀਰ ਸਿੰਘ ਗਲੋਟੀ ਸੂਬਾ ਪ੍ਰਧਾਨ ਅਤੇ ਸੂਬਾ ਜਨਰਲ ਸਕੱਤਰ ਸੁਖਦੀਪ ਸਰਾਂ ਨੇ ਕਿਹਾ ਕਿ ਇਹਨਾਂ ਸਕੂਲਾਂ ਵਿੱਚ ਅਧਿਆਪਕ ਬੱਚਿਆਂ ਦਾ 100% ਨਤੀਜਾ ਦੇ ਕੇ ਵੀ ਨਗੁਣੀਆਂ ਤਨਖਾਹਾਂ ਵਰਗੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ, ਜਿਸ ਦੇ ਰੋਸ ਵਜੋਂ ਅਧਿਆਪਕ ਸਾਥੀਆਂ ਵੱਲੋਂ ਮਜਬੂਰਨ 27 ਅਕਤੂਬਰ ਨੂੰ ਬਰਨਾਲਾ ਵਿਖੇ ਮੌਜੂਦਾ ਸਰਕਾਰ ਦੇ ਖਿਲਾਫ ਰੋਸ ਪ੍ਰਦਰਸ਼ਨ ਰੱਖਿਆ ਗਿਆ ਹੈ । ਇਸ ਮੌਕੇ ਸਲੀਮ ਮੁਹੰਮਦ, ਮੈਡਮ ਮੈਨੂੰ ਬਾਲਾ, ਮੈਡਮ ਹਰਪ੍ਰੀਤ ਕੌਰ, ਅਮਰਜੋਤ ਜੋਸ਼ੀ, ਗਗਨ ਮਹਾਜਨ, ਮੈਡਮ ਓਮਾ ਮਾਧਵੀ, ਭੁਪਿੰਦਰ ਕੌਰ, ਸਰਬਜੀਤ ਕੌਰ, ਸੰਜੀਵ ਕੁਮਾਰ, ਸੁਖਚੈਨ ਸਿੰਘ, ਮਨਮੋਹਣ ਸਿੰਘ, ਅਮਨਦੀਪ ਖਾਨ, ਦੀਪਕ ਕੁਮਾਰ, ਗੁਰਚਰਨ ਸਿੰਘ, ਜਗਤਾਰ ਸਿੰਘ, ਹਰਸਿਮਰਨ ਸਿੰਘ, ਗੁਰਿੰਦਰ ਸਿੰਘ, ਅਮਨ ਸ਼ਾਸਤਰੀ, ਨਵਜੋਤ ਸਿੰਘ, ਅਮਰੀਕ ਸਿੰਘ ਆਦਿ ਹਾਜ਼ਰ ਸਨ ।

## ਜ਼ਿਮਨੀ ਚੋਣ 'ਚ ਜਨਰਲ, ਖਰਚਾ ਤੇ ਪੁਲਿਸ ਨਿਗਰਾਨਾਂ ਨੇ ਚੋਣ ਅਮਲੇ ਨਾਲ ਕੀਤੀਆਂ ਮੀਟਿੰਗਾਂ




**ਬਰਨਾਲਾ,29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

13 ਨਵੰਬਰ ਨੂੰ ਹੋਣ ਜਾ ਰਹੀ ਬਰਨਾਲਾ ਜ਼ਿਮਨੀ ਚੋਣ ਲਈ ਭਾਰਤੀ ਚੋਣ ਕਮਿਸ਼ਨ ਵੱਲੋਂ ਲਾਏ ਗਏ ਜਨਰਲ, ਖਰਚਾ ਤੇ ਪੁਲਿਸ ਅਬਜ਼ਰਵਰਾਂ ਨੇ ਅੱਜ ਅਧਿਕਾਰੀਆਂ ਅਤੇ ਚੋਣ ਅਮਲੇ ਨਾਲ ਅਹਿਮ ਮੀਟਿੰਗਾਂ ਕੀਤੀਆਂ।ਜਨਰਲ ਨਿਗਰਾਨ ਨਵੀਨ ਐਸਐਲ, ਖਰਚਾ ਨਿਗਰਾਨ ਜੋਸਫ ਗੌੜਾ ਅਤੇ ਪੁਲਿਸ ਨਿਗਰਾਨ ਉਡੰਦੀ ਉਦੈਯਾ ਕਿਰਨ ਨੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਅਤੇ ਐਸਐਸਪੀ ਬਰਨਾਲਾ ਸੰਦੀਪ ਕੁਮਾਰ ਮਲਿਕ ਦੀ ਮੌਜੂਦਗੀ ਵਿੱਚ ਚੋਣ ਅਮਲੇ ਨਾਲ ਮੀਟਿੰਗ ਕੀਤੀ।

ਚੋਣ ਅਮਲੇ ਨਾਲ ਮੀਟਿੰਗ ਕਰਦਿਆਂ ਜਨਰਲ ਅਬਜ਼ਰਵਰ ਨਵੀਨ ਐਸ.ਐਲ. ਨੇ ਬਰਨਾਲਾ ਵਿਖੇ ਚੋਣ ਪ੍ਰਬੰਧਾਂ 'ਤੇ ਤਸੱਲੀ ਪ੍ਰਗਟਾਈ। ਉਨ੍ਹਾਂ ਕਿਹਾ ਕਿ ਚੋਣਾਂ ਸੁਤੰਤਰ ਅਤੇ ਨਿਰਪੱਖ ਢੰਗ ਨਾਲ ਕਰਵਾਈਆਂ ਜਾਣ। ਈਵੀਐਮ ਮਸ਼ੀਨਾਂ ਦੀ ਸਟੋਰੇਜ ਨੂੰ ਯਕੀਨੀ ਬਣਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਉਨ੍ਹਾਂ ਅੱਗੇ ਕਿਹਾ ਕਿ ਚੋਣ ਅਮਲੇ ਨੂੰ ਵਾਰ-ਵਾਰ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਪੋਲਿੰਗ ਵਾਲੇ ਦਿਨ ਸਬੰਧੀ ਸ਼ੰਕਿਆਂ ਨੂੰ ਦੂਰ ਕੀਤਾ ਜਾ ਸਕੇ ਅਤੇ ਚੋਣ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।ਜ਼ਿਲ੍ਹਾ ਚੋਣ ਅਫ਼ਸਰ ਪੂਨਮਦੀਪ ਕੌਰ ਨੇ ਦੱਸਿਆ ਕਿ ਲੋਕ ਸਭਾ ਚੋਣਾਂ 2024 ਦੌਰਾਨ ਏ.ਆਰ.ਓ ਮਹਿਲ ਕਲਾਂ ਸਤਵੰਤ ਸਿੰਘ ਵਲੋਂ ਵੋਟਾਂ ਵਾਲੇ ਦਿਨ ਦੀ ਚੋਣ ਅਮਲੇ ਦੀ ਜ਼ਿੰਮੇਵਾਰੀ ਸਬੰਧੀ ਵੀਡੀਓ ਤਿਆਰ ਕਰਵਾਈ ਗਈ ਸੀ। ਇਸ ਇੱਕ ਘੰਟੇ ਦੀ ਵੀਡੀਓ ਵਿੱਚ ਵੱਖ-ਵੱਖ ਫਾਰਮਾਂ ਦਾ ਵੀ ਜ਼ਿਕਰ ਹੈ ਜੋ ਟੀਮ ਨੇ ਪੋਲਿੰਗ ਦੇ ਵੱਖ-ਵੱਖ ਪੜਾਵਾਂ ਵਿੱਚ ਭਰਨੇ ਹੁੰਦੇ ਹਨ। ਉਨ੍ਹਾਂ ਕਿਹਾ ਕਿ ਇਹ ਵੀਡੀਓ ਹੁਣ ਉਪਲਬਧ ਹੈ ਜਿਸ ਨਾਲ ਚੋਣ ਸਟਾਫ਼ ਨੂੰ ਵੋਟਾਂ ਵਾਲੇ ਦਿਨ ਦੀ ਡਿਊਟੀ ਸਮਝਣ ਵਿੱਚ ਆਸਾਨੀ ਹੋਵੇਗੀ।ਖਰਚਾ ਨਿਗਰਾਨ ਜੋਸਫ ਗੌੜਾ ਨੇ ਨਿਰਦੇਸ਼ ਦਿੱਤੇ ਕਿ ਸਾਰੇ ਖਰਚਾ ਰਜਿਸਟਰ ਅਤੇ ਉਹਨਾਂ ਦੇ ਸ਼ੈਡੋ ਰਜਿਸਟਰਾਂ ਦੀ ਸਹੀ ਢੰਗ ਨਾਲ ਭਰਿਆ ਜਾਵੇ। ਪੁਲਿਸ ਅਬਜ਼ਰਵਰ ਨੇ ਪੁਲਿਸ ਨੂੰ ਹਦਾਇਤ ਕੀਤੀ ਕਿ ਚੋਣ ਕਮਿਸ਼ਨ ਦੇ ਹੁਕਮਾਂ ਅਨੁਸਾਰ ਪੋਲਿੰਗ ਬੂਥਾਂ ਦੇ ਅੰਦਰ ਮੋਬਾਈਲ ਫੋਨਾਂ ਲਿਜਾਣ ਦੀ ਸਖਤੀ ਮਨਾਹੀ ਹੈ ਤੇ ਇਨ੍ਹਾਂ ਹੁਕਮਾਂ ਦਾ ਧਿਆਨ ਰੱਖਿਆ ਜਾਵੇ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਸੁਰੱਖਿਆ ਦੇ ਸਾਰੇ ਪ੍ਰਬੰਧ ਪੁਖ਼ਤਾ ਹੋਣ।

ਇਸ ਮੌਕੇ ਏ.ਡੀ.ਸੀ (ਜ) ਲਤੀਫ਼ ਅਹਿਮਦ, ਏ.ਡੀ.ਸੀ.(ਵਿਕਾਸ) ਸਤਵੰਤ ਸਿੰਘ, ਐਸ.ਡੀ.ਐਮ ਬਰਨਾਲਾ ਗੁਰਬਿੰਦਰ ਸਿੰਘ ਕੋਹਲੀ, ਸਹਾਇਕ ਕਮਿਸ਼ਨਰ (ਜ) ਰਾਜਨ ਗੋਇਲ, ਐਸ.ਪੀ ਸੰਦੀਪ ਸਿੰਘ, ਡੀ.ਐਸ.ਪੀ ਸਤਵੀਰ ਸਿੰਘ, ਡੀ.ਐਸ.ਪੀ ਪਰਮਜੀਤ ਸਿੰਘ ਡੋਡ ਤੇ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

## ਤਿੰਨ ਰੋਜਾ ਪ੍ਰਾਇਮਰੀ ਸਕੂਲ ਖੇਡਾਂ ਸ਼ਾਨੋ-ਸ਼ੌਕਤ ਨਾਲ ਸਮਾਪਤ



**ਸ੍ਰੀ ਆਨੰਦਪੁਰ ਸਾਹਿਬ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਸ੍ਰੀ ਦਸ਼ਮੇਸ਼ ਮਾਰਸ਼ਲ ਆਰਟਸ ਅਕੈਡਮੀ ਵਿਖੇ ਚੱਲ ਰਹੀਆਂ ਤਿੰਨ ਰੋਜਾ ਜਿਲ੍ਹਾ ਪ੍ਰਾਇਮਰੀ ਸਕੂਲ ਖੇਡਾ ਸਾਨੋ-ਸੌਕਤ ਨਾਲ ਸਮਾਪਤ ਹੋ ਗਈਆਂ। ਅੰਤਿਮ ਦਿਨ ਇਨਾਮਾਂ ਦੀ ਵੰਡ ਲਈ ਦਰਸ਼ਨਜੀਤ ਸਿੰਘ ਜਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਨੇ ਵਿਸ਼ੇਸ਼ ਤੌਰ ਤੇ ਸਿ ?ਰਕਤ ਕੀਤੀ। ਉਨ੍ਹਾ ਜੇਤੂ ਟੀਮਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹਨਾ ਮੁਕਾਬਲਿਆਂ ਦੇ ਜੇਤੂ ਹੁਣ ਸੂਬਾ ਪੱਧਰੀ ਖੇਡਾਂ ਵਿੱਚ ਭਾਗ ਲੈਣਗੇ। ਜਿਸ ਲਈ ਉਨ੍ਹਾਂ ਨੂੰ ਹੁਣ ਤੋਂ ਹੀ ਸਖਤ ਮਿਹਨਤ ਕਰਨ ਦੀ ਲੋੜ ਹੈ। ਉਨ੍ਹਾ ਕਿਹਾ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵਲੋਂ ਸਕੂਲਾਂ ਅੰਦਰ ਵਿਆਪਕ ਸੁਧਾਰ ਕੀਤੇ ਗਏ ਹਨ।ਜਿਸ ਕਰਕੇ ਜਿੱਥੇ ਸਰਕਾਰੀ ਸਕੂਲਾਂ ਵਿੱਚ ਲੋਕਾਂ ਦੀ ਭਰੋਸ਼ੇ-ਯੋਗਤਾ ਵਧੀ ਹੈ, ਉੱਥੇ ਹੀ ਮਾਪੇ ਹੁਣ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾ ਰਹੇ ਹਨ। ਇਸ ਤੋਂ ਪਹਿਲਾਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਜ਼ਸਵੀਰ ਸਿੰਘ ਨੇ ਉਨ੍ਹਾ ਨੂੰ ਜੀ ਆਇਆ ਕਿਹਾ ਜਦੋਕਿ ਮੰਚ ਸੰਚਾਲਣ ਦੀ ਭੂਮਿਕਾਂ ਸੀ.ਐਚ.ਟੀ. ਮਨਜੀਤ ਸਿੰਘ ਮਾਵੀ ਨੇ ਨਿਭਾਈ।

ਉਨ੍ਹਾ ਦੱਸਿਆ ਕਿ ਕੁਸ਼ਤੀਆਂ ਦੇ 32 ਕਿਲੋਭਾਰ ਵਰਗ ਵਿੱਚ ਅਨਮੋਲ ਮੋਰਿੰਡਾ ਨੇ ਪਹਿਲਾ ਅਤੇ ਅਨੁਜ਼ ਨੰਗਲ ਨੇ ਦੂਜਾ, ਤੀਹ ਕਿਲੋ ਵਰਗ ਵਿੱਚ ਸ਼ਲੀਮ ਕੀਰਤਪੁਰ ਸਾਹਿਬ ਨੇ ਪਹਿਲਾ ਅਤੇ ਅਮਿਤ ਕੁਮਾਰ ਸਲੋਰਾ ਨੇ ਦੂਜਾ, 28 ਕਿਲੋਂ ਵਿੱਚ ਅਕਾਸ਼ ਮੋਰਿੰਡਾ ਨੇ ਪਹਿਲਾ ਅਤੇ ਮਨੀਸ਼ ਰੂਪਨਗਰ ਨੇ ਦੂਜਾ ਸਥਾਨ ਹਾਸਲ ਕੀਤਾ।

ਇਸ ਮੌਕੇ ਮਨਿੰਦਰ ਰਾਣਾ, ਕੁਲਦੀਪ ਪਰਮਾਰ, ਮਲਕੀਤ ਸਿੰਘ ਭੱਠਲ, ਛਿੰਦਾ ਭਟਨਾਗਰ, ਰਾਜ ਕੁਮਾਰ, ਮੀਮਲ ਸਿੰਘ, ਲੱਕੀ ਕੋਟਲਾ, ਨੀਲਮ ਝਿੰਮ, ਬਲਜਿੰਦਰ ਸਿੰਘ ਢਿੱਲੋ, ਅਵਨੀਤ ਚੱਡਾ, ਸੰਜੀਤਾ ਕੌਰ, ਸੁਨੀਤਾ ਧੀਮਾਨ, ਕਮਲਜੀਤ ਕੌਰ, ਦਵਿੰਦਰ ਗਰਦਲੇ, ਅਮਨਪ੍ਰੀਤ ਕੌਰ, ਵਿਕਰਮ ਸ਼ਰਮਾ, ਰਣਬੀਰ ਸਿੰਘ ਗੱਜਪੁਰ, ਤੰਨੂ ਸ਼ਰਮਾ, ਰਾਮ ਕੁਮਾਰ, ਕ੍ਰਾਂਤੀਪਾਲ, ਮਨਜੋਤ ਸਿੰਘ, ਜ਼ਸਵੀਰ ਸਿੰਘ, ਲਖਵਿੰਦਰ ਸੈਨੀ ਮਾਜਰਾ, ਬਲਵਿੰਦਰ ਸਿੰਘ ਬਿੰਦਾ, ਵਿਕਾਸ ਸੋਨੀ, ਅਮਰਜੀਤ ਸਿੰਘ, ਇੰਦਰਦੀਪ ਸਿੰਘ, ਗੁਰਜੀਤ ਕੌਰ, ਸੁ ?ਸ਼ੀਲ ਕੁਮਾਰ, ਸੁਰਜੀਤ ਸਿੰਘ, ਵਰੁਣ ਕੁਮਾਰ, ਭੁਪਿੰਦਰ ਸਿੰਘ, ਜਗਪਾਲ ਸਿੰਘ, ਹਰਜੀਤ ਸੈਨੀ, ਬਲਵਿੰਦਰ ਸਿੰਘ ਲੋਧੀਪੁਰ, ਪਰਮਜੀਤ ਕੁਮਾਰ, ਸਤਨਾਮ ਸਿੰਘ, ਅਨੀਤਾ ਕੁਮਾਰੀ, ਸੁਰਿੰਦਰਪਾਲ, ਬਲਵੀਰ ਸਿੰਘ, ਗੁਰਿੰਦਰਪਾਲ ਸਿੰਘ ਖੇੜੀ, ਪਵਨ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਅਤੇ ਵਿਦਿਆਰਥੀ ਹਾਜਰ ਸਨ।

## ਹਰਿਆਣਾ ਵਿਧਾਨ ਸਭਾ: ਕਲਿਆਣ ਸਪੀਕਰ ਤੇ ਮਿੱਢਾ ਡਿਪਟੀ ਸਪੀਕਰ ਬਣੇ



**ਚੰਡੀਗੜ੍ਹ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਧਾਨ ਸਭਾ 'ਚ ਅੱਜ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਸਮੇਤ ਨਵੇਂ ਚੁਣੇ ਵਿਧਾਇਕਾਂ ਨੇ ਸਹੁੰ ਚੁੱਕੀ। ਵਿਧਾਨ ਸਭਾ ਦੇ ਪ੍ਰੋਟੈਮ ਸਪੀਕਰ ਡਾ. ਰਘੁਬੀਰ ਕਾਦਿਆਨ ਨੇ ਸਾਰੇ ਮੈਂਬਰਾਂ ਨੂੰ ਅਹੁਦੇ ਭੇਤ ਬਰਕਰਾਰ ਰੱਖਣ ਦਾ ਹਲਫ਼ ਦਿਵਾਇਆ। ਇਸ ਮਗਰੋਂ ਸਪੀਕਰ ਤੇ ਡਿਪਟੀ ਸਪੀਕਰ ਦੀ ਚੋਣ ਹੋਈ ਜਿਸ ਦੌਰਾਨ ਘਰੌਂਡਾ ਤੋਂ ਲਗਾਤਾਰ ਤਿੰਨ ਵਾਰ ਦੇ ਭਾਜਪਾ ਵਿਧਾਇਕ ਹਰਵਿੰਦਰ ਸਿੰਘ ਕਲਿਆਣ ਨੂੰ ਵਿਧਾਨ ਸਭਾ ਦਾ ਸਪੀਕਰ ਚੁਣਿਆ ਗਿਆ। ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਸਪੀਕਰ ਦੇ ਅਹੁਦੇ ਲਈ ਹਰਵਿੰਦਰ ਕਲਿਆਣ ਦਾ ਨਾਂ ਪੇਸ਼ ਕੀਤਾ ਅਤੇ ਪੀਡਬਲਿਊਡੀ ਮੰਤਰੀ ਰਣਬੀਰ ਸਿੰਘ ਗੰਗਵਾ ਨੇ ਉਨ੍ਹਾਂ ਦੇ ਨਾਂ ਦੀ ਹਮਾਇਤ ਕੀਤੀ। ਇਸ ਮਗਰੋਂ ਹਰਵਿੰਦਰ ਸਿੰਘ ਨੂੰ ਸਰਬ ਸਹਿਮਤੀ ਨਾਲ ਸਪੀਕਰ ਚੁਣ ਲਿਆ ਗਿਆ। ਸੀਐੱਮ ਸੈਨੀ, ਅਨਿਲ ਵਿੱਜ, ਕ੍ਰਿਸ਼ਨ ਲਾਲ ਪੰਵਾਰ, ਰਣਬੀਰ ਸਿੰਘ ਗੰਗਵਾ ਤੇ ਮਹੀਪਾਲ ਸਿੰਘ ਢਾਂਡਾ ਨੇ ਹਰਵਿੰਦਰ ਸਿੰਘ ਕਲਿਆਣ ਨੂੰ ਸਪੀਕਰ ਦੀ ਕੁਰਸੀ 'ਤੇ ਬਿਠਾਇਆ। ਨਵੇਂ ਸਪੀਕਰ ਨੇ ਡਿਪਟੀ ਸਪੀਕਰ ਦੀ ਚੋਣ ਕਰਵਾਈ। ਵਿਕਾਸ ਤੇ ਪੰਚਾਇਤ ਮੰਤਰੀ ਕ੍ਰਿਸ਼ਨ ਲਾਲ ਪੰਵਾਰ ਨੇ ਡਿਪਟੀ ਸਪੀਕਰ ਦੇ ਅਹੁਦੇ ਲਈ ਡਾ. ਕ੍ਰਿਸ਼ਨ ਮਿੱਢਾ ਦਾ ਨਾਂ ਪੇਸ਼ ਕੀਤਾ ਤੇ ਯਮੁਨਾਨਗਰ ਤੋਂ ਵਿਧਾਇਕ ਘਣਸ਼ਿਆਮ ਦਾਸ ਅਰੋੜਾ ਨੇ ਉਨ੍ਹਾਂ ਦੀ ਹਮਾਇਤ ਕੀਤੀ। ਡਿਪਟੀ ਸਪੀਕਰ ਦੀ ਚੋਣ ਵੀ ਸਰਬ ਸਹਿਮਤੀ ਨਾਲ ਹੋ ਗਈ। ਇਸ ਤੋਂ ਪਹਿਲਾਂ ਰਾਜਪਾਲ ਬੰਡਾਰੂ ਦੱਤਾਤ੍ਰੇਅ ਨੇ ਕਾਦਿਆਨ ਨੂੰ ਐਕਟਿੰਗ ਸਪੀਕਰ ਲਈ ਅਹੁਦੇ ਦੀ ਸਹੁੰ ਦਿਵਾਈ।

ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਸਪੀਕਰ ਦਾ ਅਹੁਦਾ ਅਹਿਮ ਹੈ। ਉਨ੍ਹਾਂ ਦੀ ਡਿਊਟੀ ਬਣਦੀ ਹੈ ਕਿ ਉਹ ਸਦਨ ਦੇ ਸਾਰੇ ਸਾਥੀਆਂ ਨੂੰ ਨਾਲ ਲੈ ਕੇ ਚੱਲਣ। ਵਿਰੋਧੀ ਧਿਰ ਦਾ ਵਿਸ਼ੇਸ਼ ਤੌਰ 'ਤੇ ਖਿਆਲ ਰੱਖਿਆ ਜਾਵੇ।ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਇਸ ਵਾਰ 40 ਵਿਧਾਇਕ ਪਹਿਲੀ ਵਾਰ ਚੁਣ ਕੇ ਆਏ ਹਨ। ਅਜਿਹੇ 'ਚ ਸਪੀਕਰ ਨੂੰ ਉਨ੍ਹਾਂ ਸਾਰਿਆਂ ਨੂੰ ਬੋਲਣ ਦਾ ਮੌਕਾ ਦੇਣਾ ਚਾਹੀਦਾ ਹੈ। ਉਨ੍ਹਾਂ 15ਵੀਂ ਵਿਧਾਨ ਸਭਾ 'ਚ ਚੁਣ ਕੇ ਆਈਆਂ 13 ਮਹਿਲਾ ਵਿਧਾਇਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸਰਕਾਰ ਵਿਰੋਧੀ ਧਿਰ ਦੇ ਸਕਾਰਾਤਮਕ ਸੁਝਾਵਾਂ 'ਤੇ ਅਮਲ ਕਰੇਗੀ

## ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆ ਨੂੰ ਪਰਾਲੀ ਨਾ ਸਾੜਨ ਬਾਰੇ ਜਾਗਰੂਕ ਕੀਤਾ

**ਬਟਾਲਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਉਮਾ ਸ਼ੰਕਰ ਗੁਪਤਾ,ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਜਿੱਥੇ ਜ਼ਿਲੇ ਦੇ ਵੱਖ-ਵੱਖ ਪਿੰਡਾਂ ਵਿਚ ਜਾ ਕੇ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤੀ ਜਾ ਰਿਹਾ ਹੈ, ਉੱਥੇ ਸਕੂਲਾਂ ਅੰਦਰ ਵੀ ਵਿਦਿਆਰਥੀਆਂ ਨੂੰ ਪਰਾਲੀ ਸਾੜਨ ਦੇ ਨੁਕਸਾਨਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਧੁੱਪਸੜੀ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਪਰਮਜੀਤ ਕੌਰ ਅਤੇ ਖੇਤੀਬਾੜੀ ਵਿਸਥਾਰ ਅਫਸਰ ਸ਼੍ਰੀਮਤੀ ਰਵਿੰਦਰ ਕੌਰ ਵੀ ਮੌਜੂਦ ਸਨ।

ਇਸ ਸਬੰਧੀ ਅੱਜ ਐੱਸ.ਡੀ.ਐੱਮ ਬਟਾਲਾ ਸ਼੍ਰੀ ਵਿਕਰਮਜੀਤ ਸਿੰਘ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਿਲ੍ਹਾ ਟੇਕ ਸਿੰਘ ਅਤੇ ਧੁੱਪਸੜੀ ਸਕੂਲ ਦੇ ਕਰੀਬ 957 ਵਿਦਿਆਰਥੀਆਂ ਨੂੰ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਅਤੇ ਵਿਦਿਆਰਥੀਆਂ ਵੱਲੋਂ ਪ੍ਰਣ ਵੀ ਲਿਆ ਗਿਆ।

## ਕੁਸ਼ਤੀ ਵਿੱਚ ਕਮਲਜੀਤ ਡੂਮਖੇੜੀ ਨੇ ਸੁਨੀਲ ਜ਼ੀਰਕਪੁਰ ਨੂੰ ਹਰਾਇਆ



**ਸ਼ਾਹਬਾਦ ਮਾਰਕੰਡਾ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੀਰ ਬਾਬਾ ਪੀਰ ਦੀ ਮਜਾਰ ਪਿੰਡ ਲਖਮੜੀ 'ਚ ਕਰਵਾਇਆ ਗਿਆ ਸਾਲਾਨਾ ਮੇਲਾ ਪੰਜਾਬੀ ਗਾਇਕ ਗੁਲਾਬ ਸਿੱਧੂ ਤੇ ਅਜਰਨ ਢਿੱਲੋਂ ਵੱਲੋਂ ਪੇਸ਼ ਕੀਤੇ ਗਏ ਸਭਿਆਚਾਰਕ ਪ੍ਰੋਗਰਾਮਾਂ ਨਾਲ ਸਮਾਪਤ ਹੋ ਗਿਆ।

ਸੰਗਰੂਰ ਦੇ ਐੱਸਐੱਸਪੀ ਨਵਰੀਤ ਸਿੰਘ ਵਿਰਕ ਵੱਲੋਂ ਆਪਣੇ ਜੱਦੀ ਪਿੰਡ ਲਖਮੜੀ ਵਿੱਚ ਪਿੰਡ ਦੇ ਪੁਰਖਿਆਂ ਦੀ ਯਾਦ 'ਚ ਕਰਵਾਏ ਕਰਵਾਏ ਗਏ ਇਸ ਮੇਲੇ ਦੌਰਾਨ ਕੁਸ਼ਤੀ ਮੁਕਾਬਲੇ ਵਿੱਚ ਕਮਲਜੀਤ ਪਹਿਲਵਾਨ ਡੂਮਖੇੜੀ ਨੇ ਸੁਨੀਲ ਪਹਿਲਵਾਨ ਜ਼ੀਰਕਪੁਰ ਨੂੰ ਹਰਾ ਕੇ ਮੋਟਰਸਾਈਕਲ ਜਿੱਤਿਆ।

ਇਹ ਮੇਲਾ ਸਮਾਜਿਕ ਏਕਤਾ ਦੀ ਮਿਸਾਲ ਸਾਬਤ ਹੋਇਆ ਜਿਸ ਵਿਚ ਵੱਖ ਵੱਖ ਭਾਈਚਾਰਿਆਂ ਅਤੇ ਖੇਤਰ ਦੇ ਲੋਕਾਂ ਨੇ ਮਿਲ ਕੇ ਦੰਗਲ, ਮਹਿਲਾ ਕਬੱਡੀ ਤੇ ਪੰਜਾਬੀ ਗਾਇਕਾਂ ਵੱਲੋਂ ਪੇਸ਼ ਕੀਤੇ ਗਏ ਸਭਿਆਚਾਰਕ ਪ੍ਰੋਗਰਾਮਾਂ ਦਾ ਅਨੰਦ ਮਾਣਿਆ। ਇਸ ਨਾਲ ਲੋਕਾਂ ਵਿਚ ਆਪਸੀ ਸਾਂਝ ਵਧੀ।

ਮੇਲੇ ਵਿੱਚ ਧਾਰਮਿਕ ਤੇ ਸਮਾਜਿਕ ਰਵਾਇਤਾਂ ਤੋਂ ਇਲਾਵਾ ਕੁਸ਼ਤੀ ਰਾਹੀਂ ਖੇਡਾਂ ਨੂੰ ਉਤਸ਼ਾਹਿਤ ਕੀਤਾ ਗਿਆ।

ਇਸ ਮੌਕੇ ਐੱਸਐੱਸਪੀ ਨਵਰੀਤ ਸਿੰਘ ਨੇ ਕਿਹਾ ਕਿ ਮੇਲੇ ਅਤੇ ਖੇਡਾਂ ਸਭਿਆਚਾਰ ਵਿਰਸੇ ਨੂੰ ਸੰਭਾਲਣ ਵਿਚ ਸਹਾਈ ਹੁੰਦੀਆਂ ਹਨ, ਜਿਸ ਨਾਲ ਨੌਜਵਾਨਾਂ ਦੇ ਗਿਆਨ ਵਿਚ ਵਾਧਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ਵਿਚ ਹਿੱਸਾ ਲੈਣ ਨਾਲ ਵਿਅਕਤੀ ਦੀ ਸਰੀਰਕ ਤੇ ਮਾਨਸਿਕ ਸਿਹਤ ਠੀਕ ਰਹਿੰਦੀ ਹੈ। ਖੇਡ ਸਮਾਗਮ ਨਵੇਂ ਖਿਡਾਰੀਆਂ ਨੂੰ ਆਪਣਾ ਹੁਨਰ ਦਿਖਾਉਣ ਦਾ ਮੰਚ ਪ੍ਰਦਾਨ ਕਰਦੇ ਹਨ, ਜਿਸ ਸਦਕਾ ਨਵੇਂ ਖਿਡਾਰੀ ਉਭਰਦੇ ਹਨ।

ਉਨ੍ਹਾਂ ਕਿਹਾ ਕਿ ਖੇਡ ਸਮਾਗਮ ਮੇਲਿਆਂ ਵਿਚ ਆਉਣ ਵਾਲੇ ਲੋਕਾਂ ਦੇ ਮਨੋਰੰਜਨ ਦਾ ਅਹਿਮ ਸਾਧਨ ਹੁੰਦੇ ਹਨ। ਅਜਿਹੇ ਸਮਾਗਮ ਲੋਕਾਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਮਜ਼ਬੂਤ ਕਰਨ ਦੇ ਨਾਲ ਨਾਲ ਸਥਾਨਕ ਖੇਡਾਂ ਤੇ ਸਭਿਆਚਾਰ ਨੂੰ ਉਤਸ਼ਾਹਿਤ ਕਰਨ ਦੇ ਮੌਕੇ ਪ੍ਰਦਾਨ ਕਰਦੇ ਹਨ। ਇਸ ਮੌਕੇ ਸ਼ਮਸ਼ੇਰ ਸਿੰਘ ਵਿਰਕ, ਗੁਰਦੀਪ ਸਿੰਘ ਵਿਰਕ ਮੰਗੋਲੀ, ਜਤਿੰਦਰ ਗਿੱਲ ਲਾਡਵਾ, ਗਗਨਦੀਪ ਸਿੰਘ ਵਿਰਕ, ਸਰਪੰਚ ਸਤਪਾਲ ਸਿੰਘ, ਜਸਵਿੰਦਰ ਸਿੰਘ ਢਿੱਲੋਂ, ਜਤਿੰਦਰ ਸਿੰਘ ਵਿਰਕ, ਸੁਰਿੰਦਰ ਸਿੰਘ, ਸ਼ਿਵ ਕੁਮਾਰ ਸੈਣੀ, ਬਲਿਹਾਰ ਸਿੰਘ ਵਿਰਕ, ਡਾ. ਅਮਿਤ ਗੈਰੀ ਵਿਰਕ, ਨਵਜੀਤ ਸਿੰਘ, ਤਾਜ ਵਿਰਕ, ਬਲਰਾਜ ਸਿੰਘ, ਡਾ ਸ਼ਹਿਬਾਜ ਸਿੰਘ, ਜੋਧਵੀਰ ਸਿੰਘ, ਸੁਰਜੀਤ ਸਿੰਘ ,ਸ਼ਿਵ ਕੁਮਾਰ ਸੈਣੀ ਤੋਂ ਇਲਾਵਾ ਕਈ ਪਤਵੰਤੇ ਮੌਜੂਦ ਸਨ।

## ਈਸਟ ਇੰਡੀਆ ਯੁੱਗ ਦੇ ਕਾਨੂੰਨ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਮੁਤਾਬਕ ਸੋਧੇ ਜਾਣ : ਕੰਵਲਜੀਤ ਕੌਰ

**ਲੰਦਨ, 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਭਰ ਦੀਆਂ 31 ਰਾਸ਼ਟਰ ਪੱਧਰੀ ਸਿੱਖ ਸੰਸਥਾਵਾਂ ਦੀ ਨੁਮਾਇੰਦਾ ਸੰਸਥਾ, ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਨੇ ਸਰਬਸੰਮਤੀ ਨਾਲ ਸਿੱਖਾਂ ਦੇ ਦੋ ਇਤਿਹਾਸਕ ਤਖ਼ਤ ਸਾਹਿਬਾਨ - ਤਖ਼ਤ ਸ੍ਰੀ ਪਟਨਾ ਸਾਹਿਬ, ਬਿਹਾਰ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ, ਮਹਾਰਾਸ਼ਟਰ ਨੂੰ ਸਥਾਨਕ ਸਿੱਖ ਸੰਗਤ ਅਤੇ ਗੁਰਦੁਆਰਾ ਕਮੇਟੀਆਂ ਦੇ ਸਰਗਰਮ ਸਹਿਯੋਗ ਨਾਲ ਸਰਕਾਰੀ ਕੰਟਰੋਲ ਤੋਂ ਮੁਕਤ ਕਰਵਾਉਣ ਦਾ ਫੈਸਲਾ ਲਿਆ ਹੈ।



ਇਹ ਮਤਾ ਲੇਡੀ ਸਿੰਘ ਕੰਵਲਜੀਤ ਕੌਰ, ਓ.ਬੀ.ਈ., ਦੀ ਪ੍ਰਧਾਨਗੀ ਹੇਠ ਲੰਦਨ ਵਿਖੇ ਹੋਈ ਜੀ.ਐਸ.ਸੀ. ਦੀ ਸਾਲਾਨਾ ਜਨਰਲ ਮੀਟਿੰਗ ਦੌਰਾਨ ਪਾਸ ਕੀਤਾ ਗਿਆ। 'ਸਿੱਖ ਮਰਿਯਾਦਾ' ਦੀਆਂ ਕਮੀਆਂ ਨੂੰ ਉਜਾਗਰ ਕਰਦੇ ਹੋਏ, ਜੀ.ਐਸ.ਸੀ. ਦੀ ਪ੍ਰਧਾਨ ਨੇ ਦੱਸਿਆ ਕਿ ਦੋਵਾਂ ਤਖ਼ਤਾਂ 'ਤੇ ਨਿਭਾਈਆਂ ਜਾ ਰਹੀਆਂ ਮੌਜੂਦਾ ਧਾਰਮਿਕ ਪ੍ਰੰਪਰਾਵਾਂ ਬੁਨਿਆਦੀ ਸਿੱਖ ਸਿਧਾਂਤਾਂ ਦੀ ਉਲੰਘਣਾ ਕਰਦੀਆਂ ਹਨ। ਇਸ ਤੋਂ ਇਲਾਵਾ, ਦੋਵੇਂ ਤਖ਼ਤ ਸਾਹਿਬਾਨ ਦੇ ਪ੍ਰਬੰਧਾਂ ਲਈ ਕਮੇਟੀਆਂ ਅਤੇ ਬੋਰਡਾਂ ਵਿਚ ਨਾਮਜ਼ਦ ਕੀਤੇ ਮੈਂਬਰਾਂ ਕੋਲ

ਇਨ੍ਹਾਂ ਗੁਰਦੁਆਰਾ ਸਾਹਿਬਾਨ ਦੇ ਸੰਚਾਲਨ ਅਤੇ ਧਾਰਮਿਕ ਰਹੁ-ਰੀਤਾਂ ਨਿਭਾਉਣ ਪ੍ਰਤੀ ਨਾ-ਮਾਤਰ ਅਧਿਕਾਰ ਹਨ।ਜੀ.ਐਸ.ਸੀ. ਦੇ ਕਾਨੂੰਨੀ ਮਾਮਲਿਆਂ ਬਾਰੇ ਕਮੇਟੀ ਦੇ ਚੇਅਰਮੈਨ ਜਗੀਰ ਸਿੰਘ ਮਲੇਸ਼ੀਆ ਨੇ ਆਪਣਾ ਖੋਜ ਪਰਚਾ ਪੇਸ਼ ਕਰਦੇ ਹੋਏ ਦੱਸਿਆ ਕਿ ਉਪਰੋਕਤ ਦੋਵੇਂ ਤਖਤ ਇਸ ਸਮੇਂ 70 ਸਾਲ ਪੁਰਾਣੇ ਕਾਨੂੰਨਾਂ - ਪਟਨਾ ਸਾਹਿਬ ਦਾ ਸੰਵਿਧਾਨ ਤੇ ਉਪ-ਨਿਯਮ-1957 ਵਿੱਚ ਅਤੇ ਨੰਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਪਚਲਨਗਰ ਸਾਹਿਬ ਐਕਟ-1956, ਰਾਹੀਂ ਕੰਟਰੋਲ ਕੀਤੇ ਜਾ ਰਹੇ ਹਨ। ਇਹ ਕਾਨੂੰਨ ਇੰਨਾਂ ਤਖ਼ਤਾਂ ਦੇ ਧਾਰਮਿਕ ਅਤੇ ਪ੍ਰਬੰਧਕੀ ਮਾਮਲਿਆਂ ਵਿੱਚ ਬਹੁਤ ਜ਼ਿਆਦਾ ਸਰਕਾਰੀ ਦਖ਼ਲਅੰਦਾਜ਼ੀ ਦੀ ਇਜਾਜ਼ਤ ਦਿੰਦੇ ਹਨ।

ਸਿੱਖ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਇਨ੍ਹਾਂ ਪੁਰਾਣੇ ਕਾਨੂੰਨਾਂ ਨੂੰ ਤੁਰੰਤ ਸੋਧਣ 'ਤੇ ਜ਼ੋਰ ਦਿੰਦਿਆਂ, ਉਨ੍ਹਾਂ ਦੱਸਿਆ ਕਿ 1716 ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਇਹ ਦੋਵੇਂ ਤਖ਼ਤ ਕਦੇ ਵੀ ਸਿੱਖਾਂ ਦੇ ਕਬਜ਼ੇ ਵਿਚ ਨਹੀਂ ਰਹੇ ਅਤੇ ਇਨ੍ਹਾਂ ਪੁਰਾਣੇ ਕਾਨੂੰਨਾਂ ਅਤੇ ਘਿਨਾਉਣੀਆਂ ਧਾਰਾਵਾਂ ਪਵਿੱਤਰ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਸਬੰਧੀ ਸਿੱਖਾਂ ਸੰਗਤਾਂ ਦੀ ਅਜ਼ਾਦੀ ਨੂੰ ਵੀ ਕਮਜ਼ੋਰ ਕਰਦੀਆਂ ਹਨ।

ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਇਨ੍ਹਾਂ ਧਾਰਮਿਕ ਸੰਸਥਾਵਾਂ ਦੇ ਪ੍ਰਸ਼ਾਸਨ ਵਿਚ ਸਰਕਾਰੀ ਦਖਲਅੰਦਾਜ਼ੀ ਨਾ ਸਿਰਫ ਲੋਕਤੰਤਰੀ ਪ੍ਰਕਿਰਿਆ ਵਿਚ ਰੁਕਾਵਟ ਬਣੀ ਹੋਈ ਹੈ ਬਲਕਿ ਗੁਰਦੁਆਰਾ ਸਾਹਿਬਾਨ ਦੀ ਖੁਦਮੁਖਤਿਆਰੀ 'ਤੇ ਵੀ ਸਵਾਲ ਖੜ੍ਹੇ ਹੋਏ ਪਏ ਹਨ।

ਕੌਂਸਲ ਨੇ ਕਿਸੇ ਵੀ ਪ੍ਰਸਤਾਵਿਤ ਆਲ ਇੰਡੀਆ ਸਿੱਖ ਗੁਰਦੁਆਰਾ ਕਾਨੂੰਨ ਨੂੰ ਰੱਦ ਕਰਦਿਆਂ ਕਿਹਾ ਕਿ ਅਜਿਹਾ ਕੇਂਦਰੀ ਕਾਨੂੰਨ ਬਣਾਉਣ ਦੀ ਬਜਾਏ ਪ੍ਰਚਲਿਤ ਗੁਰਦੁਆਰਾ ਕਾਨੂੰਨਾਂ ਵਿੱਚ ਸੁਧਾਰ ਕਰਨ ਦੀ ਲੋੜ ਹੈ ਤਾਂ ਜੋ ਪੁਰਾਤਨ ਸਿੱਖ ਸਿਧਾਂਤਾਂ ਦਾ ਸਤਿਕਾਰ ਹੋ ਸਕੇ ਅਤੇ ਸਥਾਨਕ ਸਿੱਖ ਸੰਗਤਾਂ ਆਪਣੀਆਂ ਧਾਰਮਿਕ ਸੰਸਥਾਵਾਂ ਦੇ ਪ੍ਰਸ਼ਾਸਨ ਬਿਨਾਂ ਕਿਸੇ ਸਰਕਾਰੀ ਦਖਲ ਤੋਂ ਚਲਾਉਣ ਦੇ ਸਮਰੱਥ ਹੋ ਸਕਣ।

ਜੀ.ਐਸ.ਸੀ. ਨੇ ਦੁਨੀਆ ਭਰ ਦੇ ਸਿੱਖਾਂ ਨੂੰ ਗੁਰਦੁਆਰਾ ਪ੍ਰਬੰਧਾਂ ਵਿੱਚ ਸਰਕਾਰੀ ਦਖਲਅੰਦਾਜ਼ੀ ਦਾ ਵਿਰੋਧ ਕਰਨ ਅਤੇ ਈਸਟ ਇੰਡੀਆ ਯੁੱਗ ਦੇ ਕਾਨੂੰਨਾਂ ਵਿੱਚ ਸੋਧਾਂ ਕਰਾਉਣ ਲਈ ਜ਼ੋਰਦਾਰ ਮੁਹਿੰਮ ਚਲਾਉਣ ਦੀ ਅਪੀਲ ਕੀਤੀ ਹੈ ਤਾਂ ਜੋ ਭਾਰਤੀ ਸੰਵਿਧਾਨ ਦੇ ਆਰਟੀਕਲ 26 ਵਿੱਚ ਦਰਜ ਮਨੋਰਥ ਅਨੁਸਾਰ ਸਿੱਖ ਮਾਮਲਿਆਂ ਦਾ ਪੂਰਾ ਕੰਟਰੋਲ ਸਿੱਖ ਭਾਈਚਾਰੇ ਨੂੰ ਵਾਪਸ ਮਿਲ ਸਕੇ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਕੌਂਸਲ ਦੇ ਸਲਾਹਕਾਰ ਲਾਰਡ ਇੰਦਰਜੀਤ ਸਿੰਘ ਵਿੰਬਲਡਨ, ਮੈਂਬਰ ਹਾਊਸ ਆਫ ਲਾਰਡਜ਼, ਇੰਡੋਨੇਸ਼ੀਆ ਤੋਂ ਡਾ: ਕਰਮਿੰਦਰ ਸਿੰਘ ਢਿੱਲੋਂ, ਪਰਮਜੀਤ ਸਿੰਘ ਬੇਦੀ ਯੂ.ਐਸ.ਏ., ਆਇਰਲੈਂਡ ਤੋਂ ਡਾ: ਜਸਬੀਰ ਸਿੰਘ ਪੁਰੀ, ਭਾਰਤ ਤੋਂ ਰਾਮ ਸਿੰਘ ਰਾਠੌਰ, ਹਰਸ਼ਰਨ ਸਿੰਘ ਅਤੇ ਹਰਜੀਤ ਸਿੰਘ ਗਰੇਵਾਲ, ਰਾਜਬੀਰ ਸਿੰਘ ਸਾਹਨੀ, ਜਗਜੀਤ ਸਿੰਘ ਸੋਢੀ, ਯੂ.ਕੇ. ਤੋਂ ਸਤਨਾਮ ਸਿੰਘ ਪੂਨੀਆ ਅਤੇ ਨੇਪਾਲ ਤੋਂ ਕਿਰਨਦੀਪ ਕੌਰ ਸੰਧੂ ਵੀ ਹਾਜ਼ਰ ਸਨ।

## ਗੁਲਮਰਗ 'ਚ ਸ਼ਹੀਦ ਜਵਾਨ ਜੀਵਨ ਸਿੰਘ ਦਾ ਸਸਕਾਰ



**ਕਾਲਾਂਵਾਲੀ , 29 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ-ਕਸ਼ਮੀਰ ਦੇ ਗੁਲਮਰਗ 'ਚ ਬੀਤੀ ਰਾਤ ਅਤਿਵਾਦੀਆਂ ਨਾਲ ਮੁਕਾਬਲੇ 'ਚ ਸ਼ਹੀਦ ਹੋਏ ਸਿਰਸਾ ਦੇ ਪਿੰਡ ਰੋਹਣ ਦੇ ਜਵਾਨ ਜੀਵਨ ਸਿੰਘ (28) ਦਾ ਅੱਜ ਦੇਰ ਸ਼ਾਮ ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰ ਦਿੱਤਾ ਗਿਆ। ਇਸ ਦੌਰਾਨ ਜੀਵਨ ਸਿੰਘ ਦੇ ਪਿਤਾ ਸੁਖਦੇਵ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਉਨ੍ਹਾਂ ਦਾ ਪੁੱਤਰ ਦੇਸ਼ ਦੀ ਰਾਖੀ ਕਰਦਿਆਂ ਸ਼ਹੀਦ ਹੋਇਆ ਹੈ। ਭਾਰਤੀ ਫੌਜ ਨੇ ਅੱਜ ਸਵੇਰੇ ਹੀ ਪਰਿਵਾਰ ਨੂੰ ਜੀਵਨ ਸਿੰਘ ਦੇ ਸ਼ਹੀਦ ਹੋਣ ਦੀ ਸੂਚਨਾ ਦਿੱਤੀ। ਪਰਿਵਾਰਕ ਮੈਂਬਰਾਂ ਨੂੰ ਜਿਉਂ ਹੀ ਇਹ ਖ਼ਬਰ ਮਿਲੀ, ਉਸ ਦੀ ਪਤਨੀ ਕੋਮਲ ਅਤੇ ਮਾਤਾ ਗੋਲੋ ਕੌਰ ਦਾ ਰੋ-ਰੋ ਕੇ ਬੁਰਾ ਹਾਲ ਹੋ ਗਿਆ। ਪਿੰਡ ਰੋਹਣ ਦਾ ਰਹਿਣ ਵਾਲਾ ਜੀਵਨ ਸਿੰਘ ਸਾਲ 2016 'ਚ ਰਾਜਪੂਤਾਨਾ ਰਾਈਫਲ 'ਚ ਭਰਤੀ ਹੋਇਆ ਸੀ।

## ਵੱਧ ਰਹੇ ਡੇਂਗੂ ਨੂੰ ਮੁੱਖ ਰੱਖਦਿਆਂ ਆਲੇ-ਦੁਆਲੇ ਦੀ ਸਫਾਈ ਜ਼ਰੂਰੀ

ਬੋਹਾ 29 ਅਕਤੂਬਰ। ਕੋਈ ਵੀ ਵਿਅਕਤੀ ਜਦੋਂ ਆਪਣੀ ਥੋੜ੍ਹੀ ਜਿਹੀ ਬੇਧਿਆਨੀ ਕਾਰਨ ਬੀਮਾਰ ਹੋ ਜਾਂਦਾ ਹੈ ਤਾਂ ਉਹ ਆਪਣੀ ਸਿਹਤ ਦੇ ਨੁਕਸਾਨ ਦੇ ਨਾਲ-ਨਾਲ ਆਪਣੇ ਰੁਪਏ ਪੈਸੇ ਦਾ ਨੁਕਸਾਨ ਵੀ ਕਰਦਾ ਹੈ, ਜਿਸ ਦਾ ਖਮਿਆਜਾ ਮਨੁੱਖ ਨੂੰ ਖੱਜਲ-ਖੁਆਰੀਆਂ, ਦੁਸ਼ਵਾਰੀਆਂ ਨਾਲ ਭੁਗਤਣਾ ਪੈਂਦਾ ਹੈ। ਜੇਕਰ ਮਨੁੱਖ ਆਪਣੇ ਕੀਮਤੀ ਸਮੇਂ 'ਚੋਂ ਥੋੜ੍ਹਾ ਜਿਹਾ ਸਮਾਂ ਕੱਢ ਕੇ ਆਪਣੇ ਆਲੇ-ਦੁਆਲੇ ਦੀ ਸਫਾਈ ਵੱਲ ਧਿਆਨ ਦੇਵੇਗਾ ਤਾਂ ਅਸੀਂ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਬੁਖਾਰ ਤੋਂ ਵੱਡੇ ਪੱਧਰ 'ਤੇ ਬਚਾਅ ਕਰ ਸਕਦੇ ਹਾਂ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਭੁਪਿੰਦਰ ਕੁਮਾਰ ਮਲਟੀਪਰਪਜ ਹੈਲਥ ਸੁਪਰਵਾਈਜ਼ਰ ਬੋਹਾ ਨੇ ਡੇਂਗੂ ਦੇ ਸੀਜਨ ਬਾਰੇ ਜਾਣਕਾਰੀ ਸਾਂਝੀ



ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਮਨੁੱਖ ਡੇਂਗੂ ਦੇ ਸੀਜਨ ਨੂੰ ਮੁੱਖ ਰੱਖਦੇ ਹੋਏ ਆਪਣੇ ਘਰਾਂ ਦੇ ਆਲੇ-ਦੁਆਲੇ ਕਿਤੇ ਵੀ ਫਾਲਤੂ ਪਾਣੀ ਨੂੰ ਖੜ੍ਹਾ ਨਾ ਹੋਣ ਦੇਵੇ ਅਤੇ ਆਪਣੇ ਘਰਾਂ ਵਿਚ ਕੂਲਰ, ਫਰਿੱਜ ਦੇ ਪਿਛਲੇ ਪਾਸੇ ਵਾਲੀ ਟਰੇਅ, ਪੰਛੀਆਂ ਤੇ ਜਾਨਵਰਾਂ ਲਈ ਰੱਖੇ ਕਟੋਰੇ ,ਦੇਸੀ ਫਲੱਸ ਵਿਚ ਰੱਖੇ ਘੜੇ ਅਤੇ ਪਾਣੀ ਵਾਲੇ ਬਰਤਨ ਹਰ ਹਫਤੇ ਇਕ ਵਾਰ ਜਰੂਰ ਸੁਕਾਵੇ, ਸਾਫ ਕਰੇ ਅਤੇ ਘਰ ਵਿਚ ਪਿਆ ਟੁੱਟਿਆ ਫੁੱਟਿਆ ਕਬਾੜ, ਟਾਇਰ ਬਗੈਰਾ ਨੂੰ ਛੱਤ ਨੀਚੇ ਰੱਖੇਗਾ ਤਾਂ ਇਸ ਤਰ੍ਹਾਂ ਕਰਨ ਨਾਲ ਅਸੀਂ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਬੁਖਾਰ ਤੋਂ ਬਚਾਅ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਬਚਤ ਵਿਚ ਹੀ ਬਚਾਅ ਹੈ।

## ਨਸ਼ਾ ਵੇਚ-ਵੇਚ ਬਣਾਈ ਸੀ ਲੱਖਾਂ ਦੀ ਜਾਇਦਾਦ, ਹੁਣ ਪੁਲਸ ਨੇ ਕਰ'ਤੀ ਅਟੈਚ

ਦੋਰਾਹਾ 29 ਅਕਤੂਬਰ। ਦੋਰਾਹਾ ਨੇੜਲੇ ਪਿੰਡ ਅਜਨੌਦ ਦੇ ਇਕ ਨਸ਼ਾ ਸਮੱਗਲਰ ਦੀ 4.84 ਲੱਖ ਰੁਪਏ ਦੀ ਜਾਇਦਾਦ ਅਟੈਚ ਕੀਤੀ ਗਈ ਹੈ। ਇਹ ਕਾਰਵਾਈ ਪਾਇਲ ਦੇ ਮਾਣਯੋਗ ਡੀ.ਐੱਸ.ਪੀ. ਦੀਪਕ ਰਾਏ ਅਤੇ ਦੋਰਾਹਾ ਥਾਣੇ ਦੇ ਐੱਸ.ਐੱਚ.ਓ. ਇਸ. ਰਾਓ ਵਰਿੰਦਰ ਸਿੰਘ ਦੀ ਸਾਂਝੀ ਅਗਵਾਈ ਵਿਚ ਪੁਲਸ ਟੀਮ ਵਲੋਂ ਕੀਤੀ ਗਈ ਹੈ। ਦੀਪਕ ਰਾਏ ਨੇ



ਦੱਸਿਆ ਕਿ ਅਜਨੌਦ ਦੇ ਜਗਦੇਵ ਸਿੰਘ ਉਰਫ ਜੱਗੀ ਕੋਲੋਂ 2 ਕਿਲੋ 20 ਗ੍ਰਾਮ ਹੈਰੋਇਨ ਫੜੀ ਗਈ ਸੀ ਅਤੇ ਉਸ ਦੇ ਖਿਲਾਫ 2020 ਵਿਚ ਐੱਨ.ਡੀ.ਪੀ.ਐੱਸ. ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਦੋਰਾਹਾ ਪੁਲਸ ਨੇ ਵੱਡੀ ਕਾਰਵਾਈ ਕਰਦਿਆਂ ਡੀ.ਐੱਸ.ਪੀ. ਰਾਏ ਦੀ ਅਗਵਾਈ ਵਿਚ ਉਸ ਦੀ 4.84 ਲੱਖ ਰੁਪਏ ਦੀ ਜਾਇਦਾਦ ਅਟੈਚ ਕੀਤੀ ਹੈ, ਜੋ ਨੇ ਨਸਾ ਸਮੱਗਲਿੰਗ ਕਰ ਕੇ ਬਣਾਈ ਸੀ। ਉਨ੍ਹਾਂ ਦੱਸਿਆ ਕਿ ਇਸ ਜਾਇਦਾਦ ਦੀ ਅਟੈਚਮੈਂਟ ਲਈ ਐੱਨ.ਡੀ.ਪੀ.ਐੱਸ. ਐਕਟ ਤਹਿਤ ਕੇਸ ਤਿਆਰ ਕਰ ਕੇ ਕੰਪੀਟੈਂਟ ਅਥਾਰਟੀ ਨੂੰ ਭੇਜਿਆ ਗਿਆ ਸੀ, ਜਿਸ ਬਾਰੇ ਪ੍ਰਵਾਨਗੀ ਮਿਲਣ 'ਤੇ ਉਸਦੀ ਜਾਇਦਾਦ ਦੇ ਬਾਹਰ ਨੋਟਿਸ ਲਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਹੁਣ ਉਹ ਇਹ ਜਾਇਦਾਦ ਵੇਚ ਨਹੀ ਸਕੇਗਾ ਅਤੇ ਇਸ ਦਾ ਕੇਸ ਕੰਪੀਟੈਂਟ ਅਥਾਰਟੀ ਕੋਲ ਚੱਲੇਗਾ। ਡੀ.ਐੱਸ.ਪੀ. ਦੀਪਕ ਰਾਏ ਨੇ ਦੱਸਿਆ ਕਿ ਪਾਇਲ ਸਬ-ਡਵੀਜਨ ਪੁਲਸ ਪ੍ਰਸਾਸਨ ਵਲੋਂ ਇਲਾਕੇ ਦੇ 7-8 ਹੋਰ ਨਸਾ ਸਮੱਗਲਰਾਂ ਦੀਆਂ ਜਾਇਦਾਦਾਂ ਕੁਰਕ ਕਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਪੱਕੇ ਹੋਣ ਦੀ ਚਾਹਤ ਨੇ ਔਰਤ ਨੂੰ ਵਿਦੇਸ਼ 'ਚ ਫਸਾਇਆ, 12 ਸਾਲ ਬਾਅਦ ਸੰਤ ਸੀਚੇਵਾਲ ਨੇ ਕਰਵਾਈ ਘਰ ਵਾਪਸੀ

ਸਰਦੂਲ ਸਿੰਘ

ਲੋਹੀਆਂ ਖਾਸ 29 ਅਕਤੂਬਰ। ਵਿਦੇਸ਼ਾਂ 'ਚ ਕੰਮ-ਕਾਜ ਤੇ ਆਪਣੇ ਪਰਿਵਾਰ ਪਾਲਣ ਲਈ ਗਏ ਲੋਕਾਂ ਨੂੰ ਕਈ ਵਾਰ ਉੱਥੇ ਵੱਡੀਆਂ ਮੁਸੀਬਤਾਂ ਵੀ ਸਹਿਣੀਆਂ ਪੈਂਦੀਆਂ ਹਨ ਤੇ ਕਈ ਵਾਰ ਉਨ੍ਹਾਂ ਲਈ ਵਾਪਸੀ ਦੇ ਰਾਹ ਵੀ ਬੰਦ ਹੋਣ ਲੱਗਦੇ ਹਨ। ਇਸੇ ਤਰ੍ਹਾਂ ਦਾ ਇਕ ਹੋਰ ਮਾਮਲਾ ਸਾਹਮਣੇ ਆ ਰਿਹਾ ਹੈ, ਜਿਸ 'ਚ ਹਾਂਗਕਾਂਗ ਵਿੱਚ ਫਸੀ ਇੱਕ ਔਰਤ ਨੂੰ 12 ਸਾਲਾਂ ਬਾਅਦ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਦੇ ਯਤਨਾਂ ਸਦਕਾ ਵਾਪਸ ਲਿਆਂਦਾ ਗਿਆ ਹੈ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਭੈਣੀ ਸਾਹਿਬ ਦੀ ਰਹਿਣ ਵਾਲੀ ਇਹ ਔਰਤ ਨਿਰਮਲ ਕੁਟੀਆ ਸੁਲਤਾਨਪੁਰ ਵਿਖੇ ਸੰਤ ਸੀਚੇਵਾਲ ਜੀ ਦਾ ਪਰਿਵਾਰ ਸਮੇਤ ਧੰਨਵਾਦ ਕਰਨ ਲਈ ਉਚੇਚੇ ਤੌਰ 'ਤੇ ਪਹੁੰਚੀ ਸੀ। ਪੀੜਤ ਔਰਤ ਨੇ ਦੱਸਿਆ ਕਿ ਉਹ ਇਕ ਗਰੀਬ ਪਰਿਵਾਰ ਨਾਲ ਸੰਬਧ ਰੱਖਦੀ ਹੈ ਅਤੇ ਉਹ ਦੋ ਧੀਆਂ ਦੀ ਮਾਂ ਵੀ ਹੈ। ਉਹ ਹਾਂਗਕਾਂਗ ਸਾਲ 2012 ਵਿੱਚ ਬਿਹਤਰ ਭਵਿੱਖ ਦੀ ਭਾਲ 'ਚ ਟੂਰਸਿਟ ਵੀਜ਼ੇ 'ਤੇ ਗਈ ਸੀ ਪਰ ਉੱਥੇ ਹੀ ਪੱਕੇ ਹੋਣ ਦੀ ਚਾਹਤ ਕਾਰਨ ਉਹ ਹਾਂਗਕਾਂਗ ਵਿੱਚ ਹੀ ਕੰਮ ਕਰਦੀ ਰਹੀ। ਹਾਂਗਕਾਂਗ ਵਿੱਚ ਰਹਿੰਦਿਆ ਉਹ ਇੱਕ ਹੋਰ ਔਰਤ ਨਾਲ ਇੱਕਠਿਆਂ ਕਮਰੇ ਵਿੱਚ ਰਹਿਣ ਲੱਗ ਪਈ ਸੀ। ਇਸੇ ਦੌਰਾਨ ਇੱਕ ਗੈਂਗਸਟਰ ਦੀ ਸ਼ਿਕਾਇਤ ਕਰਨੀ ਉਸ ਨੂੰ ਬੜੀ ਮਹਿੰਗੀ ਪਈ, ਜਿਸ ਕਾਰਨ ਉਸ ਨੂੰ ਗੈਂਗਸਟਰਾਂ ਵੱਲੋਂ ਦਿੱਤੀਆਂ ਗਈਆਂ ਧਮਕੀਆਂ ਕਾਰਨ ਲੰਬੇ ਸਮੇਂ ਤੱਕ ਮਾਨਸਿਕ ਪੀੜਾ ਝੱਲਣੀ ਪਈ। ਪੀੜਤ ਔਰਤ ਨਾਲ ਆਈ ਉਸ ਦੀ ਭੈਣ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਗੈਂਗਸਟਰਾਂ ਵੱਲੋਂ ਉਸ ਨੂੰ ਇਸ ਹੱਦ ਤੱਕ ਡਰਾ ਦਿੱਤਾ ਗਿਆ ਸੀ ਕਿ ਵਾਪਿਸ ਘਰ ਆਉਣ ਤੋਂ ਬਾਅਦ ਵੀ ਉਸ ਦੀ ਭੈਣ ਹਾਲੇ ਵੀ ਸਦਮੇ ਵਿੱਚ ਹੈ। ਉਸ ਦੀ ਭੈਣ ਨੇ ਵੀਡਿਓ ਕਾਲ ਰਾਹੀਂ ਉਨ੍ਹਾਂ ਨੂੰ ਇਹ ਸਾਰੀ ਜਾਣਕਾਰੀ ਦਿੱਤੀ ਸੀ ਕਿ ਉਸ ਦੀ ਜਾਨ ਨੂੰ ਹਾਂਗਕਾਂਗ ਵਿਚ ਖਤਰਾ ਹੈ। ਉਸ ਨੇ ਦੱਸਿਆ ਕਿ ਉਨ੍ਹਾਂ ਨੂੰ ਪਿੰਡ ਭੈਣੀ ਤੋਂ ਹੀ ਕਿਸੇ ਨੇ ਦੱਸਿਆ ਕਿ ਉਹ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਤੱਕ ਪਹੁੰਚ ਕਰਨ। ਜਿਸਤੋਂ ਬਾਅਦ ਉਨ੍ਹਾਂ ਸੰਤ ਸੀਚੇਵਾਲ ਤੱਕ ਪਹੁੰਚ ਕੀਤੀ ਤੇ ਉਨ੍ਹਾਂ ਵੱਲੋਂ ਤੁਰੰਤ ਇਸ ਮਾਮਲੇ ਨੂੰ ਵਿਦੇਸ਼ ਮੰਤਰਾਲੇ ਤੇ ਭਾਰਤੀ ਦੂਤਾਵਾਸ ਨਾਲ ਸੰਪਰਕ ਸਾਧ ਲਿਆ ਸੀ, ਜਿਸ ਕਾਰਨ ਉਸ ਦੀ ਭੈਣ ਕੁਝ ਮਹੀਨਿਆਂ ਬਾਅਦ ਹੀ ਵਾਪਸ ਆ ਗਈ। ਪੀੜਤ ਲੜਕੀ ਦੇ ਨਾਲ ਆਈ ਉਸ ਦੀ ਮਾਂ ਨੇ ਦੱਸਿਆ ਕਿ ਉਨ੍ਹਾਂ ਦੀ ਲੜਕੀ ਦੀ ਉੱਥੇ ਜੋ ਸਥਿਤੀ ਸੀ ਉਹ ਪੂਰੇ ਪਰਿਵਾਰ ਲਈ ਅਸਹਿਣਯੋਗ ਸੀ। ਉਨ੍ਹਾਂ ਕਿਹਾ ਕਿ ਇਹ ਸਿਰਫ ਬਾਬਾ ਜੀ ਵੱਲੋਂ ਗਏ ਯਤਨਾਂ ਸਦਕਾ ਹੀ ਸੰਭਵ ਹੋ ਪਾਇਆ ਹੈ ਕਿ ਉਨ੍ਹਾਂ ਦੀ ਕੁੜੀ 12 ਸਾਲ ਆਪਣੇ ਪਰਿਵਾਰ ਤੇ ਆਪਣੇ ਬੱਚਿਆਂ ਵਿੱਚ ਸਹੀ ਸਲਾਮਤ ਵਾਪਸ ਆ ਸਕੀ ਹੈ। ਪਰਿਵਾਰ ਸਮੇਤ ਸੁਲਤਾਨਪੁਰ ਲੋਧੀ ਆਇਆ ਇਹ ਪਰਿਵਾਰ ਸਭ ਤੋਂ ਪਹਿਲਾਂ ਗੁਰਦੁਆਰਾ ਗੁਰਪ੍ਰਕਾਸ਼ ਸਾਹਿਬ ਵਿਖੇ ਨਤਮਸਤਕ ਹੋਇਆ। ਇਸ ਮਗਰੋਂ ਸੰਤ ਸੀਚੇਵਾਲ ਨੇ ਹਾਂਗਕਾਂਗ ਤੋਂ ਆਈ ਇਸ ਪੀੜਤ ਔਰਤ ਨੂੰ ਹੌਸਲਾ ਦਿੰਦਿਆ ਆਖਿਆ ਕਿ ਉਹ ਜਿਗਰੇ ਵਾਲੀ ਹੈ ਜਿਸ ਨੇ ਮੁਸ਼ਕਿਲ ਹਲਾਤਾਂ ਵਿੱਚ ਵੀ ਘਰ ਵਾਪਸੀ ਦੀ ਆਸ ਨਹੀਂ ਛੱਡੀ। ਸੰਤ ਸੀਚੇਵਾਲ ਨੇ ਭਾਰਤੀ ਐਬੰਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਦੇਸ਼ ਮੰਤਰਾਲੇ ਦਾ ਹਮੇਸ਼ਾ ਹੀ ਵੱਡਾ ਯੋਗਦਾਨ ਰਹਿੰਦਾ ਹੈ ਜਿਸ ਕਾਰਨ ਉਹ ਵਿਦੇਸ਼ਾਂ ਵਿੱਚ ਫਸੀਆਂ ਭਾਰਤੀ ਲੜਕੀਆਂ ਨੂੰ ਸਹੀ ਸਲਾਮਤ ਲੈਕੇ ਆਉਣ ਵਿੱਚ ਸਫਲ ਹੁੰਦੇ ਹਨ।



ਪੀੜਤ ਲੜਕੀ ਦੀ ਭੈਣ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਾਂਗਕਾਂਗ ਵਿੱਚ ਰਹਿੰਦਿਆਂ ਉਸ ਨੇ ਕਿਸੇ ਲੜਕੀ ਨਾਲ ਕਮਰਾ ਸਾਂਝਾ ਕੀਤਾ ਸੀ, ਜਿਸ ਨੇ ਕੁਝ ਸਮੇਂ ਬਾਅਦ ਧੋਖੇ ਨਾਲ ਉਸ ਦੀ ਭੈਣ ਦਾ ਸਾਮਾਨ ਕਮਰੇ 'ਚੋਂ ਬਾਹਰ ਕੱਢ ਕੇ ਉਸ ਨੂੰ ਬੇਘਰ ਕਰ ਦਿੱਤਾ ਸੀ। ਇਸ ਦਾ ਵਿਰੋਧ ਕਰਨ 'ਤੇ ਉਸ ਕੁੜੀ ਨੇ ਗੈਂਗਸਟਰਾਂ ਵੱਲੋਂ ਉਸ ਦੀ ਭੈਣ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿਵਾਉਣੀਆਂ ਸ਼ੁਰੂ ਕਰਵਾ ਦਿੱਤੀਆਂ। ਇਸ ਡਰ ਕਾਰਨ ਉਸ ਦੀ ਭੈਣ ਉੱਥੇ ਆਪਣਾ ਮਾਨਸਿਕ ਸੰਤੁਲਨ ਗੁਆ ਬੈਠੀ ਸੀ ਤੇ ਡੂੰਘੇ ਸਦਮੇ ਵਿੱਚ ਚਲੀ ਗਈ ਸੀ। ਉਹ ਲੰਮਾਂ ਸਮਾਂ ਮਾਨਸਿਕ ਰੋਗਾਂ ਦੀ ਵੀ ਸ਼ਿਕਾਰ ਰਹੀ। ਗੈਂਗਸਟਰਾਂ ਨੇ ਉਸ ਨੂੰ ਇਸ ਕਦਰ ਉੱਥੇ ਡਰਾ ਦਿੱਤਾ ਸੀ ਕਿ ਉਨ੍ਹਾਂ ਦਾ ਡਰ ਉਸ ਨੂੰ ਉੱਥੇ ਕਈ ਸਾਲ ਤੱਕ ਸਤਾਉਂਦਾ ਰਿਹਾ ਤੇ ਪੀੜਤ ਲਈ ਵਾਪਿਸ ਮੁੜਨਾ ਲਗਭਗ ਨਾ-ਮੁਮਕਿਨ ਬਣ ਗਿਆ ਸੀ।

## ਪੰਜਾਬ 'ਚ ਝੋਨੇ ਦੀ ਖਰੀਦ ਨਾ ਹੋਣ 'ਤੇ ਡਾ. ਅਮਰ ਸਿੰਘ ਦਾ ਵੱਡਾ ਬਿਆਨ

ਕ੍ਰਿਸ਼ਨ ਪਾਲ

ਜਲੰਧਰ 29 ਅਕਤੂਬਰ। ਪੰਜਾਬ ਵਿਚ ਝੋਨੇ ਦੀ ਖਰੀਦ ਨਾ ਹੋਣ ਨੂੰ ਲੈ ਕੇ ਆ ਰਹੀਆਂ ਮੁਸ਼ਕਿਲਾਂ 'ਤੇ ਫਤਿਹਗੜ੍ਹ ਸਾਹਿਬ ਤੋਂ ਸੰਸਦ ਮੈਂਬਰ ਡਾ. ਅਮਰ ਸਿੰਘ ਨੇ ਕੇਂਦਰ ਸਰਕਾਰ 'ਤੇ ਨਿਸ਼ਾਨੇ ਸਾਧੇ ਹਨ। ਉਨ੍ਹਾਂ ਕਿਹਾ ਕਿ ਝੋਨੇ ਦੀ ਖਰੀਦ ਨੂੰ ਲੈ ਕੇ ਪੰਜਾਬ ਵਿਚ ਜੋ ਹਾਲਾਤ ਅੱਜ ਬਣੇ ਹਨ, ਉਹ ਪਹਿਲਾਂ ਨਹੀਂ ਬਣੇ ਹਨ। ਉਨ੍ਹਾਂ ਵੱਲੋਂ ਪਿਛਲੇ ਇਕ ਹਫਤੇ ਤੋਂ ਫਤਿਹਗੜ੍ਹ ਸਾਹਿਬ ਦੀਆਂ ਅਨਾਜ ਮੰਡੀਆਂ ਵਿਚ ਜਾ ਕੇ ਦੌਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ਵਿਚ ਬੋਰੀਆਂ ਭਰੀਆਂ ਪਈਆਂ ਹਨ ਅਤੇ ਕਿਸਾਨ ਕਹਿ ਰਹੇ ਹਨ ਕਿ ਪਿਛਲੇ ਕਈ ਦਿਨਾਂ ਤੋਂ ਉਹ ਇੰਝ ਹੀ ਬੈਠੇ ਹਨ। ਇਹ ਹਾਲਤ ਮੋਦੀ ਸਰਕਾਰ ਦਾ ਇਰਾਦਾ ਪੰਜਾਬ ਨੂੰ ਪਰੇਸ਼ਾਨ ਕਰਨ ਦਾ ਹੈ, ਜਿਸ ਕਰਕੇ ਅੱਜ ਅਜਿਹੇ ਹਾਲਾਤ ਪੈਦਾ ਹੋਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਜੁਲਾਈ ਮਹੀਨੇ ਵਿਚ ਖਾਦ ਮੰਤਰੀ ਪ੍ਰਹਿਲਾਦ ਜੋਸ਼ੀ ਨੂੰ ਮਿਲੇ ਸਨ ਅਤੇ ਦੱਸਿਆ ਸੀ ਕਿ ਪਿਛਲੇ ਸਾਲ ਸਤੰਬਰ-ਅਕਤੂਬਰ ਤੱਕ ਝੋਨੇ ਦੀ ਛੜਾਈ ਚੱਲਦੀ ਰਹੀ ਹੈ। ਇਹ ਵੀ ਦੱਸਿਆ ਗਿਆ ਸੀ ਕਿ ਸਾਰੇ



ਗੋਦਾਮ ਅਤੇ ਸ਼ੈਲਰ ਭਰੇ ਹੋਏ ਹਨ, ਇਨ੍ਹਾਂ ਨੂੰ ਚੱਕਣਾ ਸ਼ੁਰੂ ਕੀਤਾ ਜਾਵੇ ਨਹੀਂ ਤਾਂ ਅਕਤੂਬਰ-ਨਵੰਬਰ ਨੂੰ ਜਿਹੜੀ ਫਸਲ ਹੋਣੀ ਹੈ, ਉਹ ਨਹੀਂ ਚੁੱਕੀ ਜਾਣੀ। ਉਨ੍ਹਾਂ ਕਿਹਾ ਕਿ ਡੀ. ਏ. ਪੀ. ਦੀ ਸਮੱਸਿਆ ਵੀ ਮੈਨੂੰ ਦਿੱਸ ਰਹੀ ਸੀ ਕਿਉਂਕਿ ਯੂਕ੍ਰੇਨ-ਰਸ਼ੀਆ ਤੋਂ ਡੀ. ਏ. ਪੀ. ਦੀ ਜ਼ਿਆਦਾ ਖਾਦ ਆਉਂਦੀ ਹੈ। ਮੈਂ ਜੇਪੀ ਨੱਢਾ ਸਾਬ੍ਹ ਨੂੰ ਮਿਲਿਆ ਅਤੇ ਦੱਸਿਆ ਕਿ ਪੰਜਾਬ ਵਿਚ ਅਕਤੂਬਰ-ਨਵੰਬਰ ਤੱਕ ਕਣਕ ਦੀ ਬਿਜਾਈ ਹੋਣੀ ਹੈ ਅਤੇ ਇਸ ਨੂੰ ਹੁਣ ਤੋਂ ਹੀ ਹੱਲ ਕੀਤਾ ਜਾਵੇ। ਉਨ੍ਹਾਂ ਵੱਲੋਂ ਝੋਨੇ ਦੀ ਖਰੀਦ ਨੂੰ ਲੈ ਕੇ ਪੰਜਾਬ ਵਿਚ ਬਣੇ ਹਾਲਾਤ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਹਾਲਾਤ ਇਹੋ ਬਣੇ ਹੋਏ ਹਨ ਕਿ ਕਿਸਾਨ ਬੇਹੱਦ ਪਰੇਸ਼ਾਨ ਹਨ ਅਤੇ ਕਹਿ ਰਹੇ ਹਨ ਕਿ ਸਾਨੂੰ ਪੰਜਾਬ ਅਤੇ ਕੇਂਦਰ ਸਰਕਾਰ ਤੋਂ ਕੋਈ ਰਾਹਤ ਨਹੀਂ ਮਿਲ ਰਹੀ। ਉਥੇ ਹੀ ਡਾ. ਅਮਰ ਸਿੰਘ ਵੱਲੋਂ ਅੱਜ ਖੰਨਾ ਅਤੇ ਸਾਹਨੇਵਾਲ ਇਲਾਕੇ ਦੀਆਂ ਅਨਾਜ ਮੰਡੀਆਂ ਦਾ ਦੌਰਾ ਕੀਤਾ ਗਿਆ ਹੈ। ਕਿਸਾਨਾਂ, ਆੜ੍ਹਤੀਆਂ ਅਤੇ ਮਜਦੂਰਾਂ ਨਾਲ ਗੱਲਬਾਤ ਕੀਤੀ ਗਈ। ਉਨ੍ਹਾਂ ਕਿਹਾ ਕਿ ਝੋਨੇ ਦੀ ਖਰੀਦ ਦਾ ਸੰਕਟ ਗੰਭੀਰ ਹੁੰਦਾ ਜਾ ਰਿਹਾ ਹੈ ਪਰ ਸੂਬਾ ਸਰਕਾਰ ਅਤੇ ਭਾਜਪਾ ਕੇਂਦਰ ਸਰਕਾਰ ਦੋਵੇਂ ਸੰਕਟ ਹੱਲ ਕਰਨ ਦੀ ਬਜਾਏ ਇਕ ਦੂਜੇ 'ਤੇ ਦੋਸ ਲਗਾ ਰਹੀਆਂ ਹਨ।

## ਜੌਹਰੀ ਤੋਂ ਮੰਗੀ ਗਈ ਇਕ ਕਰੋੜ ਦੀ ਫਿਰੌਤੀ, ਸ਼ਿਕਾਇਤ ਦਰਜ

ਊਨਾ 29 ਅਕਤੂਬਰ। ਇਕ ਜੌਹਰੀ ਕੋਲੋਂ ਇਕ ਕਰੋੜ ਰੁਪਏ ਦੀ ਫਿਰੌਤੀ ਮੰਗਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦੇ ਨਾਲ ਹੀ ਰਕਮ ਨਾ ਦੇਣ 'ਤੇ ਉਸ ਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਵੀ ਦਿੱਤੀ ਗਈ ਹੈ। ਪੁਲਸ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ 'ਚ ਇਕ ਜੌਹਰੀ ਤੋਂ ਐਤਵਾਰ ਨੂੰ ਪੈਸੇ ਦੀ ਮੰਗ ਕੀਤੀ ਗਈ, ਜਿਸ ਤੋਂ ਬਾਅਦ ਉਸ ਨੇ ਪੰਜਾਬ ਦੇ ਨੰਗਲ 'ਚ ਸ਼ਿਕਾਇਤ ਦਰਜ ਕਰਵਾਈ। ਊਨਾ ਦੇ ਰਹਿਣ ਵਾਲੇ ਜੌਹਰੀ ਦਾ ਇਕ ਸ਼ੋਅਰੂਮ ਹਿਮਾਚਲ ਪ੍ਰਦੇਸ਼ ਦੇ ਊਨਾ 'ਚ ਅਤੇ ਦੂਜਾ 20 ਕਿਲੋਮੀਟਰ ਦੂਰ ਨੰਗਲ 'ਚ ਹੈ। ਪੁਲਸ ਅਨੁਸਾਰ ਇਕ ਅਣਪਛਾਤੇ ਵਿਅਕਤੀ ਨੇ ਜੌਹਰੀ ਨੂੰ ਫੋਨ ਕਰ ਕੇ ਇਕ ਕਰੋੜ ਰੁਪਏ ਦੀ ਮੰਗ ਕੀਤੀ ਅਤੇ ਰਕਮ ਨਾ ਦੇਣ 'ਤੇ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ। ਊਨਾ ਦੇ ਐਡੀਸ਼ਨਲ ਪੁਲਸ ਸੁਪਰਡੈਂਟ ਸੰਜੀਵ ਭਾਟੀਆ ਨੇ ਦੱਸਿਆ ਕਿ ਮਾਮਲਾ ਉਨ੍ਹਾਂ ਦੇ ਨੋਟਿਸ 'ਚ ਆਇਆ ਹੈ ਅਤੇ ਪੁਲਸ ਮਾਮਲੇ ਨਾਲ ਜੁੜੇ ਪਹਿਲੂਆਂ ਦੀ ਜਾਂਚ ਕਰ ਰਹੀ ਹੈ। ਪੁਲਸ ਨੇ ਦੱਸਿਆ ਕਿ ਨੰਗਲ ਪੁਲਸ ਵੀ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਪੰਜਾਬ ਦੇ ਸ਼ੈਲਰਾਂ 'ਚੋਂ ਫਸਲ ਨਾ ਚੁੱਕਣਾ, ਕੇਂਦਰ ਦੀ ਭਾਜਪਾ ਸਰਕਾਰ ਦੀ ਸਾਜਿਸ਼ : ਸੰਧਵਾਂ

ਚੰਡੀਗੜ੍ਹ 29 ਅਕਤੂਬਰ। ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਹੈ ਕਿ ਪੰਜਾਬ ਦੇ ਸੈਲਰਾਂ 'ਚੋਂ ਚਾਵਲ ਨਾ ਚੁੱਕਣਾ, ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਸੂਬੇ ਦੀ ਕਿਸਾਨੀ ਨੂੰ ਢਾਹ ਲਾਉਣ ਦੀ ਸਾਜ਼ਿਸ਼ ਹੈ। ਸਪੀਕਰ ਸੰਧਵਾਂ ਅਨਾਜ ਮੰਡੀ ਟਾਂਡਾ ਦੇ



ਦੌਰੇ ਮੌਕੇ ਇਹ ਪ੍ਰਗਟਾਵਾ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨਿਰਧਾਰਤ ਸਮੇਂ ਦੇ ਅੰਦਰ ਸੈਲਰਾਂ 'ਚੋਂ ਚਾਵਲ ਦੀ ਚੁਕਾਈ ਯਕੀਨੀ ਬਣਾਉਣ 'ਚ ਨਾਕਾਮ ਰਹੀ ਹੈ, ਨਾਲ ਹੀ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦੇਣ ਵਿਚ ਵੀ ਨਾਕਾਮ ਰਹੀ ਹੈ, ਜਿਸ ਕਾਰਨ ਕਿਸਾਨ ਸੰਕਟ ਵਿਚ ਘਿਰੇ ਹੋਏ ਹਨ। ਸੰਧਵਾਂ ਨੇ ਅਨਾਜ ਮੰਡੀ ਟਾਂਡਾ ਵਿਖੇ ਆਪਣੀ ਮੌਜੂਦਗੀ ਵਿਚ ਝੋਨੇ ਦੀ ਲਿਫਟਿੰਗ ਕਰਵਾਈ। ਉਨ੍ਹਾਂ ਕਿਹਾ ਕਿ ਕਿਸਾਨਾਂ, ਮਿੱਲ ਮਾਲਕਾਂ, ਆੜ੍ਹਤੀਆਂ ਤੇ ਮਜਦੂਰਾਂ ਦੇ ਸਹਿਯੋਗ ਨਾਲ ਮੰਡੀਆਂ ਵਿਚ ਫਸਲ ਦੀ ਖਰੀਦ, ਚੁਕਾਈ ਤੇ ਅਦਾਇਗੀ ਵਿਚ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਸਪੀਕਰ ਨੇ ਅੱਗੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਕੋਲੋਂ ਤਿੰਨ ਕਾਲੇ ਕਾਨੂੰਨ ਵਾਪਸ ਲੈਣ ਦਾ ਬਦਲਾ ਲੈਣ ਲਈ ਕਿਸਾਨਾਂ ਨੂੰ ਮੰਡੀਆਂ ਵਿਚ ਰੋਲਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਗਿਣਤੀਆਂ-ਮਿਣਤੀਆਂ ਛੱਡ ਕੇ ਪੰਜਾਬ ਵੱਲੋਂ ਦੇਸ਼ ਦੇ ਅੰਨ ਭੰਡਾਰ ਵਿਚ ਪਾਏ ਯੋਗਦਾਨ ਦੇ ਮੱਦੇਨਜ਼ਰ ਸ਼ੈਲਰਾਂ 'ਚੋਂ ਚਾਵਲ ਚੁੱਕਵਾ ਕੇ ਤੁਰੰਤ ਰਾਹਤ ਪ੍ਰਦਾਨ ਕਰਨੀ ਯਕੀਨੀ ਬਣਾਉਣੀ ਚਾਹੀਦੀ ਹੈ।

## ਜਦੋਂ ਇਰਫਾਨ ਪਠਾਨ ਨੇ ਦਿੱਤਾ ਪਾਕਿਸਤਾਨੀ ਕੁੜੀ ਦੇ ਸ਼ਰਮਨਾਕ ਸਵਾਲ ਦਾ ਕਰਾਰਾ ਜਵਾਬ

ਏਜੰਸੀਆਂ

ਸਪੋਰਟਸ ਡੈਸਕ 29 ਅਕਤੂਬਰ। ਭਾਰਤੀ ਕ੍ਰਿਕਟਰ ਇਰਫਾਨ ਪਠਾਨ ਦੇਸ ਦੇ ਸਭ ਤੋਂ ਸਫਲ ਆਲਰਾਊਂਡਰਾਂ ਵਿੱਚੋਂ ਇੱਕ ਹੈ। ਉਨ੍ਹਾਂ ਨੇ ਟੀਮ ਇੰਡੀਆ ਦੀਆਂ ਕਈ ਯਾਦਗਾਰ ਜਿੱਤਾਂ 'ਚ ਅਹਿਮ ਭੂਮਿਕਾ ਨਿਭਾਈ ਹੈ। 27 ਅਕਤੂਬਰ 1984 ਨੂੰ ਜਨਮੇ ਇਰਫਾਨ ਨੂੰ ਆਪਣੀ ਪਾਕਿਸਤਾਨ ਫੇਰੀ ਦੌਰਾਨ ਅਜਿਹੇ ਸਵਾਲ ਦਾ ਸਾਹਮਣਾ ਕਰਨਾ ਪਿਆ ਜਿਸ ਦੀ ਉਨ੍ਹਾਂ ਨੂੰ ਉਮੀਦ ਨਹੀਂ ਸੀ ਪਰ ਉਨ੍ਹਾਂ ਨੇ ਅਜਿਹਾ ਜਵਾਬ ਦਿੱਤਾ ਜਿਸ ਨਾਲ ਪਾਕਿਸਤਾਨੀ ਲੋਕ ਬੋਲਣ ਤੋਂ ਰਹਿ ਗਏ ਅਤੇ ਤਾੜੀਆਂ ਮਾਰਨ ਲਈ ਮਜਬੂਰ ਹੋ ਗਏ। 2017 ਵਿੱਚ ਇੱਕ ਇੰਟਰਵਿਊ ਵਿੱਚ ਇਰਫਾਨ ਪਠਾਨ ਨੇ ਦੱਸਿਆ ਸੀ ਕਿ ਪਾਕਿਸਤਾਨ ਦਾ ਦੌਰਾ ਉਸ ਲਈ ਬਹੁਤ ਯਾਦਗਾਰ ਰਿਹਾ ਜਿੱਥੇ ਉਸ ਨੇ ਟੈਸਟ ਵਿੱਚ ਹੈਟ੍ਰਿਕ ਲਈ। ਇਸ ਦੌਰਾਨ ਉਹ ਰਾਹੁਲ ਦ੍ਰਾਵਿੜ, ਪਾਰਥਿਵ ਪਟੇਲ ਅਤੇ ਲਕਸਮੀਪਤੀ ਬਾਲਾਜੀ ਦੇ ਨਾਲ ਲਾਹੌਰ ਦੇ ਇੱਕ ਕਾਲਜ ਵਿੱਚ ਇੱਕ ਈਵੈਂਟ ਲਈ ਗਏ ਜਿੱਥੇ ਕਰੀਬ 1500 ਬੱਚੇ ਮੌਜੂਦ ਸਨ। ਉੱਥੇ ਭਾਰਤੀ ਕ੍ਰਿਕਟਰਾਂ ਤੋਂ ਸਵਾਲ ਪੁੱਛੇ ਗਏ। ਇੱਕ ਪਾਕਿਸਤਾਨੀ ਕੁੜੀ ਨੇ ਇਰਫਾਨ ਪਠਾਨ ਤੋਂ ਪੁੱਛਿਆ ਸੀ ਕਿ ਉਹ ਮੁਸਲਮਾਨ ਹੋਣ ਦੇ ਬਾਵਜੂਦ ਭਾਰਤ ਲਈ ਕਿਉਂ ਖੇਡਦਾ ਹੈ। ਇਰਫਾਨ ਪਠਾਨ ਨੇ ਇੰਟਰਵਿਊ 'ਚ ਦੱਸਿਆ, 'ਉਹ ਸਵਾਲ ਸੁਣ ਕੇ ਹੈਰਾਨ ਰਹਿ ਗਏ। ਮੈਂ ਖੜ੍ਹਾ ਹੋ ਕੇ ਕਿਹਾ ਕਿ ਮੈਂ ਭਾਰਤ ਲਈ ਖੇਡ ਕੇ ਕੋਈ ਉਪਕਾਰ ਨਹੀਂ ਕਰ ਰਿਹਾ। ਭਾਰਤ ਮੇਰਾ ਦੇਸ ਹੈ। ਮੇਰੇ ਪੁਰਖੇ ਭਾਰਤ ਤੋਂ ਹਨ। ਮੈਂ ਇਸ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਭਾਰਤ ਲਈ ਖੇਡਣਾ ਮੇਰੇ ਲਈ ਮਾਣ ਵਾਲੀ ਗੱਲ ਹੈ। ਉਸ ਘਟਨਾ ਨੇ ਮੈਨੂੰ ਬਿਹਤਰ ਕਰਨ ਲਈ ਉਤਸਾਹਿਤ ਕੀਤਾ। ਹਾਲਾਂਕਿ ਮੇਰੇ ਕਰੀਅਰ 'ਚ ਕਈ ਅਜਿਹੇ ਮੌਕੇ ਆਏ, ਜਿਨ੍ਹਾਂ ਨੇ ਮੈਨੂੰ ਆਪਣੀ ਖੇਡ 'ਤੇ ਮਾਣ ਕਰਨ ਦਾ ਮੌਕਾ ਦਿੱਤਾ। ਇਰਫਾਨ ਪਠਾਨ ਨੇ 2003 ਵਿੱਚ ਬਾਰਡਰ-ਗਾਵਸਕਰ ਟਰਾਫੀ ਨਾਲ ਅੰਤਰਰਾਸਟਰੀ ਕ੍ਰਿਕਟ ਵਿੱਚ ਆਪਣੀ ਸੁਰੂਆਤ ਕੀਤੀ ਸੀ। ਗੁਜਰਾਤ ਦੇ ਇਰਫਾਨ ਪਠਾਨ ਨੇ ਆਪਣੇ ਕਰੀਅਰ 'ਚ ਹੁਣ ਤੱਕ 29 ਟੈਸਟ ਮੈਚ, 120 ਵਨਡੇ ਅਤੇ 24 ਟੀ-20 ਮੈਚ ਖੇਡੇ ਹਨ। ਇਰਫਾਨ ਪਠਾਨ ਦੇ ਨਾਂ ਕ੍ਰਿਕਟ ਦੇ ਸਾਰੇ ਫਾਰਮੈਟਾਂ 'ਚ 301 ਵਿਕਟਾਂ ਅਤੇ 1800 ਦੌੜਾਂ ਹਨ। 2006 ਵਿੱਚ ਪਾਕਿਸਤਾਨ ਦੇ ਦੌਰੇ ਦੌਰਾਨ ਇਰਫਾਨ ਪਠਾਨ ਨੇ ਟੈਸਟ ਮੈਚ ਦੇ ਪਹਿਲੇ ਹੀ ਓਵਰ ਵਿੱਚ ਹੈਟ੍ਰਿਕ ਲੈ ਕੇ ਇਤਿਹਾਸ ਰਚ ਦਿੱਤਾ ਸੀ।



## ਟੈਕਸਟਾਈਲ ਬਰਾਮਦਕਾਰਾਂ ਵੱਲੋਂ ਗੈਸ ਸਪਲਾਈ ਰੋਕਣ ਦਾ ਵਿਰੋਧ, ਕਿਹਾ-ਖਤਰੇ 'ਚ ਪੈ ਸਕਦੈ ਉਦਯੋਗ

ਏਜੰਸੀਆਂ

ਇਸਲਾਮਾਬਾਦ 29 ਅਕਤੂਬਰ। ਪਾਕਿਸਤਾਨ ਟੈਕਸਟਾਈਲ ਐਕਸਪੋਰਟਰਜ ਐਸੋਸੀਏਸਨ () ਨੇ 1 ਜਨਵਰੀ 2025 ਤੋਂ ਕੈਪਟਿਵ ਪਾਵਰ ਪਲਾਂਟਾਂ () ਨੂੰ ਗੈਸ ਸਪਲਾਈ ਬੰਦ ਕਰਨ ਦੇ ਸਰਕਾਰ ਦੇ ਫੈਸਲੇ ਦੀ ਸਖਤ ਆਲੋਚਨਾ ਕੀਤੀ ਹੈ। ਪੀਟੀਈਏ ਦੇ ਪੈਟਰਨ-ਇਨ-ਚੀਫ ਖੁਰਸੀਦ ਮੁਖਤਾਰ ਅਤੇ ਚੇਅਰਮੈਨ ਸੋਹੇਲ ਪਾਸਾ ਨੇ ਸੁੱਕਰਵਾਰ ਨੂੰ ਇੱਕ ਸਾਂਝੇ ਬਿਆਨ ਵਿੱਚ ਚੇਤਾਵਨੀ ਦਿੱਤੀ ਕਿ ਇਹ ਕਦਮ ਪਾਕਿਸਤਾਨ ਦੇ ਟੈਕਸਟਾਈਲ ਉਦਯੋਗ ਦੀ ਸਥਿਰਤਾ ਅਤੇ ਵਿਕਾਸ ਨੂੰ ਖਤਰੇ ਵਿੱਚ ਪਾ ਸਕਦਾ ਹੈ, ਜੋ ਕਿ ਸਕਤੀ ਦੀ ਨਿਰੰਤਰਤਾ ਨੂੰ ਯਕੀਨੀ ਬਣਾਉਣ ਲਈ ਸੀਪੀਪੀਜ 'ਤੇ ਨਿਰਭਰ ਹੈ ਅਤੇ ਕਾਰਜਾਂ ਦੀ ਕੁਸਲਤਾ ਬਣਾਈ ਰੱਖੀ ਜਾਣੀ ਚਾਹੀਦੀ ਹੈ। ਪੀਟੀਈਏ ਦੇ ਅਧਿਕਾਰੀਆਂ ਨੇ ਕਿਹਾ ਕਿ ਗੈਸ-ਅਧਾਰਤ ਸੀਪੀਪੀਜ 'ਚ ਅਰਬਾਂ ਦਾ ਨਿਵੇਸ ਕੀਤਾ ਗਿਆ ਹੈ, ਜਿਸ ਵਿੱਚ ਐੱਸਐੱਨਜੀਪੀਐੱਲ ਨੈਟਵਰਕ ਦੇ 480 ਪਲਾਂਟ ਅਤੇ ਐੱਸਐੱਸਜੀਸੀ ਨੈਟਵਰਕ ਉੱਤੇ 800 ਪਲਾਂਟ ਸਾਮਲ ਹਨ। ਇਹ ਸਥਿਰ ਅਤੇ ਨਿਰੰਤਰ ਬਿਜਲੀ ਪ੍ਰਦਾਨ ਕਰਨ ਲਈ ਮਹੱਤਵਪੂਰਨ ਹਨ, ਜੋ ਕਿ ਬਹੁਤ ਜ਼ਿਆਦਾ ਸਵੈਚਾਲਿਤ ਟੈਕਸਟਾਈਲ ਮਸੀਨਰੀ 'ਚ ਮਹਿੰਗੇ ਵੋਲਟੇਜ ਦੀਆਂ ਬੂੰਦਾਂ ਅਤੇ ਉਤਰਾਅ-ਚੜ੍ਹਾਅ ਤੋਂ ਬਚਣ ਲਈ ਜਰੂਰੀ ਹੈ। ਅਧਿਕਾਰੀਆਂ ਨੇ ਸਿਰਫ ਰਾਸਟਰੀ ਗਰਿੱਡ 'ਤੇ ਨਿਰਭਰ ਰਹਿਣ ਦੀ ਚੇਤਾਵਨੀ ਦਿੱਤੀ, ਜੋ ਕਿ ਟਰਾਂਸਮਿਸਨ ਅਤੇ ਡਿਸਟ੍ਰੀਬਿਊਸਨ



ਘਾਟੇ ਨਾਲ ਗ੍ਰਸਤ ਹੈ। ਉਦਯੋਗ ਦੀ ਮੰਗ ਨੂੰ ਪੂਰਾ ਨਹੀਂ ਕਰੇਗਾ ਤੇ ਟੈਕਸਟਾਈਲ ਮੁੱਲ ਲੜੀ 'ਚ ਸੰਵੇਦਨਸੀਲ ਉਪਕਰਣਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਦੁਆਰਾ ਘਰ-ਘਰ ਬਿਜਲੀ ਉਤਪਾਦਨ ਬਿਜਲੀ ਅਤੇ ਭਾਫ ਦੇ ਇੱਕੋ ਸਮੇਂ ਉਤਪਾਦਨ ਦੀ ਆਗਿਆ ਦਿੰਦਾ ਹੈ, ਜੋ ਕਿ ਉਦਯੋਗਿਕ ਪ੍ਰਕਿਰਿਆ ਲਈ ਜਰੂਰੀ ਹੈ। ਨੂੰ ਸਰਕਾਰੀ ਪਲਾਂਟਾਂ ਨਾਲੋਂ ਵਧੇਰੇ ਕੁਸਲ ਮੰਨਿਆ ਜਾਂਦਾ ਹੈ ਅਤੇ ਗਰਿੱਡ ਤੋਂ ਸਪਲਾਈ ਕੀਤੀ ਜਾਣ ਵਾਲੀ ਬਿਜਲੀ ਬਾਰੇ ਚਿੰਤਾਵਾਂ ਹੁੰਦੀਆਂ ਹਨ, ਜਿਸ ਵਿੱਚ ਅਕਸਰ ਵਿਘਨ ਪੈਂਦਾ ਹੈ। ਉਦਯੋਗਿਕ ਵਰਤੋਂ ਲਈ ਨਾਕਾਫੀ ਹੋਵੇਗਾ। ਇਸ ਤੋਂ ਇਲਾਵਾ ਵੱਡੇ ਪੱਧਰ ਦੇ ਉਤਪਾਦਨ ਯੂਨਿਟ ਜਿਨ੍ਹਾਂ ਦੀ ਬਿਜਲੀ ਦੀ ਮੰਗ 10 ਮੈਗਾਵਾਟ ਪ੍ਰਤੀ ਘੰਟਾ ਤੋਂ ਵੱਧ ਹੈ। ਉਹਨਾਂ ਨੂੰ ਆਪਣੇ ਗਰਿੱਡ ਸਥਾਪਤ ਕਰਨ ਵਿੱਚ ਮਹੱਤਵਪੂਰਨ ਲਾਗਤਾਂ ਅਤੇ ਸਮੇਂ ਵਿੱਚ ਦੇਰੀ ਦਾ ਸਾਹਮਣਾ ਕਰਨਾ ਪਵੇਗਾ, ਜਿਸ ਨਾਲ ਉਤਪਾਦਨ ਸਮਰੱਥਾ 'ਤੇ ਹੋਰ ਦਬਾਅ ਪਵੇਗਾ। ਪੀਟੀਈਏ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਫੈਸਲਾ ਪਾਕਿਸਤਾਨ ਦੇ ਗੈਸ ਸੈਕਟਰ ਦੀ ਵਿੱਤੀ ਸਥਿਤੀ ਨੂੰ ਹੋਰ ਵਿਗਾੜ ਸਕਦਾ ਹੈ, ਜਿੱਥੇ ਸਰਕੂਲਰ ਕਰਜਾ ਪਹਿਲਾਂ ਹੀ 2,700 ਅਰਬ ਰੁਪਏ ਤੱਕ ਪਹੁੰਚ ਗਿਆ ਹੈ। ਟੈਕਸਟਾਈਲ ਸੈਕਟਰ ਆਯਾਤ ਆਰਐੱਲਐੱਨਜੀ ਦਾ ਇੱਕ ਵੱਡਾ ਖਪਤਕਾਰ ਹੈ ਅਤੇ ਉਸ ਤੋਂ ਬਾਅਦ ਪਾਵਰ ਸੈਕਟਰ ਆਉਂਦਾ ਹੈ। ਵਰਤਮਾਨ 'ਚ 100 ਬਿਲੀਅਨ ਰੁਪਏ ਤੋਂ ਵੱਧ ਦੀ ਰਕਮ ਦੇ ਦੂਜੇ ਸੈਕਟਰਾਂ ਨੂੰ ਕਰਾਸ-ਸਬਸਿਡੀ ਪ੍ਰਦਾਨ ਕਰ ਰਿਹਾ ਹੈ।

# ਮੁੜ ਗਰਮਾਉਣ ਲੱਗਾ ਢਿੱਲੋਂ ਬ੍ਰਦਰਜ ਦਾ ਮਾਮਲਾ, ਸਾਬਕਾ ਇੰਸਪੈਕਟਰ ਨਵਦੀਪ ਸਿੰਘ ਬਾਰੇ ਹੋਏ ਅਹਿਮ ਖੁਲਾਸੇ

ਏਜੰਸੀਆਂ

ਜਲੰਧਰ 29 ਅਕਤੂਬਰ। ਜਸ਼ਨਦੀਪ ਸਿੰਘ ਢਿੱਲੋਂ ਅਤੇ ਉਸ ਦੇ ਪਿਤਾ ਦਾ ਡੀ. ਐੱਨ. ਏ. ਫੇਲ੍ਹ ਹੋਣ ਤੋਂ ਬਾਅਦ ਮਾਮਲਾ ਨਵਾਂ ਰੁਖ ਲੈ ਰਿਹਾ ਹੈ। ਢਿੱਲੋਂ ਬ੍ਰਦਰਜ ਨੇ ਜਦੋਂ ਬਿਆਸ ਦਰਿਆ ਵਿਚ ਛਾਲ ਮਾਰੀ ਤਾਂ ਉਸ ਦੇ 48 ਘੰਟਿਆਂ ਬਾਅਦ ਮਾਨਵਜੀਤ ਢਿੱਲੋਂ ਦਾ ਮੋਬਾਇਲ ਆਨ ਹੋਇਆ ਸੀ ਅਤੇ ਲੋਕੇਸ਼ਨ ਤਰਨਤਾਰਨ ਦੀ ਨਿਕਲੀ ਸੀ। ਉਥੇ ਹੀ, ਹੁਣ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਸ਼ਿਕਾਇਤਕਰਤਾ ਧਿਰ ਨੇ ਮਾਣਯੋਗ ਸੁਪਰੀਮ ਕੋਰਟ ਵਿਚ ਪਟੀਸ਼ਨ ਲਾ ਕੇ ਨਵਦੀਪ ਸਿੰਘ 'ਤੇ ਦੋਸ਼ ਲਾਏ ਸਨ ਕਿ ਉਸ ਨੇ ਜਸ਼ਨਦੀਪ ਨਾਲ ਵੀ ਕੁੱਟਮਾਰ ਕੀਤੀ ਸੀ ਪਰ ਨਵਦੀਪ ਸਿੰਘ ਦਾ ਮੋਬਾਇਲ ਰਿਕਾਰਡ ਕੱਢਿਆ ਤਾਂ ਪਤਾ ਲੱਗਾ ਕਿ ਦੋਵੇਂ ਕਦੀ ਵੀ ਇਕ-ਦੂਜੇ ਨੂੰ ਮਿਲੇ ਹੀ ਨਹੀਂ ਸਨ। ਉਨ੍ਹਾਂ ਦੇ ਮੋਬਾਇਲ ਦੀ ਲੋਕੇਸ਼ਨ ਦੇ ਟਾਵਰ ਕਦੀ ਵੀ ਇਕ ਨਿਕਲੇ ਹੀ ਨਹੀਂ। ਇਸ ਤੋਂ ਇਲਾਵਾ ਕਮਿਸ਼ਨਰੇਟ ਪੁਲਸ ਨੇ ਐੱਸ. ਆਈ. ਟੀ. ਅਤੇ ਸੁਲਤਾਨਪੁਰ ਕੋਰਟ ਵਿਚ ਆਪਣਾ ਪੱਖ ਰੱਖ ਕੇ ਕਿਹਾ ਕਿ ਨਵਦੀਪ ਸਿੰਘ ਨੇ ਕਾਨੂੰਨ ਦੇ ਅਨੁਸਾਰ ਮਾਨਵ 'ਤੇ ਕਾਰਵਾਈ ਕੀਤੀ ਸੀ, ਜਦੋਂ ਕਿ ਉਸ ਦੇ 2 ਵਾਰ ਹੋਏ ਮੈਡੀਕਲ ਵਿਚ ਵੀ ਕੁੱਟਮਾਰ ਹੋਣ ਦੇ ਸਬੂਤ ਨਹੀਂ ਮਿਲੇ। ਹੁਣ ਸਵਾਲ ਇਹ ਬਣਦਾ ਹੈ ਕਿ ਜਿਹੜੇ ਲੋਕਾਂ ਨੂੰ ਨਵਦੀਪ ਸਿੰਘ ਜਾਣਦੇ ਹੀ ਨਹੀਂ ਸਨ ਅਤੇ ਇਕ ਐੱਸ. ਐੱਚ. ਓ. ਦੀ ਪਾਵਰ ਵਰਤਦੇ ਹੋਏ ਥਾਣੇ ਵਿਚ ਮੁਲਾਜਮਾਂ ਨਾਲ ਬਦਸਲੂਕੀ ਕਰਨ 'ਤੇ ਐਕਸ਼ਨ ਲੈਣ ਦੀ ਰਿਪੋਰਟ ਵੀ ਦਾਇਰ ਕਰ ਦਿੱਤੀ ਗਈ ਅਤੇ ਫਿਰ ਖੁਦਕੁਸ਼ੀ ਲਈ ਮਜਬੂਰ ਕਿਵੇਂ ਕੀਤਾ ਜਾ ਸਕਦਾ ਹੈ, ਹਾਲਾਂਕਿ ਕਾਨੂੰਨ ਦੇ ਮੁਤਾਬਕ ਆਈ. ਪੀ. ਸੀ. ਦੀ ਧਾਰਾ 306 ਤਹਿਤ ਉਦੋਂ ਕੋਈ ਕਾਰਵਾਈ ਹੋ ਸਕਦੀ ਹੈ, ਜਦੋਂ ਮੁਲਜਮ ਅਤੇ ਪੀੜਤ ਇਕ-ਦੂਜੇ ਨੂੰ ਚੰਗੀ ਤਰ੍ਹਾਂ ਨਾਲ ਜਾਣਦੇ ਹੋਣ। ਪੀੜਤ ਦੀ ਕੋਈ ਵੀਡੀਓ, ਸੁਸਾਈਡ ਨੋਟ ਜਾਂ ਫਿਰ ਪੀੜਤ ਦੀ ਮੌਤ ਤੋਂ ਪਹਿਲਾਂ ਦਿੱਤੇ ਬਿਆਨਾਂ 'ਤੇ ਧਾਰਾ 306 ਸਟੈਂਡ ਕਰ ਸਕਦੀ ਹੈ, ਹਾਲਾਂਕਿ ਸ਼ਿਕਾਇਤਕਰਤਾ ਮਾਨਵਦੀਪ ਉੱਪਲ ਨੇ ਹੁਣ ਇਹ ਗੱਲ ਵੀ 'ਜਗ ਬਾਣੀ' ਨੂੰ ਦੱਸੀ ਕਿ ਜਦੋਂ ਬਿਆਸ ਦਰਿਆ 'ਤੇ ਜਦੋਂ ਮਾਨਵ ਢਿੱਲੋਂ ਅਤੇ ਉਹ ਖੁਦ ਗਏ ਤਾਂ ਪਹਿਲਾਂ ਤੋਂ ਹੀ ਪੁਲ 'ਤੇ ਮੌਜੂਦ ਜਸ਼ਨਪ੍ਰੀਤ ਨਾਲ ਇਕੱਲਾ ਮਾਨਵ ਢਿੱਲੋਂ ਹੀ ਗਿਆ ਸੀ ਅਤੇ ਉਸਨੂੰ ਦੂਰ ਰੱਖਿਆ ਸੀ। ਇਸ ਦੌਰਾਨ ਦੋਵੇਂ ਭਰਾ ਇਕ-ਦੂਜੇ ਨਾਲ ਲੱਗਭਗ ਪੌਣਾ ਘੰਟਾ ਗੱਲਾਂ ਕਰਦੇ ਰਹੇ ਅਤੇ ਬਾਅਦ ਵਿਚ ਦਰਿਆ ਵਿਚ ਛਾਲ ਮਾਰ ਦਿੱਤੀ। ਇਹ ਗੱਲ ਵੀ ਹੁਣ ਸਾਹਮਣੇ ਆਈ ਹੈ ਕਿ ਜਿਸ ਸਮੇਂ ਥਾਣਾ ਨੰਬਰ 1 ਵਿਚ ਮਾਨਵ ਢਿੱਲੋਂ ਨੇ ਬਦਸਲੂਕੀ ਕੀਤੀ ਸੀ ਤਾਂ



ਮੌਕੇ 'ਤੇ ਮੌਜੂਦ 8 ਚਸ਼ਮਦੀਦ ਗਵਾਹਾਂ ਨੇ ਐੱਸ. ਆਈ. ਟੀ. ਸਾਹਮਣੇ ਬਿਆਨ ਦਿੱਤੇ ਹਨ ਕਿ ਮਾਨਵ ਢਿੱਲੋਂ ਦੀ ਗਲਤੀ ਕਾਰਨ ਹੀ ਪੁਲਸ ਨੇ ਉਸ ਖ਼ਿਲਾਫ 107/51 ਦੀ ਕਾਰਵਾਈ ਕੀਤੀ ਸੀ। ਉਥੇ ਹੀ, ਕਪੂਰਥਲਾ ਪੁਲਸ ਇਸ ਮਾਮਲੇ 'ਚ ਕੋਈ ਵੀ ਫੈਸਲਾ ਨਹੀਂ ਲੈ ਪਾ ਰਹੀ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਸ ਮਾਮਲੇ 'ਚ ਕਪੂਰਥਲਾ ਪੁਲਸ ਨੇ ਸਿਰਫ ਕੇਸ ਦਰਜ ਹੋਣ ਤੋਂ ਇਲਾਵਾ ਕੋਈ ਵੀ ਸਟੇਟਮੈਂਟ ਨਹੀਂ ਦਿੱਤੀ, ਜਿਸ ਤੋਂ ਸਾਫ ਹੈ ਕਿ ਕਿਤੇ ਨਾ ਕਿਤੇ ਕਪੂਰਥਲਾ ਪੁਲਸ ਨੇ ਉਸ ਲਾਸ਼ ਦੇ ਮਿਲਣ ਤੋਂ ਬਾਅਦ ਕੇਸ ਦਰਜ ਕਰ ਲਿਆ, ਜਿਸ ਨੂੰ ਲੈ ਕੇ ਅਜੇ ਸਪੱਸ਼ਟ ਹੀ ਨਹੀਂ ਹੋ ਸਕਿਆ ਕਿ ਉਹ ਲਾਸ਼ ਜਸ਼ਨਪ੍ਰੀਤ ਦੀ ਹੀ ਸੀ ਜਾਂ ਫਿਰ ਕਿਸੇ ਹੋਰ ਦੀ। ਦੂਜੇ ਪਾਸੇ ਇਸ ਸਬੰਧੀ ਢਿੱਲੋਂ ਬ੍ਰਦਰਜ ਦੇ ਪਿਤਾ ਜਤਿੰਦਰਪਾਲ ਢਿੱਲੋਂ ਦਾ ਕਹਿਣਾ ਹੈ ਕਿ ਮਾਨਵਦੀਪ ਬਿਨਾਂ ਉਸ ਦੀ ਮਨਜ਼ੂਰੀ ਤੋਂ ਜਾਂਚ ਦੇ ਦਸਤਾਵੇਜ ਜਨਤਕ ਕਰ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਲਾਸ਼ ਜਸ਼ਨ ਦੀ ਹੀ ਸੀ ਕਿਉਂਕਿ ਉਸਦੇ ਬੂਟ ਅਤੇ ਪੈਂਟ ਉਹੀ ਸਨ, ਜੋ ਉਹ 17 ਅਗਸਤ 2023 ਨੂੰ ਘਰੋਂ ਪਹਿਨ ਕੇ ਨਿਕਲਿਆ ਸੀ। ਇਸ ਤੋਂ ਇਲਾਵਾ ਉਸਦੀ ਜੇਬ ਵਿਚੋਂ ਜਲੰਧਰ ਵਾਲੇ ਕਮਰੇ ਦੀ ਚਾਬੀ ਵੀ ਮਿਲੀ ਹੈ, ਹਾਲਾਂਕਿ ਇਹ ਕਲੀਅਰ ਨਹੀਂ ਹੋ ਸਕਿਆ ਕਿ ਉਕਤ ਚਾਬੀ ਨਾਲ ਕਪੂਰਥਲਾ ਪੁਲਸ ਨੇ ਉਕਤ ਕਮਰੇ ਦੇ ਤਾਲੇ ਨੂੰ ਲਾ ਕੇ ਚੈੱਕ ਕੀਤਾ ਸੀ ਜਾਂ ਫਿਰ ਨਹੀਂ।

### ਉਸਨਾ ਤੇ ਬ੍ਰਾਊਨ ਰਾਈਸ ਦੀ ਨਿਰਯਾਤ ਡਿਊਟੀ 'ਤੇ ਸਰਕਾਰ ਨੇ ਦਿੱਤੀ ਛੋਟ

ਨਵੀਂ ਦਿੱਲੀ 29 ਅਕਤੂਬਰ। ਸਰਕਾਰ ਨੇ ਉਸਨਾ ਰਾਈਸ ਅਤੇ ਬ੍ਰਾਊਨ ਰਾਈਸ ਨੂੰ ਐਕਸਪੋਰਟ ਡਿਊਟੀ ਤੋਂ ਛੋਟ ਦੇ ਦਿੱਤੀ ਹੈ। ਵਿੱਤ ਮੰਤਰਾਲੇ ਵੱਲੋਂ ਮੰਗਲਵਾਰ ਦੇਰ ਰਾਤ ਜਾਰੀ ਕੀਤੇ ਗਏ ਨੋਟੀਫਿਕੇਸਨ ਅਨੁਸਾਰ ਉਸਨਾ ਚੌਲ, ਭੂਰੇ ਚੌਲ ਅਤੇ ਝੋਨੇ 'ਤੇ ਨਿਰਯਾਤ ਡਿਊਟੀ 10 ਫੀਸਦੀ ਤੋਂ ਘਟਾ ਕੇ "ਜ਼ੀਰੋ" ਕਰ ਦਿੱਤੀ ਗਈ ਹੈ। ਇਹ ਛੋਟ 22 ਅਕਤੂਬਰ ਤੋਂ ਲਾਗੂ ਹੋ ਗਈ ਹੈ। ਸੂਤਰਾਂ ਨੇ ਦੱਸਿਆ ਕਿ ਇਸ ਫੀਸ ਕਟੌਤੀ ਨੂੰ ਚੋਣ ਕਮਿਸਨ ਵੱਲੋਂ ਮਨਜੂਰੀ ਦਿੱਤੀ ਗਈ ਹੈ, ਬਸਰਤੇ ਇਸ ਦਾ ਕੋਈ ਸਿਆਸੀ ਲਾਭ ਨਾ ਲਿਆ ਜਾਵੇ। ਅਗਲੇ ਮਹੀਨੇ ਝਾਰਖੰਡ ਅਤੇ ਮਹਾਰਾਸਟਰ ਵਿੱਚ ਚੋਣਾਂ ਹੋਣ ਜਾ ਰਹੀਆਂ ਹਨ। ਪਿਛਲੇ ਮਹੀਨੇ ਸਰਕਾਰ ਨੇ ਗੈਰ-ਬਾਸਮਤੀ ਸਫੇਦ ਚੌਲਾਂ ਨੂੰ ਬਰਾਮਦ ਡਿਊਟੀ ਤੋਂ ਛੋਟ ਦਿੱਤੀ ਸੀ। ਇਸ ਤੋਂ ਇਲਾਵਾ ਉਸਨਾ ਚੌਲਾਂ, ਭੂਰੇ ਚੌਲਾਂ ਅਤੇ ਝੋਨੇ 'ਤੇ ਵੀ ਬਰਾਮਦ ਡਿਊਟੀ 20 ਫੀਸਦੀ ਤੋਂ ਘਟਾ ਕੇ 10 ਫੀਸਦੀ ਕਰ ਦਿੱਤੀ ਗਈ ਹੈ। ਨਿਰਯਾਤ ਨੂੰ ਉਤਸਾਹਿਤ ਕਰਨ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਬਾਸਮਤੀ ਚੌਲਾਂ ਦਾ ਘੱਟੋ-ਘੱਟ ਨਿਰਯਾਤ ਮੁੱਲ ਵੀ ਖਤਮ ਕਰ ਦਿੱਤਾ ਗਿਆ ਹੈ।